# ਪਵਿੱਤਰ ਆਤਮਾ



ਲੇਖਕ- ਜੇ. ਸੀ. ਚੋਟ

ਅਨੁਵਾਦਕ- ਅਰਨਸਟ ਗਿੱਲ

# THE HOLY SPIRIT

## By J. C. Choate

**Punjabi Translation by**
**Earnest Gill**

# ਪਵਿੱਤਰ ਆਤਮਾ

## ਲੇਖਕ: ਜੇ. ਸੀ. ਚੋਟ

**ਅਨੁਵਾਦਕ: ਅਰਨਸਟ ਗਿੱਲ**

**"Scripture quotations are from the Holy Bible, BSI-Punjabi OV Published by: The Bible Society of India. Used by Permission. All reights reserved."**

**Published by:**

Earnest Gill
(Director)
The North India Bible College, Chandigarh
A Work of the Churches of Christ

**Email: basicbiblecourse@gmail.com**

# ਜਾਣ ਪਛਾਣ

''ਪਵਿੱਤਰ ਆਤਮਾ'' ਭਾਵ ਪਰਮੇਸ਼ੁਰ ਦਾ ਆਤਮਾ। ਜੇਕਰ ਕੋਈ ਇਹ ਆਖੇ ਕਿ ਉਹ ਪਵਿੱਤਰ ਆਤਮਾ ਨੂੰ ਜਾਣਦਾ ਹੈ ਅਤੇ ਇਹ ਗਿਆਨ ਬਾਈਬਲ ਤੋਂ ਬਾਹਰਾ ਹੈ ਤਾਂ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿੰਨਾਂ ਕੁ ਉਹ ਖ਼ੁਦਾ ਨੂੰ ਜਾਣਦਾ ਹੈ ਓਨਾਂ ਕੁ ਹੀ ਉਹ ਪਵਿੱਤਰ ਆਤਮਾ ਨੂੰ ਜਾਣ ਸਕਦਾ ਹੈ।

ਪਵਿੱਤਰ ਆਤਮਾ ਬਾਰੇ ਅਸੀਂ ਆਪਣੇ ਆਪ ਤੋਂ ਕੁਝ ਨਹੀਂ ਜਾਣ ਸਕਦੇ, ਅਸੀਂ ਓਨਾਂ ਹੀ ਜਾਣ ਸਕਦੇ ਹਾਂ ਜਿੰਨਾਂ ਉਹ ਆਪਣੇ ਆਪ ਨੂੰ ਪਰਗਟ ਕਰੇ। ਜਿਵੇਂ ਬਿਵਸਥਾਸਾਰ 29:29 ਵਿਚ ਕਿਹਾ ਗਿਆ ਹੈ, ''ਗੁਪਤ ਗੱਲਾਂ ਤਾਂ ਯਹੋਵਾਹ ਸਾਡੇ ਪਰਮੇਸ਼ੁਰ ਦੀਆਂ ਹਨ, ਪਰ ਜਿਹੜੀਆਂ ਪਰਗਟ ਹਨ ਉਹ ਸਦਾ ਤੀਕ ਸਾਡੇ ਲਈ ਅਤੇ ਸਾਡੇ ਪੁੱਤਰਾਂ ਲਈ ਹਨ ...।'' ਇਹ ਇਸ ਗੱਲ ਨੂੰ ਮੰਨਣ ਲਈ ਕਾਫ਼ੀ ਹੈ ਕਿ ਖ਼ੁਦਾ ਨੇ ਸਭ ਕੁਝ ਤਾਂ ਨਹੀਂ ਪਰ ਜਿਹੜੀਆਂ ਗੱਲਾਂ ਸਾਡੀ ਮੁਕਤੀ ਨਾਲ ਲੋੜੀਦੀਆਂ ਸਨ, ਉਨ੍ਹਾਂ ਨੂੰ ਪਰਗਟ ਕਰ ਦਿੱਤਾ ਹੈ। ਅਤੇ ਸਾਨੂੰ ਚਾਹੀਦਾ ਹੈ ਉਨ੍ਹਾਂ ਗੱਲਾਂ ਨਾਲ ਸੰਤੁਸ਼ਟ ਹੋ ਕੇ ਵਫ਼ਾਦਾਰ ਰਹੀਏ (ਪ੍ਰਕਾਸ਼ ਦੀ ਪੋਥੀ 22:18)।

ਪੁਰਾਣੇ ਅਤੇ ਨਵੇਂ ਦੋਵੇਂ ਨੇਮਾਂ ਦੇ ਸਬੰਧ ਵਿਚ ਬਾਈਬਲ ਕਹਿੰਦੀ ਹੈ ਕਿ ''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:16, 17)।

ਖ਼ੁਦਾ ਨੇ ਸਾਨੂੰ ਆਪਣਾ ਵਚਨ ਦੇ ਦਿੱਤਾ ਹੈ ਕਿ ਅਸੀਂ ਉਨ੍ਹਾਂ ਗੱਲਾਂ ਬਾਰੇ ਜਾਣ ਸਕੀਏ ਜਿਹੜੀਆਂ ਉਹ ਸਾਨੂੰ ਦੱਸਣਾ ਚਾਹੁੰਦਾ ਹੈ। ਉਸ ਨੇ ਸਾਨੂੰ ਆਪਣੀ ਕਿਤਾਬ ਬਾਈਬਲ ਵਿਚ ਆਪਣੇ ਆਤਮਾ ਦੇ ਬਾਰੇ ਵੀ ਦੱਸਿਆ ਹੈ (1 ਕੁਰਿੰਥੀਆਂ 2:11)। ਖ਼ੁਦਾ ਦੀ ਇੱਛਾ ਨੂੰ ਪਹਿਲੀ ਸਦੀ ਵਿਚ ਇਲਹਾਮ ਪਾਏ ਰਸੂਲਾਂ ਨੂੰ ਦਿੱਤੇ ਵਚਨ ਵਿਚ, ਉਨ੍ਹਾਂ ਵੱਲੋਂ ਲਿਖ ਕੇ ਸਾਡੇ ਤਕ ਪਹੁੰਚਾਇਆ ਗਿਆ ਹੈ।

ਬ੍ਰਦਰ ਜੇ. ਸੀ. ਚੋਟ ਦੇ ਰੇਡੀਓ ਸਰਮਨ ਭਾਵੇਂ ਪਹਿਲਾਂ ਵੀ ਹੋਰ ਭਾਸ਼ਾਵਾਂ ਵਿਚ ਛੱਪ ਚੁੱਕੇ ਹਨ ਪਰ ਸੰਪਾਦਿਤ ਰੂਪ ਦੇ ਪੰਜਾਬੀ ਅਨੁਵਾਦ ਨੂੰ ਪੁਸਤਕ ਰੂਪ ਵਿਚ ਤੁਹਾਡੇ ਤਕ ਪਹੁੰਚਾਉਂਦੇ ਹੋਏ ਮੈਨੂੰ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਸਾਡੀ ਉਮੀਦ ਹੈ ਅਤੇ ਦੁਆ ਹੈ ਕਿ ਬਹੁਤ ਸਾਰੇ ਲੋਕ ਪਵਿੱਤਰ ਆਤਮਾ ਬਾਰੇ ਬਾਈਬਲ ਦੀ ਸਿੱਖਿਆ ਤੋਂ ਜਾਣੂ ਹੋ ਕੇ ਬਰਕਤ ਪਾਉਣਗੇ।

ਮਸੀਹ ਵਿਚ ਤੁਹਾਡਾ

ਅਰਨਸਟ ਗਿੱਲ

# ਲੇਖਕ ਦੀ ਤਰਫ਼ੋਂ

ਕੋਲੰਬੋ, ਸ੍ਰੀ ਲੰਕਾ ਵਿਚ ਸਾਡੇ ਰੇਡੀਓ ਪ੍ਰਸਾਰਣਾਂ ਲਈ ਤਿਆਰ ਕੀਤੇ ਗਏ ਸੰਦੇਸ਼ਾਂ ਦੀ ਲੜੀ ਦਾ ਇਹ ਪੁਸਤਕ ਰੂਪ ਹੈ। ਇਨ੍ਹਾਂ ਸਰਮਨਾਂ ਦਾ ਵਿਸ਼ਾ **ਪਵਿੱਤਰ ਆਤਮਾ ਦਾ ਕੰਮ** ਹੈ। ਇਸ ਨਾਲੋਂ ਵਧਕੇ ਉਲਝਣ ਵਾਲਾ ਸ਼ਾਇਦ ਹੋਰ ਕੋਈ ਵਿਸ਼ਾ ਨਹੀਂ ਹੈ। ਇਸੇ ਕਰਕੇ ਇਸ ਨੂੰ ਪੇਸ਼ ਕਰਨਾ ਬੇਹੱਦ ਲਾਜ਼ਮੀ ਹੈ।

ਇਸ ਪੁਸਤਕ ਵਿਚ ਮੈਂ ਇਸ ਵਿਸ਼ੇ ਨਾਲ ਸਬੰਧਿਤ ਵੱਖੋ-ਵੱਖ ਗੱਲਾਂ ਅਤੇ ਇਸ ਨਾਲ ਜੁੜੇ ਸਵਾਲਾਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੱਥੋਂ ਤਕ ਹੋ ਸਕਿਆ, ਮੈਂ ਵਿਦਿਆਰਥੀ ਨੂੰ ਪਵਿੱਤਰ ਆਤਮਾ ਦੇ ਵੱਖੋ-ਵੱਖ ਮਾਪਾਂ ਨੂੰ ਯਾਦ ਦੁਆਉਂਦਿਆਂ ਅਤੇ ਸ਼ੁਰੂ ਤੋਂ ਇਸ ਦੇ ਕੰਮ ਬਾਰੇ ਦੱਸਦਿਆਂ ਇਸ ਨੂੰ ਅਸਾਨ ਬਨਾਉਣ ਦੀ ਕੋਸ਼ਿਸ਼ ਕੀਤੀ ਹੈ। ਬੇਸ਼ੱਕ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਪਵਿੱਤਰ ਆਤਮਾ ਸਾਡੇ ਲਈ ਕਿਵੇਂ ਕੰਮ ਕਰਦਾ ਹੈ। ਜੇ ਆਮ ਲੋਕ ਇਹ ਸਮਝ ਜਾਣ ਕਿ ਬਾਈਬਲ ਇਸ ਬਾਰੇ ਕੀ ਦੱਸਦੀ ਹੈ ਤਾਂ ਸਾਡੇ ਸਮੇਂ ਦੀਆਂ ਬਹੁਤ ਸਾਰੀਆਂ ਧਾਰਮਿਕ ਮੁਸ਼ਕਿਲਾਂ ਆਪਣੇ ਆਪ ਹੱਲ ਹੋ ਜਾਣ।

ਆਤਮਾ ਨੇ ਬਾਈਬਲ ਦੇ ਸਫ਼ਿਆਂ ਦੇ ਜ਼ਰੀਏ ਗੱਲ ਕੀਤੀ ਹੈ। ਉਸ ਦਾ ਵਚਨ ਖ਼ਾਸਕਰ ਨਵਾਂ ਨੇਮ ਸਾਡੇ ਲਈ ਖ਼ੁਦਾ ਦਾ ਸੰਪੂਰਣ (ਮੁਕੰਮਲ) ਅਤੇ ਆਖ਼ਰੀ ਮੁਕਾਸ਼ਫ਼ਾ ਹੈ। ਜੋ ਕੁਝ ਉਹ ਕਹਿਣਾ ਚਾਹੁੰਦਾ ਸੀ ਉਹ ਉਸ ਨੇ ਕਹਿ ਦਿੱਤਾ ਹੈ ਅਤੇ ਜੇ ਅਸੀਂ ਬਾਈਬਲ ਨੂੰ ਪੜ੍ਹਦੇ ਅਤੇ ਇਸ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਉਸ ਦੀ ਸੰਪੂਰਣ ਸਿੱਖਿਆ ਨੂੰ ਸਮਝ ਸਕਦੇ ਹਾਂ। ਇਹਦਾ ਮਤਲਬ ਇਹ ਹੋਇਆ ਕਿ ਅਸੀਂ ਸਮਝ ਸਕਦੇ ਹਾਂ ਕਿ ਆਤਮਾ ਅੱਜ ਕੀ ਕਰਦਾ ਹੈ ਅਤੇ ਸਾਡੀਆਂ ਜ਼ਿੰਦਗੀਆਂ ਵਿਚ ਉਸ ਦਾ ਯੋਗਦਾਨ ਕੀ ਹੈ।

ਮਿਹਰਬਾਨੀ ਕਰਕੇ ਆਪਣਾ ਦਿਮਾਗ ਖੋਲ੍ਹ ਕੇ ਸਚਿਆਈ ਨੂੰ ਮੰਨਣ ਲਈ ਤਿਆਰ ਰਹੋ, ਉਹ ਭਾਵੇਂ ਉਸ ਨਾਲ ਜਿਸ ਨੂੰ ਤੁਸੀਂ ਹੁਣ ਤਕ ਮੰਨ ਰਹੇ ਸਾਓ, ਮੇਲ ਖਾਂਦੀ ਹੋਵੇ ਜਾਂ ਨਾ। ਜੇ ਤੁਸੀਂ ਆਪਣੇ ਮਨ ਨੂੰ ਖੋਲ੍ਹ ਦਿਓ ਤਾਂ ਮੇਰਾ ਮੰਨਣਾ ਹੈ ਕਿ ਇਸ ਅਧਿਐਨ ਨਾਲ ਤੁਹਾਨੂੰ ਬਹੁਤ, ਬਹੁਤ ਫ਼ਾਇਦਾ ਹੋਵੇਗਾ। ਇਸ ਨੂੰ ਪੁਸਤਕ ਰੂਪ ਵਿਚ ਲਿਖਣ ਦਾ ਇਹੀ ਮਕਸਦ ਸੀ।

ਜੇ. ਸੀ. ਚੋਟ

# ਵਾਧੂ ਜਾਣ ਪਛਾਣ

ਜੇ. ਸੀ. ਚੋਟ ਵੱਲੋਂ ਦਿੱਤੇ ਗਏ ਸਰਮਨਾਂ ਨੂੰ ਪੁਸਤਕ ਰੂਪ ਦਿੱਤਾ ਗਿਆ ਹੈ। ਮੂਲ ਵਿਚ ਇਹ ਪੰਦਰਾਂ-ਪੰਦਰਾਂ ਮਿੰਟਾਂ ਦੇ ਛੱਬੀ ਪਾਠ ਸਨ।

ਪਵਿੱਤਰ ਆਤਮਾ ਦੇ ਪੂਰੇ ਵਿਸ਼ੇ ਤੇ ਦੁਨੀਆਂ ਭਰ ਵਿਚ ਗਲਤ ਸਿੱਖਿਆ ਨੂੰ ਮੰਨ ਰਹੇ ਲੋਕਾਂ ਦੀ ਵੱਧਦੀ ਗਿਣਤੀ ਕਰਕੇ ਮੈਨੂੰ ਲੱਗਿਆ ਕਿ ਸੰਪਾਦਿਤ ਪੁਸਤਕ ਦੇ ਰੂਪ ਵਿਚ ਲਿਖ ਕੇ ਅੱਜ ਵੀ ਜੇ. ਸੀ. ਦੀ ਅਵਾਜ਼ ਨੂੰ ਪਹੁੰਚਾਇਆ ਜਾਣਾ ਜ਼ਰੂਰੀ ਹੈ। ਬੇਸ਼ੱਕ ਰੇਡੀਓ ਸਰਮਨਾਂ ਦੇ ਜਾਣ ਪਛਾਣ ਅਤੇ ਅੰਤ ਵਾਲੇ ਅਤੇ ਦੁਹਰਾਅ ਵਾਲੇ ਭਾਗਾਂ ਨੂੰ ਕੱਢਣਾ ਜ਼ਰੂਰੀ ਸੀ ਜਿਨ੍ਹਾਂ ਨੂੰ ਰੇਡੀਓ ਸਰਮਨਾਂ ਵਿਚ ਇਕ ਲੜੀ ਨੂੰ ਅਗਲੀ ਲੜੀ ਨਾਲ ਜੋੜਨ ਅਤੇ ਹੋਰ ਪ੍ਰਭਾਵਸ਼ਾਲੀ ਬਨਾਉਣ ਲਈ ਜੋੜਿਆ ਗਿਆ ਸੀ।

ਹੁਣ ਇਨ੍ਹਾਂ ਪਾਠਾਂ ਨੂੰ ਬਾਈਬਲ ਕਲਾਸ ਵਿਚ ਵਰਤੇ ਜਾਣ ਲਈ ਤਿਆਰ ਕੀਤਾ ਹੈ ਜਿਸ ਵਿਚ ਹਰ ਪਾਠ ਦੇ ਬਾਅਦ ਸਵਾਲ ਵੀ ਜੋੜੇ ਗਏ ਹਨ। ਪ੍ਰਭੂ ਦੀ ਕਲੀਸੀਆ ਦੇ ਲੋਕਾਂ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਵਚਨ ਪਵਿੱਤਰ ਆਤਮਾ ਅਤੇ ਉਸ ਦੇ ਅੱਜ ਸਾਡੀਆਂ ਜ਼ਿੰਦਗੀਆਂ ਵਿਚ ਕੰਮ ਕਰਨ ਦੇ ਨਾਲ-ਨਾਲ, ਅਤੀਤ ਵਿਚ ਇਸ ਵਿਸ਼ੇ ਬਾਰੇ ਕੀ ਆਖਦਾ ਹੈ।

ਇਸ ਤੋਂ ਛੁੱਟ ਦੁਨੀਆਂ ਦੇ ਇਤਿਹਾਸ ਵਿਚ ਅਤੇ ਅੱਜ ਤਕ ਬਹੁਤ ਸਾਰੇ ਮਸੀਹੀ ਲੋਕਾਂ ਨੂੰ ਇਸ ਗੱਲ ਤੇ ਕਿ ਖ਼ੁਦਾ ਉਨ੍ਹਾਂ ਲਈ ਕਿਵੇਂ ਕੰਮ ਕਰਦਾ ਹੈ, ਬਾਈਬਲ ਦਾ ਗਿਆਨ ਨਾ ਹੋਣ ਕਰਕੇ ਮੈਂ ਤੇਰ੍ਹਵੇਂ ਅਧਿਆਇ ਵਿਚ ਕੁਝ ਹਵਾਲੇ ਜੋੜ ਦਿੱਤੇ ਹਨ। ਇਹ ਕਹਾਣੀਆਂ ਬਾਈਬਲ ਦੇ ਸਮੇਂ ਵਿਚ ਅਤੇ ਅੱਜ ਦੇ ਹਾਲਾਤ ਵਿਚ ਖ਼ੁਦਾ ਦੇ ਇੰਤਜ਼ਾਮ ਦੀਆਂ ਬੇਮਿਸਾਲ ਉਦਾਹਰਣਾਂ ਹਨ।

ਸਾਡੀ ਦੁਆ ਹੈ ਕਿ ਖ਼ੁਦਾ ਉਨ੍ਹਾਂ ਨੂੰ ਜਿਹੜੇ ਇਨ੍ਹਾਂ ਪਾਠਾਂ ਦਾ ਅਧਿਐਨ ਕਰਦੇ ਹਨ ਬਰਕਤ ਦਵੇ ਤਾਂ ਜੋ ਅਸੀਂ ਗੁਆਚੇ ਹੋਏ ਸੰਸਾਰ ਵਿਚ ਉਸ ਦੀ ਖੁਸ਼ਖ਼ਬਰੀ ਨੂੰ ਪਹੁੰਚਾ ਸਕੀਏ।

ਬੈਟੀ ਬਰਟਨ ਚੋਟ

# ਪਾਠਾਂ ਦੀ ਸੂਚੀ


| | |
|---|---|
| 01. ਪਵਿੱਤਰ ਆਤਮਾ ਬਾਰੇ ਜਾਣ ਪਛਾਣ | 01 |
| 02. ਉਹ ਤੁਹਾਨੂੰ ਪਵਿੱਤਰ ਆਤਮਾ ਅਤੇ | |
| ਅੱਗ ਨਾਲ ਬਪਤਿਸਮਾ ਦੇਵੇਗਾ | 11 |
| 03. ਪਵਿੱਤਰ ਆਤਮਾ ਦੇ ਮਾਪ | 22 |
| 04. ਸ਼ਮਊਨ ਜਾਦੂਗਰ ਨੂੰ ਪਵਿੱਤਰ ਆਤਮਾ ਦੀ | |
| ਸ਼ਕਤੀ ਦੇਣ ਤੋਂ ਇਨਕਾਰ ਕਿਉਂ ਕੀਤਾ ਗਿਆ? | 34 |
| 05. ਪਵਿੱਤਰ ਆਤਮਾ ਦਾ ਦਾਨ | 41 |
| 06. ਆਤਮਿਕ ਦਾਤਾਂ | 51 |
| 07. ਮੋਅਜਜ਼ਿਆਂ ਦੇ ਨਿਸ਼ਾਨ ਪਹਿਲੀ ਸਦੀ ਜਾਂ ਅੱਜ? | 58 |
| 08. ਅੱਜ ਖ਼ੁਦਾ ਮਨੁੱਖ ਨਾਲ ਕਿਵੇਂ ਗੱਲ ਕਰਦਾ ਹੈ? | 71 |
| 09. ਮਨਬਦਲੀ ਵਿਚ ਪਵਿੱਤਰ ਆਤਮਾ | 81 |
| 10. ‘‘ਨਿਹਚਾ ਕਰਨ ਵਾਲਿਆਂ ਦੇ ਨਾਲ | |
| ਇਹ ਨਿਸ਼ਾਨ ਹੋਣਗੇ? | 88 |
| 11. ਆਤਮਾ ਦੀ ਏਕਤਾ | 99 |
| 12. ਪਵਿੱਤਰ ਆਤਮਾ ਦੇ ਵਿਰੁੱਧ ਪਾਪ | 108 |
| 13. ‘‘ਪਰ ਜਦ ਸੰਪੂਰਣ ਆਵੇ’’ | 119 |
| ‘‘ਜ਼ਿੰਦਗੀ ਭਰ ਦੀ ਗਾਰੰਟੀ’’ | 137 |

## ਪਾਠ 1

# ਪਵਿੱਤਰ ਆਤਮਾ ਬਾਰੇ ਜਾਣ ਪਛਾਣ



ਇਸ ਪਾਠ ਵਿਚ ਅਸੀਂ ਸਿਰਫ਼ ਪਵਿੱਤਰ ਆਤਮਾ ਬਾਰੇ ਜਾਣ-ਪਛਾਣ ਹੀ ਦੇਣਾ ਚਾਹੁੰਦੇ ਹਾਂ। ਹੋਰ ਬਹੁਤ ਸਾਰੀਆਂ ਗੱਲਾਂ ਦੇ ਨਾਲ-ਨਾਲ ਖ਼ੁਦਾ ਦੇ ਵਚਨ ਅਨੁਸਾਰ ਸਾਨੂੰ ਸਮਝਣਾ ਜ਼ਰੂਰੀ ਹੈ ਕਿ ਪਵਿੱਤਰ ਆਤਮਾ ਕੌਣ ਹੈ, ਉਹ ਕਿੱਥੋਂ ਆਇਆ ਅਤੇ ਅੱਜ ਸੰਸਾਰ ਵਿਚ ਉਸ ਦਾ ਕੀ ਕੰਮ ਹੈ।

ਪਹਿਲਾਂ, ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਪਵਿੱਤਰ ਆਤਮਾ ਖ਼ੁਦਾਈ ਵਿਚ ਭਾਵ Godhead ਵਿਚ ਤੀਜਾ ਸ਼ਖ਼ਸ ਹੈ। ਖ਼ੁਦਾ ਹੈ, ਮਸੀਹ ਹੈ ਅਤੇ ਪਵਿੱਤਰ ਆਤਮਾ ਹੈ। ਮਸੀਹ ਨੇ ਆਪਣੇ ਰਸੂਲਾਂ ਕੋਲ ਇਨ੍ਹਾਂ ਤਿੰਨਾਂ ਦਾ ਜ਼ਿਕਰ ਕੀਤਾ ਸੀ, ਜਦ ਉਸ ਨੇ ਕਿਹਾ, ''ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ'' (ਮੱਤੀ 28: 19)।

ਅਫ਼ਸੀਆਂ 4: 4-6 ਵਿਚ ਪੌਲੁਸ ਨੇ ਐਲਾਨ ਕੀਤਾ ਕਿ ਇੱਕੋ ਖ਼ੁਦਾ, ਇੱਕੋ ਮਸੀਹ ਅਤੇ ਇੱਕੋ ਹੀ ਆਤਮਾ ਹੈ। ਰੋਮ ਦੇ ਮਸੀਹੀਆਂ ਨੂੰ ਲਿਖਦਿਆਂ ਉਸ ਨੇ ਕਿਹਾ, ''ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਮਿੱਤ ਅਰ ਆਤਮਾ ਦੇ ਪ੍ਰੇਮ ਦੇ ਨਮਿੱਤ ਮੈਂ ਤੁਹਾਡੀ ਮਿੰਨਤ ਕਰਦਾ ਹਾਂ ਜੋ ਤੁਸੀਂ ਪਰਮੇਸ਼ੁਰ ਦੇ ਅੱਗੇ ਮੇਰੇ ਲਈ ਪ੍ਰਾਰਥਨਾ ਕਰਨ ਵਿਚ ਮੇਰੇ ਨਾਲ ਜਤਨ ਕਰੋ'' (ਰੋਮੀਆਂ 15: 30)।

2 ਕੁਰਿੰਥੀਆਂ 13: 14 ਵਿਚ ਉਹ ਨੇ ਇਨ੍ਹਾਂ ਤਿੰਨਾਂ ਦੀ ਪਛਾਣ ਫੇਰ ਕਰਵਾਈ, ''ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ। ਆਮੀਨ।''

ਖ਼ੁਦਾ, ਮਸੀਹ ਅਤੇ ਪਵਿੱਤਰ ਆਤਮਾ ਇੱਕੋ ਹਨ, ਇਸ ਕਰਕੇ ਕਈ ਲੋਕ ਇਸ ਨੂੰ ਤ੍ਰਿਏਕ ਜਾਂ ਤਸਲੀਸ ਵੀ ਆਖ ਦਿੰਦੇ ਹਨ। ਭਾਵੇਂ ਇਹ ਵੱਖ-ਵੱਖ ਤਿੰਨ ਸ਼ਖ਼ਸੀਅਤਾਂ ਹਨ, ਪਰ ਹੈਨ ਉਹ ਇੱਕੋ ਹੀ। ਬਹੁਤ ਸਾਰੇ ਲੋਕਾਂ ਨੂੰ ਇਹ ਸਮਝਣਾ ਔਖਾ ਲਗਦਾ ਹੈ। ਕਈ ਇਹ ਮੰਨਣਾ ਚਾਹੁੰਦੇ ਹਨ ਕਿ ਇਹ ਤਿੰਨ ਰੱਬ ਹਨ। ਅਜਿਹੇ ਲੋਕਾਂ ਵਿਚ ਉਹ ਵੀ ਲੋਕ ਹਨ ਜਿਹੜੇ ਆਖਦੇ ਹਨ ਕਿ ਯਿਸੂ ਆਪੇ ਹੀ ਸਭ ਕੁਝ ਹੈ, ਪਰ ਉਹ ਕਦੇ ''ਪਿਤਾ ਪਰਮੇਸ਼ੁਰ'' ਅਤੇ ਕਦੇ ''ਪਵਿੱਤਰ ਆਤਮਾ'' ਬਣ ਜਾਂਦਾ ਹੈ। ਇਸ ਸਿੱਖਿਆ ਨੂੰ ''ਇਕੱਲਾ ਯਿਸੂ'' ਜਾਂ ਓਨਲੀ ਜੀਜ਼ਸ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਅਤੇ ਬਿਨਾਂ ਕਿਸੇ ਸ਼ੱਕ ਦੇ ਇਹ ਸਿੱਖਿਆ ਗਲਤ ਹੈ।

ਭਾਵੇਂ ਸਾਡੇ ਲਈ ਇਹ ਸਮਝਣਾ ਔਖਾ ਹੈ ਕਿ ਇੱਕੋ ਖ਼ੁਦਾ, ਇੱਕੋ ਮਸੀਹ ਅਤੇ ਇੱਕੋ ਪਵਿੱਤਰ ਆਤਮਾ ਕਿਵੇਂ ਹੋ ਸਕਦਾ ਹੈ, ਉਹ ਵੀ ਉਨ੍ਹਾਂ ਦੀ ਵੱਖਰੀ ਵੱਖਰੀ ਸ਼ਖ਼ਸੀਅਤ ਜਾਂ ਰੱਬੀ ਹੋਂਦ ਨਾਲ ਇੱਕੋ ਦੇ ਰੂਪ ਵਿਚ [ਜੋ ਕਿ ਉਸ ਇਬਰਾਨੀ ਸ਼ਬਦ ''ਇੱਕੋ'' (achid) ਦਾ ਅਰਥ ਹੈ, ਜਿਸ ਦੀ ਵਰਤੋਂ ਖ਼ੁਦਾ ਦੇ ਵਰਣਨ ਲਈ ਕੀਤੀ ਜਾਂਦੀ ਹੈ: ''ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ'' (ਬਿਵਸਥਾਸਾਰ 6:4)]। ਪਰ ਬਾਈਬਲ ਇਹੀ ਦੱਸਦੀ ਹੈ, ਇਸ ਕਰਕੇ ਸਾਨੂੰ ਵਿਸ਼ਵਾਸ ਨਾਲ ਇਹ ਕਬੂਲ ਕਰਨਾ ਚਾਹੀਦਾ ਹੈ।

ਖ਼ੁਦਾ, ਮਸੀਹ ਅਤੇ ਪਵਿੱਤਰ ਆਤਮਾ ਤਿੰਨਾਂ ਵਿਚ ਇਕ ਹੋਣ ਦੀ ਵਿਆਖਿਆ ਲਈ ਬਾਈਬਲ ਵਿਚ ਤ੍ਰਿਏਕ ਸ਼ਬਦ ਦਾ ਜ਼ਿਕਰ ਤਾਂ ਨਹੀਂ ਹੈ, ਪਰ ਇਸ ਨੂੰ ਪਰਮੇਸ਼ੁਰਤਾਈ ਜਾਂ ''ਖ਼ੁਦਾਈ'' ਕਰਕੇ ਬਿਆਨਿਆ ਗਿਆ ਹੈ। ਅਥੇਨੇ ਦੇ ਲੋਕਾਂ ਵਿਚ ਪੌਲੁਸ ਨੇ ਪ੍ਰਚਾਰ ਕੀਤਾ, ''ਸੋ ਪਰਮੇਸ਼ੁਰ ਦੀ ਅੰਸ ਹੋ ਕੇ ਸਾਨੂੰ ਜੋਗ ਨਹੀਂ ਜੋ ਇਹ ਸਮਝੀਏ ਕਿ ਪਰਮੇਸ਼ੁਰ ਸੋਨੇ ਚਾਂਦੀ ਯਾ ਪੱਥਰ ਵਰਗਾ ਹੈ ਜਿਹਨੂੰ ਮਨੁੱਖ ਦੀ ਹਥੌਟੀ ਅਤੇ ਮਨ ਨੇ ਘੜਿਆ ਹੈ'' (ਰਸੂਲਾਂ ਦੇ ਕਰਤੱਬ 17:29 )।

ਖ਼ੁਦਾ ਦਾ ਇਨਕਾਰ ਕਰਨ ਵਾਲਿਆਂ ਦੇ ਲਈ ਪੌਲੁਸ ਨੇ ਐਲਾਨ ਕੀਤਾ, ''ਜਗਤ ਦੇ ਉਤਪਨ ਹੋਣ ਤੋਂ ਉਹਦਾ ਅਣਡਿੱਠ ਸੁਭਾਉ ਅਰਥਾਤ ਉਹਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹਦੀ ਰਚਨਾ ਤੋਂ ਚੰਗੀ ਤਰਾਂ ਦਿਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ (ਬਹਾਨਾ) ਨਹੀਂ'' (ਰੋਮੀਆਂ 1:20)। ਮਸੀਹ ਦੇ ਸਬੰਧ ਵਿਚ ਦੱਸਦਿਆਂ ਉਸ ਨੇ ਕਿਹਾ, ''ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਓਸੇ ਵਿਚ ਦੇਹਧਾਰੀ ਹੋ ਕੇ ਵੱਸਦੀ ਹੈ'' (ਕੁਲੁੱਸੀਆਂ 2:9)। ਇੰਜ ਪਰਮੇਸ਼ੁਰਤਾਈ ਜਾਂ ਖ਼ੁਦਾਈ, ਜਿਸ ਬਾਰੇ ਇਨ੍ਹਾਂ ਆਇਤਾਂ ਵਿਚ ਦੱਸਿਆ ਗਿਆ ਹੈ, ਖ਼ੁਦਾ, ਮਸੀਹ ਅਤੇ ਪਵਿੱਤਰ ਆਤਮਾ ਦੇ ਨਾਲ ਮਿਲ ਕੇ ਬਣਦੀ ਹੈ।

ਪਰ ਇਸ ਖ਼ੁਦਾਈ ਦੀ ਹੋਂਦ ਕਦ ਕੁ ਦੀ ਹੈ? ਜਿੱਥੇ ਇਨ੍ਹਾਂ ਵਿੱਚੋਂ ਇਕ ਬਾਰੇ ਪੜ੍ਹਨ ਨੂੰ ਮਿਲਦਾ ਹੈ, ਉੱਥੇ ਹੀ ਦੂਜਿਆਂ ਬਾਰੇ ਵੀ ਪੜ੍ਹਨ ਨੂੰ ਮਿਲਦਾ ਹੈ। ਇਨ੍ਹਾਂ

ਬਾਰੇ ਅਸੀਂ ਸਭ ਕਾਸੇ ਦੀ ਰਚਨਾ ਤੋਂ ਪਹਿਲਾਂ ਪੜ੍ਹਦੇ ਹਾਂ, ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਨ੍ਹਾਂ ਦਾ ਵਜੂਦ ਦੁਨੀਆ ਦੇ ਬਣਨ ਤੋਂ ਪਹਿਲਾਂ ਤੋਂ ਸੀ। ਉਹ ਆਤਮਿਕ ਹਨ, ਉਨ੍ਹਾਂ ਦਾ ਸੁਭਾਅ ਅਨਾਦੀ (eternal) ਹੈ।

ਬਾਈਬਲ ਦੀ ਪਹਿਲੀ ਹੀ ਆਇਤ ਵਿਚ ਅਸੀਂ ਪੜ੍ਹਦੇ ਹਾਂ, ''ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਨ ਕੀਤਾ'' (ਉਤਪਤ 1:1)। ਇਬਰਾਨੀ ਭਾਸ਼ਾ ਵਿਚ ''ਪਰਮੇਸ਼ੁਰ'' ਲਈ ਬਹੁਵਚਨ ਸ਼ਬਦ ਏਲੋਹੀਮ ਵਰਤਿਆ ਗਿਆ ਹੈ। ਇਸ ਵਿਚ ਪਰਮੇਸ਼ੁਰ ਜੋ ਪਿਤਾ ਹੈ, ਮਸੀਹ ਜੋ ਪੁੱਤਰ ਹੈ, ਅਤੇ ਪਵਿੱਤਰ ਆਤਮਾ ਸ਼ਾਮਿਲ ਹੁੰਦੇ ਹਨ। ਫਿਰ ਅਸੀਂ ਰਚਨਾ ਦੇ ਸਬੰਧ ਵਿਚ ਪੜ੍ਹਦੇ ਹਾਂ, ''ਤਾਂ ਪਰਮੇਸ਼ੁਰ ਨੇ ਆਖਿਆ ਕਿ (ਆਓ) ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ'' (ਉਤਪਤ 1:26)। ਯੂਹੰਨਾ ਨੇ ਲਿਖਿਆ ਹੈ, ''ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ'' (ਯੂਹੰਨਾ 1:1–3)। ਮੇਰੇ ਖ਼ਿਆਲ 'ਚ ਬਾਈਬਲ ਦੀਆਂ ਇਨ੍ਹਾਂ ਆਇਤਾਂ ਵਿੱਚੋਂ ਅਸੀਂ ਬੜਾ ਸਪੱਸ਼ਟ ਵੇਖ ਸਕਦੇ ਹਾਂ ਕਿ ਖ਼ੁਦਾਈ ਦੇ ਇਹ ਤਿੰਨੇ ਸ਼ਖ਼ਸ ਆਦਿ ਵਿਚ ਹੈ ਸਨ, ਬਲਕਿ ਅਨਾਦੀਕਾਲ ਤੋਂ ਹਨ।

ਖ਼ੁਦਾਈ ਦੇ ਇਨ੍ਹਾਂ ਤਿੰਨਾਂ ਅੰਗਾਂ ਵਿੱਚੋਂ ਜੇ ਅਸੀਂ ਹਰ ਇਕ ਦਾ ਅਧਿਐਨ ਕਰੀਏ ਤਾਂ ਲੱਗੇਗਾ ਕਿ ਹਰ ਇਕ ਨੇ ਆਪਣਾ ਯੋਗਦਾਨ ਪਾਇਆ ਜਾਂ ਆਪਣਾ ਕੰਮ ਕੀਤਾ। ਪੁਰਾਣੇ ਨੇਮ ਵਿਚ ਵੀ ਇਹ ਮਿਲਦਾ ਹੈ ਅਤੇ ਨਵੇਂ ਨੇਮ ਵਿਚ ਵੀ। ਪਵਿੱਤਰ ਆਤਮਾ ਨੇ ਕਈਆਂ ਨੂੰ ਪਵਿੱਤਰ ਵਚਨ ਲਿਖਣ ਦੀ ਪ੍ਰੇਰਣਾ ਦਿੱਤੀ ਅਤੇ ਅਗਵਾਈ ਕੀਤੀ, ਤਾਂ ਜੋ ਇਹ ਵਚਨ ਅੱਜ ਦੇ ਲੋਕਾਂ ਲਈ ਵੀ ਸੰਭਾਲਿਆ ਰਹੇ।

ਪਤਰਸ ਨੇ ਲਿਖਿਆ ਹੈ, ''ਕਿਉਂ ਜੋ ਉਹਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ ਜਿਸ ਵੇਲੇ ਓਸ ਡਾਢੇ ਭੜਕ ਵਾਲੇ ਤੇਜ ਤੋਂ ਉਹਨੂੰ ਇਹ ਸ਼ਬਦ ਆਇਆ ਭਈ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ। ਅਤੇ ਅਗੰਮਵਾਕ ਦਾ ਵਚਨ ਸਾਡੇ ਕੋਲ ਹੋਰ ਵੀ ਪੱਕਾ ਕੀਤਾ ਹੋਇਆ ਹੈ ਅਤੇ ਤੁਸੀਂ ਚੰਗਾ ਕਰਦੇ ਹੋ ਜੋ ਓਸ ਵੱਲ ਧਿਆਨ ਲਾਉਂਦੇ ਹੋ ਜਿਵੇਂ ਇਕ ਦੀਵੇ ਵੱਲ ਜੋ ਅਨ੍ਹੇਰੇ ਥਾਂ ਵਿਚ ਚਮਕਦਾ ਹੈ ਜਿੰਨਾ ਚਿਰ ਪਹੁ ਨਾ ਫੁੱਟੇ ਅਤੇ ਦਿਨ ਦਾ ਤਾਰਾ ਤੁਹਾਡਿਆਂ ਹਿਰਦਿਆਂ ਵਿਚ ਨਾ ਚੜ੍ਹ ਆਵੇ। ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ

ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ'' (2 ਪਤਰਸ 1:17—21)

ਤੁਸੀਂ ਇਨ੍ਹਾਂ ਆਇਤਾਂ ਵਿਚ ਵੀ ਵੇਖ ਸਕਦੇ ਹੋ ਕਿ ਖ਼ੁਦਾਈ ਦੇ ਇਨ੍ਹਾਂ ਤਿੰਨਾਂ ਅੰਗਾਂ ਦੇ ਕੰਮ ਦਾ ਜ਼ਿਕਰ ਕੀਤਾ ਗਿਆ ਹੈ, ਪਰ ਖ਼ਾਸ ਕਰਕੇ ਪਵਿੱਤਰ ਬਾਈਬਲ ਦੇ ਲਿਖਵਾਉਣ ਲਈ ਪਵਿੱਤਰ ਆਤਮਾ ਦਾ ਕੰਮ ਵਿਖਾਇਆ ਗਿਆ ਹੈ। ਪੌਲੁਸ ਨੇ ਲਿਖਿਆ ਹੈ, ''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:16, 17)।

ਕਿਹਾ ਜਾਂਦਾ ਹੈ ਕਿ ਪੁਰਾਣੇ ਨੇਮ ਵਿਚ 88 ਵਾਰ ਪਵਿੱਤਰ ਆਤਮਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਨੂੰ 18 ਨਾਂਵਾਂ ਨਾਲ ਸੱਦਿਆ ਗਿਆ ਹੈ। ਇਸੇ ਤਰ੍ਹਾਂ ਨਵੇਂ ਨੇਮ ਵਿਚ 39 ਅੱਡੋ—ਅੱਡ ਨਾਂਵਾਂ ਨਾਲ ਇਸ ਦਾ ਜ਼ਿਕਰ 264 ਵਾਰ ਆਇਆ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਦੋਹਾਂ ਨੇਮਾਂ ਵਿਚ ਇਨ੍ਹਾਂ ਵਿੱਚੋਂ 5 ਨਾਮ ਰਲ਼ਦੇ ਹਨ, ਜਦ ਕਿ ਪੂਰੀ ਬਾਈਬਲ ਵਿਚ ਪਵਿੱਤਰ ਆਤਮਾ ਲਈ 52 ਵੱਖਰੇ ਨਾਮ ਵਰਤੇ ਗਏ ਹਨ।

ਅਕਸਰ ਸਮਝਿਆ ਜਾਂਦਾ ਹੈ ਕਿ ਪਵਿੱਤਰ ਆਤਮਾ ਕੋਈ ਰਹੱਸ ਭਰੀ ਸ਼ਕਤੀ ਜਾਂ ਆਤਮਾ ਹੈ, ਪਰ ਬਾਈਬਲ ਉਸ ਨੂੰ ਇਕ ਸ਼ਖ਼ਸ ਜਾਂ ਸ਼ਖ਼ਸੀਅਤ ਦੇ ਰੂਪ ਵਿਚ ਪੇਸ਼ ਕਰਦੀ ਹੈ। ਦੱਸਿਆ ਗਿਆ ਹੈ ਕਿ ਉਸ ਦੇ ਜਜ਼ਬਾਤ ਹਨ (ਅਫ਼ਸੀਆਂ 4:30), ਉਹਦਾ ਦਿਮਾਗ ਹੈ (ਰੋਮੀਆਂ 8:27), ਉਹ ਬੋਲ ਸਕਦਾ ਹੈ (1 ਤਿਮੋਥਿਉਸ 4:1), ਸਾਡੀਆਂ ਨਿਰਬਲਤਾਈਆਂ ਵਿਚ ਸਾਡੀ ਮਦਦ ਕਰ ਸਕਦਾ ਹੈ (ਰੋਮੀਆਂ 8:26) ਅਤੇ ਹੋਰ ਵੀ ਬਹੁਤ ਸਾਰੇ ਕੰਮਾਂ ਦਾ ਜ਼ਿਕਰ ਅਸੀਂ ਕਰ ਸਕਦੇ ਹਾਂ ਜਿਹੜੇ ਉਹ ਕਰਦਾ ਹੈ।

1. **ਬਪਤਿਸਮੇ ਵਿਚ ਆਤਮਾ ਤੋਂ ਅਸੀਂ ਜਨਮ ਲੈਂਦੇ ਹਾਂ (ਯੂਹੰਨਾ 3:5)**
2. **ਉਹ ਸਾਡਾ ਸਹਾਇਕ ਹੈ (ਯੂਹੰਨਾ 14:16—18)**
3. **ਉਹ ਸਾਡੇ ਛੁਟਕਾਰੇ ਦੀ ਮੁਹਰ ਹੈ** (2 ਕੁਰਿੰਥੀਆਂ 1:22)
4. **ਉਹ ਸਾਡਾ ਜ਼ਾਮਿਨ ਹੈ** (2 ਕੁਰਿੰਥੀਆਂ 5:5)
5. **ਸਾਡੇ ਲਈ ਉਹ ਨੂੰ ਦੁਖੀ ਕਰਨਾ ਸੰਭਵ ਹੈ** (ਅਫ਼ਸੀਆਂ 4:30)
6. **ਸਾਡੇ ਲਈ ਉਸ ਨੂੰ ਬੁਝਾਉਣਾ ਸੰਭਵ ਹੈ** (1 ਥੱਸਲੁਨੀਕੀਆਂ 5:19)
7. **ਉਹ ਸਾਡੀ ਅਗਵਾਈ ਕਰਦਾ ਹੈ** (ਗਲਾਤੀਆਂ 5:18)
8. **ਅਸੀਂ ਉਸ ਵਿਚ ਜੀਉਂਦੇ ਹਾਂ** (2 ਕੁਰਿੰਥੀਆਂ 3:6)

9. **ਅਸੀਂ ਉਸ ਵਿਚ ਚਲਦੇ ਹਾਂ** (ਗਲਾਤੀਆਂ 5:16)
10. **ਅਸੀਂ ਉਹਦੇ ਰਾਹੀਂ ਫਲ ਲਿਆਉਂਦੇ ਹਾਂ** (ਗਲਾਤੀਆਂ 5:22–23)
11. **ਅਸੀਂ ਉਸ ਦੇ ਰਾਹੀਂ ਦੇਹ, ਭਾਵ ਕਲੀਸੀਆ ਵਿਚ ਵੜਦੇ ਹਾਂ** (1 ਕੁਰਿੰਥੀਆਂ 12:13)
12. **ਉਹ ਸਾਡੇ ਅੰਦਰ ਵਾਸ ਕਰਦਾ ਹੈ** (2 ਤਿਮੋਥਿਉਸ 1:14; 1 ਕੁਰਿੰਥੀਆਂ 3:16, 17 )
13. **ਉਹ ਸਾਡੇ ਵਿਚ ਰਹਿੰਦਾ ਹੈ** (1 **ਯੂਹੰਨਾ 4:** 13)
14. **ਉਹ ਸਾਨੂੰ ਮਜ਼ਬੂਤ ਕਰਦਾ ਹੈ** (ਅਫ਼ਸੀਆਂ 3:16–21)
15. **ਅਸੀਂ ਉਹਦੇ ਰਾਹੀਂ ਸਰੀਰ ਦੇ ਕਾਰਜਾਂ ਨੂੰ ਮਾਰਦੇ ਹਾਂ** (ਰੋਮੀਆਂ 8:13)
16. **ਉਹ ਗਵਾਹੀ ਦਿੰਦਾ ਹੈ ਕਿ ਅਸੀਂ ਖ਼ੁਦਾ ਦੀ ਸੰਤਾਨ ਹਾਂ** (ਰੋਮੀਆਂ 8:16)
17. **ਉਹ ਸਾਡੇ ਲਈ ਸਫ਼ਾਰਸ਼ ਕਰਦਾ ਹੈ** (ਰੋਮੀਆਂ 8:27; ਅਫ਼ਸੀਆਂ 2:18)
18. **ਉਹ ਸਾਡੇ ਲਈ ਅਕੱਥ ਹੌਕੇ ਭਰ–ਭਰ ਕੇ ਸਫ਼ਾਰਿਸ਼ ਕਰਦਾ ਹੈ** (ਰੋਮੀਆਂ 8:26)
19. **ਉਹ ਸਾਨੂੰ ਸਿਖਾਉਂਦਾ ਹੈ** (1 ਕੁਰਿੰਥੀਆਂ 2:13)
20. **ਉਹ ਜਾਂਚ ਕਰਦਾ ਹੈ** (1 ਕੁਰਿੰਥੀਆਂ 4:1)
21. **ਉਹ ਦੁਆ ਕਰਦਾ ਹੈ** (ਯਹੂਦਾ 1:19, 20)
22. **ਉਹ ਜ਼ਿੰਦਗੀ ਦਿੰਦਾ ਹੈ** (**ਯੂਹੰਨਾ 6:63**)
23. **ਉਹ ਅਜ਼ਾਦੀ ਦਿੰਦਾ ਹੈ** (2 ਕੁਰਿੰਥੀਆਂ 3:17)
24. **ਜਦ ਅਸੀਂ ਮਸੀਹ ਦੇ ਸਰੂਪ ਵਾਲੇ ਸ਼ੀਸ਼ੇ ਵਿਚ ਵੇਖਦੇ ਹਾਂ ਤਾਂ ਉਹ ਸਾਨੂੰ ਬਦਲ ਦਿੰਦਾ ਹੈ** (2 ਕੁਰਿੰਥੀਆਂ 3:18)
25. **ਉਹਦੇ ਰਾਹੀਂ ਅਸੀਂ ਜੀਵਨ ਨੂੰ ਵੱਢਦੇ ਹਾਂ** (ਗਲਾਤੀਆਂ 6:8)
26. **ਉਹਦੇ ਰਾਹੀਂ ਪਿਤਾ ਤਕ ਸਾਡੀ ਪਹੁੰਚ ਹੁੰਦੀ ਹੈ** (ਅਫ਼ਸੀਆਂ 2:18)
27. **ਆਤਮਾ ਦੀ ਸ਼ਕਤੀ ਨਾਲ ਅਸੀਂ ਆਸ ਵਿਚ ਵੱਧਦੇ ਹਾਂ** (ਰੋਮੀਆਂ 15:13)
28. **ਆਤਮਾ ਦੇ ਰਾਹੀਂ ਅਸੀਂ ਖ਼ੁਦਾ ਦੀ ਹੈਕਲ ਬਣਦੇ ਹਾਂ** (ਅਫ਼ਸੀਆਂ 2:22)
29. **ਕਲੀਸੀਆ ਦੇ ਨਾਲ ਉਹ ਆਖਦਾ ਹੈ, ''ਆਓ''** (**ਪ੍ਰਕਾਸ਼ ਦੀ ਪੋਥੀ 22:17**)**। ਇਹ ਸ਼ਬਦਾਵਲੀ ਆਪਣੇ ਆਪ ਵਿਚ ਜ਼ਬਰਦਸਤ ਸੰਕੇਤ ਹੈ ਕਿ ਜਦ ਅਸੀਂ ਮਿਲ ਕੇ ਮੁਕਤੀਦਾਤੇ ਦੇ ਆਉਣ ਦੀ ਉਡੀਕ ਕਰਦੇ ਹਾਂ ਤਾਂ ਪਵਿੱਤਰ ਆਤਮਾ ਇਸ ਜਗਤ ਵਿਚ ਕਲੀਸੀਆ ਦੇ ਨਾਲ ਰਹਿੰਦਾ ਹੈ।**

ਅਗਲੇ ਪਾਠਾਂ ਵਿਚ ਅਸੀਂ ਮਸੀਹ ਵਿਚ, ਰਸੂਲਾਂ ਵਿਚ, ਮੁੱਢਲੀ ਕਲੀਸੀਆ ਵਿਚ ਸਦੀਆਂ ਤੋਂ ਕਲੀਸੀਆ ਵਿਚ ਅਤੇ ਅੱਜ ਕਲੀਸੀਆ ਵਿਚ ਪਵਿੱਤਰ ਆਤਮਾ ਦੇ ਕੰਮ ਤੇ ਵਿਚਾਰ ਕਰਾਂਗੇ। ਸਾਡਾ ਮਕਸਦ ਇਹੀ ਰਹੇਗਾ ਕਿ ਬਿਨਾਂ ਬਾਈਬਲ

ਦੀ ਮਦਦ ਦੇ ਕੁਝ ਨਾ ਕਹੀਏ, ਤਾਂ ਜੋ ਅਸੀਂ ਜਿਹੜਾ ਵੀ ਸ਼ਬਦ ਲਿਖੀਏ ਉਹ ਪਵਿੱਤਰ ਆਤਮਾ ਦੇ ਰਾਹੀਂ ਪਰਗਟ ਕੀਤੇ ਗਏ ਵਚਨ ਵਿੱਚੋਂ ਹੋਵੇ।

## ਪਵਿੱਤਰ ਆਤਮਾ ਦਾ ਕੰਮ

ਪਵਿੱਤਰ ਆਤਮਾ ਦਾ ਇਹ ਵਿਸ਼ਾ ਅਹਿਮ ਹੈ ਕਿਉਂ ਜੋ ਬਹੁਤ ਸਾਰੇ ਲੋਕ ਉਹਦੇ ਅਤੇ ਉਹਦੇ ਕੰਮ ਬਾਰੇ ਉਲਝਣ ਵਿਚ ਹਨ। ਇਕ ਪਾਸੇ ਜਿੱਥੇ ਸੰਸਾਰ ਦੇ ਬਹੁਤ ਸਾਰੇ ਲੋਕ ਉਸ ਨੂੰ ਨਕਾਰਦੇ ਹਨ, ਉੱਥੇ ਹੀ ਅਜਿਹੇ ਲੋਕ ਹਨ ਜੋ ਇਸ ਦੇ ਬਿਲਕੁਲ ਉਲਟ ਸਬਕਾਂ ਅਤੇ ਦਾਅਵਿਆਂ ਵਿਚ ਇਹ ਸਿਖਾ ਕੇ ਕਿ ਉਹ ਅੱਜ ਚਮਤਕਾਰਾਂ ਦੇ ਰਾਹੀਂ ਕੰਮ ਕਰਦਾ ਹੈ, ਫੋਕਸ ਆਤਮਾ ਨੂੰ ਬਣਾਉਂਦੇ ਹਨ। ਬਹੁਤ ਸਾਰੇ ਧਾਰਮਿਕ ਸਿੱਖਿਆ ਦੇਣ ਵਾਲਿਆਂ ਦਾ ਮੁੱਖ ਫੋਕਸ ਖ਼ੁਦਾਈ ਦੇ ਤਿੰਨ ਸ਼ਖ਼ਸਾਂ ਵਿੱਚੋਂ ਪਿਤਾ ਪਰਮੇਸ਼ੁਰ ਜਾਂ ਮੁਕਤੀਦਾਤੇ ਮਸੀਹ ਉੱਤੇ ਨਾ ਹੋ ਕੇ ਸਿਰਫ਼ ਪਵਿੱਤਰ ਆਤਮਾ ਉੱਤੇ ਹੀ ਰਹਿੰਦਾ ਹੈ। ਪਰ ਬਾਈਬਲ ਕੀ ਦੱਸਦੀ ਹੈ?

ਲਿਖਤ ਇਹ ਦੱਸਦੀ ਹੈ ਕਿ ਪਵਿੱਤਰ ਆਤਮਾ ਖ਼ੁਦਾਈ ਤੀਜਾ ਸ਼ਖ਼ਸ ਅਤੇ ਇਕ ਸ਼ਖ਼ਸੀਅਤ ਹੈ। ਖ਼ੁਦਾ ਅਤੇ ਮਸੀਹ ਵਾਂਗ ਹੀ ਉਹ ਵੀ ਅਨਾਦੀ ਹੈ ਭਾਵ ਉਹ ਸਦਾ ਤੋਂ ਹੈ ਅਤੇ ਸਦਾ ਤਕ ਰਹੇਗਾ। ਉਹ ਸ੍ਰਿਸ਼ਟੀ ਦੀ ਰਚਨਾ ਅਤੇ ਪੁਰਾਣੇ ਨੇਮ ਦੇ ਕਾਲ ਦੀ ਹਰ ਵੱਡੀ ਘਟਨਾ ਵਿਚ ਸ਼ਾਮਿਲ ਸੀ। ਇਸ ਪਾਠ ਵਿਚ ਅਸੀਂ ਮਸੀਹ ਅਤੇ ਰਸੂਲਾਂ ਦੇ ਸਮੇਂ ਦੌਰਾਨ ਉਹਦੇ ਕੰਮ ਬਾਰੇ ਜਾਣਾਂਗੇ

ਮਸੀਹ ਦੇ ਜਨਮ ਵੱਲ ਵਾਪਸ ਜਾਂਦੇ ਹੋਏ ਅਸੀਂ ਵੇਖਦੇ ਹਾਂ ਕਿ ਬਾਈਬਲ ਦੱਸਦੀ ਹੈ ਕਿ ‘ ‘**ਯਿਸੂ ਮਸੀਹ ਦਾ ਜਨਮ ਇਉਂ ਹੋਇਆ ਕਿ ਜਾਂ ਉਹ ਦੀ ਮਾਤਾ ਮਰੀਅਮ ਦੀ ਯੂਸੁਫ਼ ਨਾਲ ਕੁੜਮਾਈ ਹੋਈ ਸੀ ਤਾਂ ਉਨ੍ਹਾਂ ਦੇ ਇਕੱਠੇ ਹੋਣ ਤੋਂ ਪਹਿਲਾਂ ਉਹ ਪਵਿੱਤਰ ਆਤਮਾ ਤੋਂ ਗਰਭਵਤੀ ਪਾਈ ਗਈ। ਤਦ ਉਹ ਦੇ ਪਤੀ ਯੂਸੁਫ਼ ਨੇ ਜਿਹੜਾ ਧਰਮੀ ਪੁਰਖ ਸੀ ਅਤੇ ਇਹ ਨਹੀਂ ਸੀ ਚਾਹੁੰਦਾ ਕਿ ਉਹ ਨੂੰ ਕਲੰਕਣ ਪਰਗਟ ਕਰੇ ਇਹ ਦਲੀਲ ਕੀਤੀ ਜੋ ਉਹ ਨੂੰ ਚੁੱਪ ਕੀਤੇ ਤਿਆਗ ਦੇਵੇ। ਪਰ ਜਾਂ ਉਹ ਇਨ੍ਹਾਂ ਗੱਲਾਂ ਦੀ ਚਿੰਤਾ ਵਿਚ ਪਿਆ ਹੋਇਆ ਸੀ ਤਾਂ ਵੇਖੋ, ਪ੍ਰਭੂ ਦੇ ਇਕ ਦੂਤ ਨੇ ਸੁਫ਼ਨੇ ਵਿਚ ਉਹ ਨੂੰ ਦਰਸ਼ਣ ਦੇ ਕੇ ਕਿਹਾ,**

**ਹੇ ਯੂਸੁਫ਼ ਦਾਊਦ ਦੇ ਪੁੱਤਰ ਤੂੰ ਆਪਣੀ ਪਤਨੀ ਮਰੀਅਮ ਨੂੰ ਅਪਣੇ ਘਰ ਲਿਆਉਣ ਤੋਂ ਨਾ ਡਰ ਕਿਉਂ ਜੋ ਜਿਹੜਾ ਉਹਦੀ ਕੁੱਖ ਵਿਚ ਆਇਆ ਹੈ ਉਹ ਪਵਿੱਤਰ ਆਤਮਾ ਤੋਂ ਹੈ। ਅਤੇ ਉਹ ਪੁੱਤਰ ਜਣੇਗੀ ਅਤੇ ਤੂੰ ਉਹਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।**

**ਇਹ ਸਭ ਕੁਝ ਇਸ ਲਈ ਹੋਇਆ ਕਿ ਜਿਹੜੀ ਗੱਲ ਪ੍ਰਭੂ ਨੇ ਨਬੀ ਦੀ ਜ਼ੁਬਾਨੀ ਆਖੀ ਸੀ ਉਹ ਪੂਰੀ ਹੋਵੇ ਕਿ ਵੇਖੋ ਕੁਆਰੀ ਗਰਭਵਤੀ ਹੋਵੇਗੀ ਅਤੇ**

**ਪੁੱਤਰ ਜਣੇਗੀ। ਅਤੇ ਉਹ ਉਸਦਾ ਨਾਮ ਇੰਮਾਨੂਏਲ ਰੱਖਣਗੇ। ਜਿਹਦਾ ਅਰਥ ਹੈ ''ਪਰਮੇਸ਼ੁਰ ਅਸਾਡੇ ਸੰਗ।''**

**ਓਸੇ ਵੇਲੇ ਯੂਸੁਫ਼ ਨੇ ਸੁੱਤਿਓਂ ਉੱਠ ਕੇ ਜਿਵੇਂ ਪ੍ਰਭੂ ਦੇ ਦੂਤ ਨੇ ਉਸ ਨੂੰ ਆਗਿਆ ਦਿੱਤੀ ਸੀ ਤਿਵੇਂ ਹੀ ਕੀਤਾ ਅਰ ਆਪਣੀ ਪਤਨੀ ਨੂੰ ਆਪਣੇ ਘਰ ਲਿਆਇਆ। ਅਤੇ ਉਹ ਨੂੰ ਨਾ ਜਾਣਿਆ ਜਿੰਨਾ ਚਿਰ ਉਹ ਪੁੱਤਰ ਨਾ ਜਣੀ ਅਤੇ ਉਹਦਾ ਨਾਮ ਯਿਸੂ ਰੱਖਿਆ''** (ਮੱਤੀ 1:18–25)।

ਕਿਰਪਾ ਕਰ ਕੇ ਇਸ ਸਭ ਵਿਚ ਪਵਿੱਤਰ ਆਤਮਾ ਦਾ ਯੋਗਦਾਨ ਵੇਖੋ। ਪਵਿੱਤਰ ਆਤਮਾ ਨੇ ਹੀ ਯਸਾਯਾਹ ਨਬੀ ਨੂੰ ਇਹ ਨਬੂਵਤ ਕਰਨ ਲਈ ਉਭਾਰਿਆ ਸੀ ਕਿ **''ਵੇਖੋ ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ, ਅਤੇ ਉਹ ਉਹਦਾ ਨਾਮ ਇੰਮਾਨੂਏਲ ਰੱਖਣਗੇ''** (ਯਸਾਯਾਹ 7:14)। ਫਿਰ ਮਰੀਅਮ ਪਵਿੱਤਰ ਆਤਮਾ ਤੋਂ ਗਰਭਵਤੀ ਪਾਈ ਗਈ, ਜਿਸ ਦੀ ਵਿਆਖਿਆ ਕੀਤੀ ਗਈ ਕਿ ਜਿਹੜਾ ਉਹਦੀ ਕੁੱਖ ਵਿਚ ਹੈ ਉਹ ਪਵਿੱਤਰ ਆਤਮਾ ਤੋਂ ਹੈ। ਅੰਤ ਵਿਚ ਇਹ ਸਭ ਇਸ ਲਈ ਹੋਇਆ ਤਾਂ ਜੋ ਨਬੀ ਦੇ ਰਾਹੀਂ ਕਹੀ ਗਈ ਖ਼ੁਦਾ ਦੀ ਗੱਲ ਪੂਰੀ ਹੋਵੇ ਕਿ ਕੁਆਰੀ ਪੁੱਤਰ ਜਣੇਗੀ ਅਤੇ ਉਹਦਾ ਨਾਮ ਇੰਮਾਨੂਏਲ ਅਰਥਾਤ 'ਪਰਮੇਸ਼ੁਰ ਅਸਾਡੇ ਸੰਗ' ਹੋਵੇਗਾ।

ਲੂਕਾ 1 ਅਧਿਆਇ ਦੇ ਅਨੁਸਾਰ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਹੀ ਇਲੀਸਬਤ ਅਤੇ ਜ਼ਕਰਯਾਹ ਦੇ ਘਰ ਵੀ ਪੁੱਤਰ ਹੋਣਾ ਸੀ। ਉਸ ਦਾ ਨਾਮ ਯੂਹੰਨਾ ਰੱਖਿਆ ਗਿਆ ਅਤੇ ਬਾਅਦ ਵਿਚ ਉਸ ਨੂੰ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਨਾਮ ਨਾਲ ਜਾਣਿਆ ਗਿਆ ਕਿਉਂਕਿ ਉਹ ਉਨ੍ਹਾਂ ਨੂੰ ਬਪਤਿਸਮਾ ਦਿੰਦਾ ਸੀ ਜਿਹੜੇ ਖ਼ੁਦਾ ਦੀ ਗੱਲ ਨੂੰ ਮੰਨਦੇ ਸਨ। ਮਸੀਹ ਦੇ ਅੱਗੇ–ਅੱਗੇ ਆਉਣ ਵਾਲਾ ਹੋਣ ਕਰਕੇ, ਜਿਸ ਨੇ ਉਸ ਦਾ ਰਾਹ ਤਿਆਰ ਕਰਨਾ ਸੀ, ਉਸ ਨੇ ਕਿਹਾ, **''ਮੈਂ ਤਾਂ ਤੁਹਾਨੂੰ ਤੌਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੇ ਆਉਣ ਵਾਲਾ ਹੈ ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹ ਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ, ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ। ਉਹ ਦੀ ਤੰਗੁਲੀ ਉਹ ਦੇ ਹੱਥ ਵਿਚ ਹੈ ਅਤੇ ਉਹ ਆਪਣੇ ਪਿੜ ਨੂੰ ਚੰਗੀ ਤਰ੍ਹਾਂ ਸਾਫ਼ ਕਰੇਗਾ ਅਤੇ ਆਪਣੀ ਕਣਕ ਨੂੰ ਕੋਠੇ ਵਿਚ ਜਮਾ ਕਰੇਗਾ ਪਰ ਤੂੜੀ ਨੂੰ ਉਸ ਅਗਨ ਵਿਚ ਸਾੜੇਗਾ ਜਿਹੜੀ ਬੁਝਣ ਵਾਲੀ ਨਹੀਂ।**

**ਤਦ ਯਿਸੂ ਗਲੀਲ ਤੋਂ ਯਰਦਨ ਦੇ ਕੰਢੇ ਯੂਹੰਨਾ ਕੋਲ ਉਸ ਦੇ ਹੱਥੋਂ ਬਪਤਿਮਸਾ ਲੈਣ ਲਈ ਆਇਆ। ਪਰ ਯੂਹੰਨਾ ਨੇ ਇਹ ਕਹਿ ਕੇ ਉਸ ਨੂੰ ਰੋਕਿਆ ਕਿ ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਆਇਆ ਹੈਂ? ਪਰ ਯਿਸੂ ਨੇ ਉਸਨੂੰ ਉੱਤਰ ਦਿੱਤਾ, ਹੁਣ ਹੋਣ ਦੇ ਕਿਉਂ ਜੋ ਸਾਨੂੰ ਯੋਗ ਹੈ ਜੋ ਸਾਰੇ ਧਰਮ ਨੂੰ**

**ਇਸੇ ਤਰ੍ਹਾਂ ਪੂਰਾ ਕਰੀਏ। ਤਾਂ ਉਸ ਨੇ ਹੋਣ ਦਿੱਤਾ।**

**ਅਤੇ ਜਦ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ, ਅਕਾਸ਼ ਉਹ ਦੇ ਲਈ ਖੁੱਲ੍ਹ ਗਿਆ ਅਤੇ ਉਹ ਨੇ ਖ਼ੁਦਾ ਦਾ ਆਤਮਾ ਕਬੂਤਰ ਵਾਂਙੂ ਉੱਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ। ਅਤੇ ਵੇਖੋ ਇਕ ਸੁਰਗੀ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ''** (ਮੱਤੀ 3:11–17)।

ਜਿਵੇਂ ਅਸੀਂ ਪਹਿਲਾਂ ਵੇਖਿਆ, ਮਰੀਅਮ ਪਵਿੱਤਰ ਆਤਮਾ ਤੋਂ ਗਰਭਵਤੀ ਹੋਈ ਅਤੇ ਇਸ ਤਰ੍ਹਾਂ ਨਾਲ ਮਸੀਹ ਦਾ ਸੰਸਾਰ ਵਿਚ ਜਨਮ ਹੋਇਆ। ਅਸੀਂ ਵੇਖਦੇ ਹਾਂ ਕਿ ਵੱਡਾ ਹੋ ਕੇ ਯਿਸੂ ਨੇ ਯੂਹੰਨਾ ਕੋਲੋਂ ਬਪਤਿਸਮਾ (ਪਾਣੀ ਵਿਚ ਡੁਬਕੀ) ਲਿਆ ਅਤੇ ਇਸ ਤੇ ਸੁਰਗ ਵਿਚ ਪਿਤਾ ਦੀ ਖੁਸ਼ੀ ਦੇ ਸਬੂਤ ਵਜੋਂ ਪਵਿੱਤਰ ਆਤਮਾ ਉਸ ਉੱਤੇ ਉਤਰਿਆ ਅਤੇ ਖ਼ੁਦਾ ਨੇ ਕਿਹਾ, **''ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈਂ ਪਰਸੰਨ ਹਾਂ।''**

ਮੱਤੀ 4:1 ਵਿਚ ਬਾਈਬਲ ਦੱਸਦੀ ਹੈ ਕਿ **''ਤਦ ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿਚ ਗਿਆ ਕਿ ਸ਼ੈਤਾਨ ਤੋਂ ਪਰਤਾਇਆ ਜਾਵੇ।''** ਉਸ ਨੇ ਸ਼ੈਤਾਨ ਦੀਆਂ ਚੁਣੌਤੀਆਂ ਅਤੇ ਅਜ਼ਮਾਇਸ਼ਾਂ ਉੱਤੇ ਫ਼ਤਹਿ ਕਿਵੇਂ ਪਾਈ? ਹਰ ਵਾਰ ਉਸ ਨੇ ਬਾਈਬਲ ਵਿੱਚੋਂ ਹਵਾਲਾ ਦੇ ਕੇ ਜਵਾਬ ਦਿੱਤਾ, ਜਿਸ ਦੇ ਲੇਖਕਾਂ ਨੂੰ ਪਵਿੱਤਰ ਆਤਮਾ ਵੱਲੋਂ ਇਲਹਾਮ ਮਿਲਿਆ ਸੀ ਜਾਂ ਪ੍ਰੇਰਣਾ ਦਿੱਤੀ ਗਈ ਸੀ।

ਯੂਹੰਨਾ 3:34 ਵਿਚ ਅਸੀਂ ਪੜ੍ਹਦੇ ਹਾਂ ਕਿ ਮਸੀਹ ਨੂੰ ਆਤਮਾ ਮਿਣ ਕੇ ਨਹੀਂ ਮਿਲਿਆ, ਜਿਸ ਤੋਂ ਭਾਵ ਇਹ ਹੈ ਕਿ ਉਹਨੂੰ ਆਤਮਾ ਦੀ ਸ਼ਕਤੀ ਦੀ ਭਰਪੂਰੀ ਮਿਲੀ, ਜਿਸ ਨਾਲ ਉਹ, ਉਹ ਕੰਮ ਕਰ ਸਕਿਆ ਜਿਸਨੂੰ ਕਰਨ ਲਈ ਉਹ ਸੰਸਾਰ ਵਿਚ ਆਇਆ ਸੀ। ਇਸ ਦੇ ਨਾਲ ਹੀ, ਇਸ ਦਾ ਮਤਲਬ ਇਹ ਵੀ ਹੋਵੇਗਾ ਕਿ ਹੋਰਨਾਂ ਨੂੰ ਉਹ ਆਤਮਾ ਮਿਣ ਕੇ ਦਿੱਤਾ ਗਿਆ ਯਾਨੀ ਪਵਿੱਤਰ ਆਤਮਾ ਦੀ ਸ਼ਕਤੀ ਦੇ ਬਾਵਜੂਦ ਉਹ ਜੋ ਕੁਝ ਕਰ ਸਕਦੇ ਸਨ ਉਹ ਸੀਮਤ ਹੋਣਾ ਸੀ।

ਮਸੀਹ ਨੇ ਆਪਣੇ ਨੁਮਾਇੰਦੇ ਹੋਣ ਲਈ 12 ਪੁਰਖਾਂ ਦੀ ਚੋਣ ਕੀਤੀ ਤਾਂ ਜੋ ਉਹ ਉਸ ਦੇ ਜਾਣ ਦੇ ਬਾਅਦ ਉਸ ਦੇ ਕੰਮ ਨੂੰ ਪੂਰਾ ਕਰਨ। ਇਨ੍ਹਾਂ ਪੁਰਖਾਂ ਨੂੰ ਰਸੂਲ ਆਖਿਆ ਜਾਂਦਾ ਸੀ। ਰਸੂਲ ਹੋਣ ਦੀ ਇਕ ਯੋਗਤਾ ਇਹ ਸੀ ਕਿ ਉਹ ਉਸਦੀ ਸੇਵਕਾਈ ਦੇ ਸ਼ੁਰੂ ਤੋਂ ਲੈ ਕੇ ਉਸ ਦੇ ਜੀ ਉੱਠਣ ਤਕ ਯਿਸੂ ਦੇ ਨਾਲ ਰਿਹਾ ਹੋਵੇ। ਇਹੀ ਉਹ ਖਾਸ ਗੱਲ ਹੈ ਜਿਹੜੀ ਸਾਨੂੰ ਦੱਸਦੀ ਹੈ ਕਿ ਭਾਵੇਂ ਅੱਜ ਧਾਰਮਿਕ ਜਗਤ ਵਿਚ ਕੁਝ ਲੋਕ ਇਹ ਮਾਣ ਪਾਉਣ ਦਾ ਦਾਅਵਾ ਕਰਦੇ ਹਨ, ਪਰ ਸਾਨੂੰ ਪਤਾ ਹੈ ਕਿ ਅੱਜ ਸਾਡੇ ਸਮੇਂ ਵਿਚ ਕੋਈ ਰਸੂਲ ਨਹੀਂ ਹੈ।

ਜੀ ਉੱਠੇ ਪ੍ਰਭੂ ਦੇ ਰੂਪ ਵਿਚ, ਇਹ ਜਾਣਦਿਆਂ ਕਿ ਉਸ ਨੇ ਸੁਰਗ ਵਿਚ

ਪਿਤਾ ਕੋਲ ਵਾਪਿਸ ਪਰਤ ਜਾਣਾ ਸੀ, ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ, **''ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ''** (ਯੂਹੰਨਾ 16:7)। ਉਸ ਸਹਾਇਕ ਦੀ ਪਛਾਣ ਦੱਸਦਿਆਂ ਉਸ ਨੇ ਅੱਗੇ ਕਿਹਾ, ''ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਲ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ'' (ਯੂਹੰਨਾ 14:26)।

ਯਿਸੂ ਦੇ ਵਾਅਦੇ ਮੁਤਾਬਕ ਉਸ ਸਹਾਇਕ ਨੇ ਜੋ ਕਿ ਪਵਿੱਤਰ ਆਤਮਾ ਹੀ ਹੈ, ਕਈ ਚੀਜ਼ਾਂ ਕਰਨੀਆਂ ਸਨ, ਜਿਸ ਵਿਚ ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਜਾਣਾ (ਰਸੂਲਾਂ ਦੇ ਕਰਤੱਬ 2), ਉਨ੍ਹਾਂ ਨੂੰ ਤਸੱਲੀ ਦੇਣਾ, ਸਾਰੀ ਸਚਿਆਈ ਵਿਚ ਉਨ੍ਹਾਂ ਦੀ ਅਗਵਾਈ ਕਰਨਾ, ਉਨ੍ਹਾਂ ਨੂੰ ਉਹ ਸਭ ਗੱਲਾਂ ਚੇਤੇ ਕਰਵਾਉਣੀਆਂ ਜਿਹੜੀਆਂ ਮਸੀਹ ਨੇ ਉਨ੍ਹਾਂ ਦੇ ਨਾਲ ਰਹਿੰਦਿਆਂ ਉਨ੍ਹਾਂ ਨੂੰ ਸਿਖਾਈਆਂ ਸਨ, ਉਨ੍ਹਾਂ ਨੂੰ ਗੈਰ ਜ਼ਬਾਨਾਂ ਬੋਲਣ ਦੇ ਯੋਗ ਬਣਾਉਣਾ ਅਤੇ ਲੋਕਾਂ ਨੂੰ ਕਾਇਲ ਕਰਨ ਲਈ ਕਿ ਉਨ੍ਹਾਂ ਨੂੰ ਖ਼ੁਦਾ ਵੱਲੋਂ ਹੀ ਭੇਜਿਆ ਗਿਆ ਹੈ, ਉਨ੍ਹਾਂ ਦੇ ਰਾਹੀਂ ਮੋਅਜਜ਼ੇ ਜਾਂ ਚਮਤਕਾਰ ਵੀ ਕਰਨੇ ਸਨ।

ਪਰ ਰਸੂਲ ਉਹ ਸਾਰਾ ਕੰਮ ਨਹੀਂ ਕਰ ਸਕਦੇ ਸਨ ਜਿਹੜਾ ਕੀਤੇ ਜਾਣ ਦੀ ਲੋੜ ਸੀ। ਰਸੂਲਾਂ ਦੇ ਕਰਤੱਬ 6 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ ਕਿ ਪ੍ਰਭੂ ਨੇ ਉਨ੍ਹਾਂ ਨੂੰ ਸ਼ਕਤੀ ਦਿੱਤੀ ਕਿ ਉਹ ਕੁਝ ਚੁਣੇ ਹੋਏ ਚੇਲਿਆਂ ਉੱਤੇ ਹੱਥ ਰੱਖਣ ਤਾਂ ਜੋ ਉਹ ਵੀ ਪਵਿੱਤਰ ਆਤਮਾ ਦੇ ਰਾਹੀਂ ਮੋਅਜਜ਼ੇ ਕਰਨ ਦੀ ਸ਼ਕਤੀ ਪਾਉਣ। ਰਸੂਲਾਂ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਮਾਪ ਮਿਲਿਆ ਸੀ, ਅਤੇ ਉਹ ਦੂਜਿਆਂ ਉੱਤੇ ਹੱਥ ਰੱਖਣ ਦੇ ਰਾਹੀਂ ਉਨ੍ਹਾਂ ਨੂੰ ਸ਼ਕਤੀ ਦੇ ਸਕਦੇ ਸਨ। ਇਹ ਚੇਲੇ ਜਿਨ੍ਹਾਂ ਨੂੰ ਰਸੂਲਾਂ ਦੇ ਹੱਥ ਰੱਖਣ ਦਾ ਪਵਿੱਤਰ ਆਤਮਾ ਦਾ ਮਾਪ ਮਿਲਿਆ ਸੀ ਚਮਤਕਾਰ ਕਰਨ ਦੀ ਉਹ ਸ਼ਕਤੀ ਅੱਗੇ ਕਿਸੇ ਨੂੰ ਨਹੀਂ ਦੇ ਸਕਦੇ ਸਨ। ਅੱਗੇ ਅਧਿਐਨ ਵਿਚ ਅਸੀਂ ਇਸ ਬਾਰੇ ਹੋਰ ਜਾਣਾਂਗੇ।

ਰਸੂਲਾਂ ਦੇ ਕਰਤੱਬ 2:38 ਦੇ ਮੁਤਾਬਕ, ਅਖ਼ੀਰ ਵਿਚ ਸਭ ਨੂੰ ਪਾਪਾਂ ਦੇ ਧੋਣ ਲਈ, ਆਤਮਾ ਦਾ ਸਧਾਰਣ, ਜਾਂ ਗੈਰ ਚਮਤਕਾਰੀ ਮਾਪ ਮਿਲਿਆ।

ਪਵਿੱਤਰ ਆਤਮਾ ਨੇ ਰਸੂਲਾਂ ਦੇ ਰਾਹੀਂ ਅਤੇ ਉਨ੍ਹਾਂ ਦੇ ਰਾਹੀਂ ਜਿਨ੍ਹਾਂ ਉੱਤੇ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਰਸੂਲਾਂ ਨੇ ਹੱਥ ਰੱਖੇ ਸਨ, ਕੰਮ ਕੀਤਾ ਅਤੇ ਖ਼ੁਦਾ ਦਾ ਵਚਨ ਲਿਖਾਉਣ ਲਈ ਉਨ੍ਹਾਂ ਨੂੰ ਪ੍ਰੇਰਣਾ ਦਿੱਤੀ। ਨਵੇਂ ਨੇਮ ਦੇ ਮੁਕੰਮਲ ਹੋ ਜਾਣ ਦੇ ਬਾਅਦ, ਆਤਮਾ ਅੱਜ ਵਚਨ ਦੇ ਰਾਹੀਂ ਅਤੇ ਉਸ ਵਚਨ

ਦੀ ਸਿੱਖਿਆ ਦੇ ਮੁਤਾਬਕ ਸਾਡੇ ਨਾਲ ਕੰਮ ਕਰਦਾ ਹੈ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਪਵਿੱਤਰ ਆਤਮਾ ‘‘ਵਸਤੂ’’ ਹੈ ਜਾਂ ਵਿਅਕਤੀ?
2. ਤਿੰਨ ਸ਼ਖ਼ਸ ................, ................, ਅਤੇ ............... ................ ਇੱਕੋ ਪਰਮੇਸ਼ੁਰ ਜਾਂ ਖ਼ੁਦਾ [ਇਬਰਾਨੀ: *achid* ਤੋਂ ਭਾਵ ਇਕੱਠੇ, ਨਾ ਕਿ ਇਕੱਲਾ] ਹੈ (ਮੱਤੀ 28:19)।
3. ਅਫ਼ਸੀਆਂ 4:4–6 ਸਾਨੂੰ ਕੀ ਦੱਸਦਾ ਹੈ? ਰੋਮੀਆਂ 15:30 ਕੀ ਦੱਸਦਾ ਹੈ?
4. ‘‘ਇਕੱਲਾ ਯਿਸੂ’’ ਦੀ ਸਿੱਖਿਆ ਕੀ ਹੈ?
5. 2 ਪਤਰਸ 1:17–21 ਦੇ ਮੁਤਾਬਕ ਖ਼ੁਦਾਈ ਦੇ ਕਿਸ ਸ਼ਖ਼ਸ ਨੇ ਨਬੀਆਂ ਅਤੇ ਲੇਖਕਾਂ ਨੂੰ ਪਰਮੇਸ਼ੁਰ ਦਾ ਵਚਨ ਲਿਖਣ ਦੀ ਪ੍ਰੇਰਣਾ ਦਿੱਤੀ?
6. ਉਨ੍ਹਾਂ 29 ਗੱਲਾਂ ਵਿੱਚੋਂ ਜਿਨ੍ਹਾਂ ਤੋਂ ਸਾਨੂੰ ਪਵਿੱਤਰ ਆਤਮਾ ਬਾਰੇ ਚੰਗੀ ਤਰ੍ਹਾਂ ਨਾਲ ਸਾਫ਼ ਪਤਾ ਲਗਦਾ ਹੈ, 5 ਗੱਲਾਂ ਨੂੰ ਚੁਣ ਕੇ ਉਨ੍ਹਾਂ ਉੱਤੇ ਚਰਚਾ ਕਰੋ।
7. ਮਰੀਅਮ .......... ............... ਤੋਂ ਗਰਭਵਤੀ ਪਾਈ ਗਈ। ਇਸ ਤੋਂ ਖ਼ੁਦਾਈ ਦੇ ਇਕੱਠੇ ਹੋਣ ਦਾ ਕੀ ਪਤਾ ਲਗਦਾ ਹੈ?
8. ਯਿਸੂ ਦੇ ਬਪਤਿਸਮਾ ਲੈਣ ਵੇਲ਼ੇ ਕੀ ਹੋਇਆ ਸੀ?
9. ਯੂੰਹਨਾ 3:34 ਉਸ ਸ਼ਕਤੀ ਦੇ ਵਸੀਲੇ ਦੇ ਸਬੰਧ ਵਿਚ ਜਿਹਦੇ ਨਾਲ ਯਿਸੂ ਮੋਅਜਜ਼ੇ ਕਰਦਾ ਸੀ, ਸਾਨੂੰ ਕੀ ਦੱਸਦਾ ਹੈ?
10. ਯੂਹੰਨਾ 14:26 ਵਿਚ ਯਿਸੂ ਨੇ ਰਸੂਲਾਂ ਨਾਲ ਕੀ ਵਾਅਦਾ ਕੀਤਾ?

## ਪਾਠ 2



# ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ

ਬਾਈਬਲ ਸਾਨੂੰ ਦੱਸਦੀ ਹੈ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ, ਪ੍ਰਭੂ ਦਾ ਰਾਹ ਤਿਆਰ ਕਰਨ ਲਈ ਆਇਆ ਸੀ। ਦੂਜੇ ਸ਼ਬਦਾਂ ਵਿਚ, ਉਹ ਉਸ ਦੇ ਅੱਗੇ ਆਣ ਕੇ ਤੌਬਾ ਅਤੇ ਪਾਣੀ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ। ਭਾਵੇਂ ਪਰਮੇਸ਼ੁਰ ਦੀ ਨਜ਼ਰ ਵਿਚ ਮਸੀਹ ਕਾਮਿਲ ਸੀ, ਪਰ ਉਹ ਵੀ ਸਾਰੀ ਧਾਰਮਿਕਤਾ (ਰਾਸਤਬਾਜ਼ੀ) ਨੂੰ ਪੂਰਿਆਂ ਕਰਨ ਲਈ ਬਪਤਿਸਮਾ ਲੈਣ ਵਾਸਤੇ ਯੂਹੰਨਾ ਦੇ ਕੋਲ ਆਇਆ। ਬਾਅਦ ਵਿਚ ਉਸ ਨੇ ਆਪਣੇ ਰਸੂਲਾਂ ਨੂੰ ਪ੍ਰਚਾਰ ਕਰਨ ਲਈ ਘੱਲਿਆ ਅਤੇ ਕਿਹਾ ਕਿ **‘‘ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ’’** (ਮਰਕੁਸ 16:16)।

ਆਪਣੇ ਅਤੇ ਮਸੀਹ ਵਿਚਕਾਰ ਫ਼ਰਕ ਦੱਸਦਿਆਂ ਯੂਹੰਨਾ ਨੇ ਆਖਿਆ ਸੀ, **‘‘ਮੈਂ ਤਾਂ ਤੁਹਾਨੂੰ ਤੌਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੇ ਆਉਣ ਵਾਲਾ ਹੈ ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹ ਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ, ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ। ਉਹ ਦੀ ਤੰਗੁਲੀ ਉਹ ਦੇ ਹੱਥ ਵਿਚ ਹੈ ਅਤੇ ਉਹ ਆਪਣੇ ਪਿੜ ਨੂੰ ਚੰਗੀ ਤਰ੍ਹਾਂ ਸਾਫ਼ ਕਰੇਗਾ ਅਤੇ ਆਪਣੀ ਕਣਕ ਨੂੰ ਕੋਠੇ ਵਿਚ ਜਮ੍ਹਾ ਕਰੇਗਾ ਪਰ ਤੂੜੀ ਨੂੰ**

**ਉਸ ਅਗਨ ਵਿਚ ਸਾੜੇਗਾ ਜਿਹੜੀ ਬੁਝਣ ਵਾਲੀ ਨਹੀਂ''** (ਮੱਤੀ 3: 11–12)। ਯੂਹੰਨਾ ਇੱਥੇ ਭਲਾ ਕੀ ਆਖ ਰਿਹਾ ਹੈ? ਆਓ ਗੌਰ ਕਰੀਏ ਅਤੇ ਇਨ੍ਹਾਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਬੇਸ਼ੱਕ ਉਸ ਨੇ ਇਹ ਸਭ ਗੱਲਾਂ ਸਾਡੇ ਲਈ ਹੀ ਦਿੱਤੀਆਂ ਹਨ ਅਤੇ ਕੋਈ ਸ਼ੱਕ ਨਹੀਂ ਕਿ ਅਸੀਂ ਇਨ੍ਹਾਂ ਨੂੰ ਜਾਣ ਵੀ ਸਕਦੇ ਹਾਂ।

ਸ਼ੁਰੂ ਤੋਂ ਲੈ ਕੇ ਸ਼ੁਰੂ ਕਰਦੇ ਹਾਂ, ਯੂਹੰਨਾ ਇਹ ਦਰਸਾਉਂਦਾ ਹੈ ਕਿ ਮਸੀਹ ਨੇ ਉਸ ਨਾਲੋਂ ਬਹੁਤਾ ਵੱਡਾ ਹੋਣਾ ਸੀ। ਉਸ ਨੇ ਕਿਹਾ ਕਿ ਉਹ ਤਾਂ ਤੌਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਸੀ ਪਰ ਮਸੀਹ ਨੇ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਣਾ ਸੀ।

ਡਿਨੋਮਿਨੇਸ਼ਨਾਂ ਵੱਲੋਂ ਪਵਿੱਤਰ ਆਤਮਾ ਅਤੇ ਅੱਗ ਦੇ ਬਪਤਿਸਮੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਦੋਹਾਂ ਨੂੰ ਹੀ ਅੱਜ ਪ੍ਰਭਾਵੀ ਦੱਸਿਆ ਜਾਂਦਾ ਹੈ। ਪ੍ਰਚਾਰ ਕੀਤਾ ਜਾਂਦਾ ਹੈ ਕਿ ''ਪਵਿੱਤਰ ਆਤਮਾ ਦਾ ਬਪਤਿਸਮਾ'' ਅੱਜ ਦੇ ਵਿਸ਼ਵਾਸੀਆਂ ਵਾਸਤੇ ਹੈ ਅਤੇ ਜਿਹੜੇ ਇਹ ਬਪਤਿਸਮਾ ਪਾ ਲੈਂਦੇ ਹਨ ਉਨ੍ਹਾਂ ਨੂੰ ਮੋਅਜਜ਼ੇ ਅਰਥਾਤ ਚਮਤਕਾਰ ਕਰਨ ਦੀ ਸ਼ਕਤੀ ਮਿਲ ਜਾਂਦੀ ਹੈ। ਸ਼ੁੱਧ ਕੀਤੇ ਜਾਣ ਨੂੰ ਜਾਂ ਜ਼ਿੰਦਗੀ ਦੇ ਕਿਸੇ ਮੋੜ ਤੇ ਕੋਈ ਅਜ਼ਮਾਇਸ਼ ਆਉਣ ਨੂੰ ''ਅੱਗ ਦਾ ਬਪਤਿਸਮਾ'' ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਨਾਲ ਉਹ ਵਿਅਕਤੀ ਪ੍ਰਭੂ ਦੀ ਸੇਵਾ ਲਈ ਬੇਹਤਰ ਤਿਆਰ ਹੁੰਦਾ ਹੈ। ਸੁਆਲ ਹੈ ਕਿ ਬਾਈਬਲ ਇਹੀ ਸਿੱਖਿਆ ਦਿੰਦੀ ਹੈ ਜਾਂ ਕੋਈ ਹੋਰ?

ਪਵਿੱਤਰ ਆਤਮਾ ਦੇ ਅਤੇ ਅੱਗ ਦੇ ਬਪਤਿਸਮੇ ਬਾਰੇ ਸਮਝਣ ਲਈ ਸਾਨੂੰ ਜ਼ਰੂਰੀ ਹੈ ਕਿ ਇਹ ਵੇਖੀਏ ਕਿ ਇਹ ਕਿਸ ਸੰਦਰਭ ਵਿਚ ਕਿਹਾ ਗਿਆ ਹੈ। ਯੂਹੰਨਾ ਕਣਕ ਗਾਹੁੰਦੇ ਇਕ ਕਿਸਾਨ ਦੀ ਕਲਪਨਾ ਕਰਦਾ ਹੈ, ਜਿਹੜਾ ਤੂੜੀ ਨੂੰ ਕਣਕ ਨਾਲੋਂ ਅੱਡ ਕਰਨ ਲਈ ਹਵਾ ਵਿਚ ਉਡਾਉਂਦਾ ਹੈ ਅਤੇ ਕਣਕ ਨੂੰ ਤਾਂ ਇਕੱਠਾ ਕਰਕੇ ਆਪਣੇ ਗੁਦਾਮ ਵਿਚ ਪਾ ਲੈਂਦਾ ਹੈ ਪਰ ਤੂੜੀ ਨੂੰ ਸਾੜ ਦਿੰਦਾ ਹੈ। ਹਾਂ, ਉਹ ਆਖਦਾ ਹੈ ਕਿ ਮਸੀਹ ਵੀ ਲੋਕਾਂ ਨਾਲ ਇਸੇ ਤਰ੍ਹਾਂ ਕਰੇਗਾ। ਉਸ ਕੋਲ ਲੋਕਾਂ ਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਣ ਜਾਂ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਬਰਕਤ ਦੇਣ ਦਾ ਇਖ਼ਤਿਆਰ ਹੋਵੇਗਾ। ਪਰ ਤੂੜੀ ਨੂੰ, ਭਾਵ ਉਨ੍ਹਾਂ ਨੂੰ ਜਿਹੜੇ ਬੁਰੇ ਰਾਹ ਤੇ ਪੈ ਗਏ ਹਨ, ਅੱਗ ਵਿਚ ਸਾੜ ਦਿੱਤਾ ਜਾਵੇਗਾ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਨੂੰ ਅੱਗ ਦਾ ਬਪਤਿਸਮਾ (ਡੁਬਕੀ ਨਾਲ) ਦਿੱਤਾ ਜਾਵੇਗਾ। ਇਸ ਤਰ੍ਹਾਂ ਯੂਹੰਨਾ ਨੇ ਦੋ ਤਰ੍ਹਾਂ ਦੇ ਬਪਤਿਸਮਿਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿੱਚੋਂ ਇਕ ਚੰਗੇ ਲੋਕਾਂ ਲਈ ਹੈ ਅਤੇ ਦੂਜਾ ਬੁਰਿਆਰਾਂ ਲਈ।

ਬਾਈਬਲ ਵਿੱਚੋਂ ਅਸੀਂ ਦੇਖਦੇ ਹਾਂ ਕਿ ਯਿਸੂ ਨੇ ਰਸੂਲਾਂ ਕੋਲ ਆਪਣੇ ਚਲੇ ਜਾਣ ਤੋਂ ਬਾਅਦ ਇਕ ਸਹਾਇਕ ਅਰਥਾਤ ਪਵਿੱਤਰ ਆਤਮਾ ਘੱਲਣ ਦਾ ਵਾਅਦਾ

ਕੀਤਾ ਸੀ। ਯੂਹੰਨਾ 14 ਅਧਿਆਇ ਨੂੰ ਧਿਆਨ ਨਾਲ ਪੜ੍ਹਨ ਤੇ ਪਤਾ ਲਗਦਾ ਹੈ ਕਿ ਇਹ ਬਪਤਿਸਮਾ ਦੇਣ ਦਾ ਇਖ਼ਤਿਆਰ ਸਿਰਫ਼ ਮਸੀਹ ਕੋਲ ਹੀ ਹੈ ਅਤੇ ਇਹ ਬਪਤਿਸਮਾ ਦੇਣ ਦਾ ਵਾਅਦਾ ਸਿਰਫ਼ ਰਸੂਲਾਂ ਨਾਲ ਕੀਤਾ ਗਿਆ ਸੀ। ਪਵਿੱਤਰ ਆਤਮਾ ਦਾ ਬਪਤਿਸਮਾ ਮਿਲਣ ਨਾਲ ਉਨ੍ਹਾਂ ਨੂੰ ਉਹ ਸਭ ਗੱਲਾਂ ਜਿਹੜੀਆਂ ਯਿਸੂ ਨੇ ਉਨ੍ਹਾਂ ਦੇ ਨਾਲ ਰਹਿੰਦਿਆਂ ਉਨ੍ਹਾਂ ਨਾਲ ਕੀਤੀਆਂ ਸਨ ਯਾਦ ਕਰਨ ਦੀ ਸਚਿਆਈ ਨੂੰ ਦੱਸਣ, ਗੈਰ ਜ਼ਬਾਨਾਂ ਬੋਲਣ ਅਤੇ ਚਮਤਕਾਰ ਕਰਨ ਦੀ ਸਮਰੱਥਾ ਮਿਲ ਜਾਣੀ ਸੀ। ਉਨ੍ਹਾਂ ਨੂੰ ਇਹ ਸਮਰੱਥਾ ਜਾਂ ਸ਼ਕਤੀ, ਲੋਕਾਂ ਨੂੰ ਇਹ ਯਕੀਨ ਦੁਆਉਣ ਲਈ ਦਿੱਤੀ ਜਾਣੀ ਸੀ ਕਿ ਖ਼ੁਦਾ ਨੇ ਹੀ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਬਣਾ ਕੇ ਆਪਣੀ ਇੱਛਾ ਲੋਕਾਂ ਨੂੰ ਦੱਸਣ ਲਈ ਘੱਲਿਆ ਹੈ।

ਵਚਨ ਵਿਚ ਅੱਗੇ ਅਸੀਂ ਪੜ੍ਹਦੇ ਹਾਂ ਕਿ ਸ਼ਕਤੀ ਮਿਲ ਜਾਣ ਤੋਂ ਬਾਅਦ ''ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪ੍ਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਵਚਨ ਨੂੰ ਉਨ੍ਹਾਂ ਨਿਸ਼ਾਨਾਂ ਦੇ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ, ਸਾਬਤ ਕਰਦਾ ਸੀ'' (ਮਰਕੁਸ 16:20)। ਪਰ ਇਹ ਸਭ ਕਿੰਨੀ ਕੁ ਦੇਰ ਤਕ ਚੱਲਦਾ ਰਿਹਾ? ਜਿੱਨੀ ਦੇਰ ਤਕ ਰਸੂਲ ਜ਼ਿੰਦਾ ਰਹੇ, ਕਿਉਂ ਜੋ ਪਵਿੱਤਰ ਆਤਮਾ ਦਾ ਬਪਤਿਸਮਾ ਸਿਰਫ਼ ਉਨ੍ਹਾਂ ਨੂੰ ਹੀ ਮਿਲਿਆ ਹੋਇਆ ਸੀ। ਉਦੋਂ ਤਕ ਨਵਾਂ ਨੇਮ ਲਿਖਤੀ ਰੂਪ ਵਿਚ ਮੁਹੱਈਆ ਕਰਵਾ ਦਿੱਤਾ ਗਿਆ ਸੀ, ਅਤੇ ਵਚਨ ਦੇ ਪੱਕਾ ਹੋ ਜਾਣ ਦੇ ਬਾਅਦ ਨਿਸ਼ਾਨਾਂ ਜਾਂ ਚਮਤਕਾਰਾਂ ਦੀ ਹੁਣ ਕੋਈ ਲੋੜ ਨਹੀਂ ਰਹੀ ਸੀ।

ਅੱਜ ਬਹੁਤ ਸਾਰੇ ਲੋਕ ਹਨ, ਜਿਹੜੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੋਇਆ ਹੈ, ਪਰ ਉਨ੍ਹਾਂ ਦੀਆਂ ਗੱਲਾਂ ਆਪੋ ਵਿਚ ਕਦੇ ਰਲਦੀਆਂ ਨਹੀਂ, ਉਹ ਅਜਿਹੀਆਂ ਕਲੀਸੀਆਵਾਂ ਦੇ ਮੈਂਬਰ ਹੁੰਦੇ ਹਨ, ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿਚ ਨਹੀਂ ਮਿਲਦਾ ਅਤੇ ਉਹ, ਅਜਿਹੇ ਕੰਮ ਕਰਦੇ ਹੁੰਦੇ ਹਨ ਜਿਹੜੇ ਖ਼ੁਦਾ ਦੀ ਮਰਜ਼ੀ ਦੇ ਖ਼ਿਲਾਫ਼ ਹਨ। ਤਾਂ ਫਿਰ ਉਹ ਕਿਵੇਂ ਆਖ ਸਕਦੇ ਹਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੋਇਆ ਹੈ? ਸੱਚ ਤਾਂ ਇਹ ਹੈ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੀ ਨਹੀਂ। ਇਹ ਲੋਕ ਆਪ ਤਾਂ ਗੁਮਰਾ ਹਨ ਹੀ, ਹੋਰਨਾਂ ਨੂੰ ਵੀ ਗੁਮਰਾਹ ਕਰਦੇ ਹਨ।

ਮਸੀਹ ਦੀ ਸ਼ਕਤੀ ਦੇ ਰਾਹੀਂ ਹੀ ਪਿੰਤੇਕੁਸਤ ਵਾਲੇ ਦਿਨ ਰਸੂਲਾਂ ਉੱਤੇ ਪਵਿੱਤਰ ਆਤਮਾ ਵਹਾਇਆ ਗਿਆ (ਰਸੂਲਾਂ ਦੇ ਕਰਤੱਬ 2)। ਬਾਅਦ ਵਿਚ ਕੁਰਨੇਲਿਉਸ ਦੇ ਘਰ ਜਾਣ ਦੀ ਹਦਾਇਤ ਨੂੰ ਮੰਨਣ ਅਤੇ ਉਨ੍ਹਾਂ ਨੂੰ ਇੰਜੀਲ ਸੁਨਾਉਣ ਵੇਲੇ ਪਤਰਸ ਆਪ ਦੰਗ ਰਹਿ ਗਿਆ ਸੀ। **''ਅਤੇ ਜਾਂ ਮੈਂ ਗੱਲਾਂ ਕਰਨ ਲੱਗਾ ਤਾਂ**

**ਪਵਿੱਤਰ ਆਤਮਾ ਉਨ੍ਹਾਂ ਤੇ ਉਤਰਿਆ ਜਿਸ ਤਰਾਂ ਪਹਿਲਾਂ ਸਾਡੇ ਉੱਤੇ ਉਤਰਿਆ ਸੀ'**' (ਰਸੂਲਾਂ ਦੇ ਕਰਤੱਬ 11:15)। ਤੁਸੀਂ ਵੇਖੋਗੇ ਕਿ ਇਨ੍ਹਾਂ ਗੈਰਕੌਮਾਂ ਵਿੱਚੋਂ ਸਭ ਤੋਂ ਪਹਿਲਾਂ ਮਸੀਹ ਵਿਚ ਆਉਣ ਵਾਲਿਆਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਪਤਰਸ ਦੀ ਸ਼ਕਤੀ ਨਾਲ ਨਹੀਂ ਬਲਕਿ ਖ਼ੁਦਾ ਦੇ ਕੰਮ ਕਰਨ ਨਾਲ ਮਿਲਿਆ ਸੀ। ਇਹ ਅੱਜ ਦੇ ਉਨ੍ਹਾਂ ਪ੍ਰਚਾਰਕਾਂ ਲਈ ਚਿਤਾਵਨੀ ਹੋਣੀ ਚਾਹੀਦੀ ਹੈ ਜਿਹੜੇ ਪਵਿੱਤਰ ਆਤਮਾ ਨੂੰ ਉਨ੍ਹਾਂ ਦੇ ''ਵਿਸ਼ਵਾਸੀਆਂ'' ਉੱਤੇ ਉੱਤਰਣ ਦਾ ਹੁਕਮ ਦਿੰਦੇ ਹਨ। ਮਨੁੱਖ ਖ਼ੁਦਾ ਦੇ ਆਤਮਾ ਨੂੰ ਹੁਕਮ ਨਹੀਂ ਦਿੰਦਾ ਹੈ!

ਇਹ ਵੀ ਧਿਆਨ ਦਿਓ ਕਿ ਰਸੂਲਾਂ ਦੇ ਕਰਤੱਬ ਦੇ ਵਿਚਲੇ ਪੈਂਟੀਕਾਸਟ ਵਾਲੇ ਦਿਨ ਪਹਿਲੀ ਵਾਰ ਇੰਜੀਲ ਸੁਣਾਏ ਜਾਣ ਦੇ ਕਈ ਸਾਲਾਂ ਬਾਅਦ ਹੋਣ ਦੇ ਬਾਵਜੂਦ, ਰਸੂਲਾਂ ਦੇ ਕਰਤੱਬ 11 ਵਿਚ ਪਤਰਸ ਦੀ ਗੱਲ ਤੋਂ ਅਸੀਂ ਇਹ ਪੱਕਾ ਆਖ ਸਕਦੇ ਹਾਂ ਕਿ ਸਮੇਂ ਦੇ ਉਸ ਅੰਤਰਾਲ ਵਿਚ ਪਵਿੱਤਰ ਆਤਮਾ ਦਾ ਬਪਤਿਸਮਾ ਹੋਰ ਕਿਸੇ ਨੂੰ ਨਹੀਂ ਮਿਲਿਆ ਸੀ। ਪਤਰਸ ਨੇ ਭਲਾ ਕੀ ਕਿਹਾ ਸੀ? ਕਿ ''ਪਵਿੱਤਰ ਆਤਮਾ ਉਨ੍ਹਾਂ ਤੇ ਉੱਤਰਿਆ ਜਿਸ ਤਰ੍ਹਾਂ ਪਹਿਲਾਂ ਸਾਡੇ ਉੱਤੇ ਉੱਤਰਿਆ ਸੀ।'' ਜੋ ਕੁਝ ਹੋਇਆ ਸੀ ਉਸ ਸਭ ਨੂੰ ਵੇਖ ਕੇ ਪਤਰਸ ਆਪ ਹੈਰਾਨ ਸੀ। ਜ਼ਾਹਿਰ ਹੈ ਕਿ ਖ਼ੁਦਾ ਨੇ ਇਹ ਸਾਬਿਤ ਕਰਨ ਲਈ ਕਿ ਉਹ ਕਿਸੇ ਦਾ ਪੱਖ ਨਹੀਂ ਲੈਂਦਾ ਅਤੇ ਯੋਏਲ ਦੀ ਨਬੂਵਤ ਨੂੰ ਪੂਰਾ ਕਰਨ ਲਈ ਕਿ ''ਯਹੂਦੀ ਹੋਣ ਜਾਂ ਗੈਰਕੌਮ ਸਭ ਪ੍ਰਾਣੀ'' ਮਸੀਹ ਦੇ ਰਾਹੀਂ ਮੁਕਤੀ ਦੀ ਬਰਕਤ ਪਾਉਣਗੇ, ਆਤਮਾ ਦੇ ਇਸ ਵਹਾਏ ਜਾਣ ਨੂੰ ਗਵਾਹੀ ਵਜੋਂ ਵਰਤਿਆ ਕਿ ਉਸ ਨੇ ਗੈਰ ਕੌਮਾਂ ਵਿੱਚੋਂ ਮਨਬਦਲੀ ਕਰਨ ਵਾਲਿਆਂ ਨੂੰ ਕਲੀਸੀਆ ਵਿਚ ਕਬੂਲਣਾ ਸੀ (ਰਸੂਲਾਂ ਦੇ ਕਰਤੱਬ 10:11)।

ਬਾਈਬਲ ਵਿਚ ਕਿਸੇ ਦੇ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਦੇ ਸਿਰਫ਼ ਇਹੀ ਹਵਾਲੇ ਮਿਲਦੇ ਹਨ। ਇਸ ਖ਼ਾਸ ਬਪਤਿਸਮੇ ਦੀ ਵਰਤੋਂ ਦਾ ਅਤੇ ਇਸ ਨੂੰ ਦਿੱਤੇ ਜਾਣ ਦਾ ਸਮਾਂ ਬੀਤ ਚੁੱਕਿਆ ਹੈ। ਇਹ ਅਫ਼ਸੀਆਂ 4:5 ਵਾਲਾ ਉਹ ''ਇੱਕੋ ਬਪਤਿਸਮਾ'' ਨਹੀਂ ਹੈ। ਇਸ ਦੇ ਬਾਵਜੂਦ ਅੱਜ ਵੀ ਸਭ ਲੋਕਾਂ ਨੂੰ ਉਸ ਦੇ ਬਪਤਿਸਮੇ ਨਾਲ ਬਕਰਤ ਦਿੱਤੀ ਜਾਂਦੀ ਹੈ, ਕਿਉਂ ਜੋ ਰਸੂਲਾਂ ਨੂੰ ਸਚਿਆਈ ਦਾ ਪ੍ਰਚਾਰ ਕਰਨ ਅਤੇ ਲਿਖਤੀ ਵਚਨ ਦੇਣ ਲਈ ਪਵਿੱਤਰ ਆਤਮਾ ਦੀ ਤਰਫ਼ੋਂ ਅਗਵਾਈ ਦਿੱਤੀ ਗਈ ਸੀ।

ਪਰ ਉਸ ਦੂਜੇ ਬਪਤਿਸਮੇ ਬਾਰੇ, ਜਿਹੜਾ ਅੱਗ ਦਾ ਬਪਤਿਸਮਾ ਹੈ, ਕੀ ਕਿਹਾ ਗਿਆ ਹੈ? ਇਹ ਬਪਤਿਸਮਾ ਦੇਣ ਦਾ ਇਖ਼ਤਿਆਰ ਵੀ ਮਸੀਹ ਨੂੰ ਹੀ ਹੈ, ਪਰ ਇਹ ਬਪਤਿਸਮਾ ਧਰਮੀਆਂ ਲਈ ਨਹੀਂ, ਬਲਕਿ ਬੁਰਿਆਰਾਂ ਲਈ ਹੈ। ਬਾਈਬਲ ਦੱਸਦੀ ਹੈ ਕਿ ਅੰਤ ਦੇ ਦਿਨ ਮਸੀਹ ਸਭ ਹੁਕਮ ਨਾ ਮੰਨਣ ਵਾਲਿਆਂ

ਨੂੰ ਅੱਗ ਦੀ ਝੀਲ ਵਿਚ ਸੁੱਟ ਦਵੇਗਾ (ਪਰਕਾਸ਼ ਦੀ ਪੋਥੀ 19:20; 20:10)। ਅਸੀਂ ਪੜ੍ਹਦੇ ਹਾਂ ਕਿ ''ਡਰਾਕਲਾਂ, ਬੇ ਪਰਤੀਤਿਆਂ, ਘਿਣਾਉਣਿਆਂ, ਖ਼ੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਓਸ ਝੀਲ ਵਿਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ! ਇਹ ਦੂਈ ਮੌਤ ਹੈ'' (ਪ੍ਰਕਾਸ਼ ਦੀ ਪੋਥੀ 21:8)। ਇਹਦਾ ਮਤਲਬ ਇਹ ਹੋਇਆ ਕਿ ਯੂਹੰਨਾ ਨੂੰ ਯਿਸੂ ਵੱਲੋਂ ਦਿੱਤੇ ਜਾਣ ਵਾਲੇ ਜਿਸ ਅੱਗ ਦੇ ਬਪਤਿਸਮੇ ਦੀ ਗੱਲ ਕੀਤੀ, ਉਹ ਇਹੀ ਹੈ। ਤਾਂ ਆਓ, ਫਿਰ ਦੁਆ ਕਰੀਏ ਕਿ ਅਤੇ ਪ੍ਰਭੂ ਦੇ ਆਗਿਆਕਾਰ ਬਣੇ ਰਹਿਣ ਦੀ ਕੋਸ਼ਿਸ਼ ਕਰੀਏ ਤਾਂ ਜੋ ਕਿਤੇ ਸਾਨੂੰ ਅੱਗ ਦਾ ਬਪਤਿਸਮਾ ਨਾ ਮਿਲ ਜਾਵੇ।

ਬਪਤਿਸਮਾ ਦਫ਼ਨਾਏ ਜਾਣ ਨਾਲ ਹੁੰਦਾ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤੇ ਜਾਣ ਵੇਲੇ ਰਸੂਲਾਂ ਉੱਤੇ ਪਵਿੱਤਰ ਆਤਮਾ ਵਹਾਇਆ ਗਿਆ ਸੀ ਜਾਂ ਉਨ੍ਹਾਂ ਨੂੰ ਪਵਿੱਤਰ ਆਤਮਾ ਵਿਚ ਡੁਬਕੀ ਦਿੱਤੀ ਗਈ ਸੀ (ਰਸੂਲਾਂ ਦੇ ਕਰਤੱਬ 2:1–4)। ਅੰਤ ਦੇ ਦਿਨ ਜਦ ਦੁਸ਼ਟਾਂ ਨੂੰ ਅੱਗ ਦਾ ਬਪਤਿਸਮਾ ਦਿੱਤਾ ਜਾਵੇਗਾ, ਤਾਂ ਉਨ੍ਹਾਂ ਨੂੰ ਅੱਗ ਦੀ ਝੀਲ ਵਿਚ ਝੋਕਿਆ ਜਾਂ ਦਫ਼ਨਾਇਆ ਜਾਂ ਡੋਬਿਆ ਜਾਵੇਗਾ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਸਾਡੀ ਗੱਡੀ ਨਿੱਕਲ ਗਈ ਹੈ, ਅੱਗ ਦੇ ਬਪਤਿਸਮੇ ਦੀ ਗੱਡੀ ਅਜੇ ਆਈ ਨਹੀਂ ਹੈ, ਪਰ ਪਾਣੀ ਦੇ ਬਪਤਿਸਮੇ ਵਾਲੀ ਗੱਡੀ ਸਟੇਸ਼ਨ ਤੇ ਖੜੀ ਹੈ, ਜੋ ਕਿ ਪਾਪਾਂ ਦੀ ਮਾਫ਼ੀ ਲਈ ਜ਼ਰੂਰੀ ਹੈ (ਰਸੂਲਾਂ ਦੇ ਕਰਤੱਬ 2:38)।

ਅਫ਼ਸੀਆਂ 4:1–4 ਵਿਚ ਪੌਲੁਸ ਆਖਦਾ ਹੈ, ''ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਹੋ, ਉਹ ਦੇ ਜੋਗ ਚਾਲ ਚੱਲੋ। ਅਰਥਾਤ ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇਕ ਦੂਜੇ ਦੀ ਸਹਿ ਲਵੋ। ਅਤੇ ਮਿਲਾਪ ਦੇ ਬੰਧ ਵਿਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ। ਇੱਕੋ ਦੇਹੀ ਅਤੇ ਇੱਕੋ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿਚ ਸੱਦੇ ਗਏ।''

ਅੱਜ ਭਲਾ ਕੁੱਲ ਕਿੰਨੇ ਬਪਤਿਸਮੇ ਹਨ? ਖ਼ੁਦਾ ਦੇ ਵਚਨ ਦੇ ਮੁਤਾਬਕ, ਬਪਤਿਸਮੇ ਓਨੇ ਹੀ ਹਨ, ਜਿੰਨੇ ਖ਼ੁਦਾ ਹਨ। ਮਤਲਬ ਇੱਕੋ।

ਵਚਨ ਦੇ ਮੁਤਾਬਕ ਮੈਂ ਜਾਣਦਾ ਹਾਂ ਕਿ ਤੁਹਾਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਿਆ ਹੈ, ਅਤੇ ਮੈਨੂੰ ਇਹ ਵੀ ਪਤਾ ਹੈ ਕਿ ਤੁਹਾਨੂੰ ਅੱਗ ਦਾ ਬਪਤਿਸਮਾ ਵੀ ਨਹੀਂ ਮਿਲਿਆ ਹੈ। ਕਿਉਂਕਿ ਇਹ ਤਾਂ ਅੰਤ ਦੇ ਦਿਨ ਦੁਸ਼ਟਾਂ ਨੂੰ ਮਿਲੇਗਾ। ਤਾਂ ਫਿਰ ਸੁਆਲ ਇਹ ਹੈ ਕਿ ਕੀ ਤੁਹਾਡਾ ਬਪਤਿਸਮਾ ਪਾਪਾਂ ਦੀ ਮਾਫ਼ੀ ਵਾਸਤੇ ਪਾਣੀ ਵਿਚ ਹੋਇਆ ਹੈ?

# ਸਹਾਇਕ ਦਾ ਵਾਅਦਾ

ਪ੍ਰਭੂ ਯਿਸੂ ਇਸ ਸੰਸਾਰ ਵਿਚ ਪਾਪੀਆਂ ਨੂੰ ਬਚਾਉਣ ਦੀ ਖ਼ਾਤਿਰ ਆਇਆ ਸੀ (1 ਤਿਮੋਥਿਉਸ 1: 15)। ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਉਹ ਗੁਆਚਿਆਂ ਹੋਇਆਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਬਚਾਉਣ ਦੇ ਲਈ ਆਇਆ (ਲੂਕਾ 19: 10)। ਇਸ ਦੇ ਅਤੇ ਇਸ ਸਚਿਆਈ ਦੇ ਬਾਵਜੂਦ ਵੀ ਕਿ ਮਸੀਹ ਮੌਤ ਤੋੜੀ ਬੇਗੁਨਾਹ ਰਿਹਾ ਅਤੇ ਸਿਰਫ਼ ਭਲਿਆਈ ਹੀ ਕਰਦਾ ਰਿਹਾ, ਉਸ ਦੇ ਵੈਰੀ ਵੀ ਸਨ ਅਤੇ ਅਖ਼ੀਰ ਉਹਨੂੰ ਉਸ ਜ਼ਾਲਮ ਸਲੀਬ ਉੱਤੇ ਚਾੜ੍ਹ ਦਿੱਤਾ ਜਾਣਾ ਸੀ। ਉਸ ਨੂੰ ਇਹ ਸਭ ਪਤਾ ਸੀ ਅਤੇ ਆਪਣੇ ਕੰਮ ਨੂੰ ਅੱਗੇ ਚਲਾਉਣ ਲਈ, ਉਸ ਨੇ 12 ਆਦਮੀ ਚੁਣੇ, ਉਨ੍ਹਾਂ ਨੂੰ ਰਸੂਲ ਆਖਿਆ, ਉਨ੍ਹਾਂ ਨੂੰ ਸਿਖਲਾਈ ਦੇ ਕੇ ਤਿਆਰ ਕੀਤਾ ਤਾਂ ਜੋ ਜਦੋਂ ਉਹ ਇਸ ਸੰਸਾਰ ਵਿੱਚੋਂ ਚਲਿਆ ਜਾਵੇ ਤਾਂ ਉਹ ਸਭ ਉਸਦੇ ਕੰਮ ਨੂੰ ਅੱਗੇ ਤੋਰਨ। ਪਰ ਉਹ ਇਹ ਵੀ ਜਾਣਦਾ ਸੀ ਕਿ ਉਹ ਤਾਂ ਨਿਰੇ ਇਨਸਾਨ ਹੀ ਸਨ, ਜਿਹੜੇ ਗ਼ਲਤੀ ਕਰ ਸਕਦੇ ਸਨ, ਬਹੁਤ ਸਾਰੀਆਂ ਗੱਲਾਂ ਜਿਹੜੀਆਂ ਉਸ ਨੇ ਉਨ੍ਹਾਂ ਨੂੰ ਦੱਸੀਆਂ ਹਨ, ਭੁੱਲ ਸਕਦੇ ਸਨ। ਜਾਂ ਹੋ ਸਕਦਾ ਸੀ ਕਿ ਜਿਹੜੀਆਂ ਸਚਿਆਈਆਂ ਉਹ ਜਗਤ ਵਿਚ ਪਹੁੰਚਾਉਣਾ ਚਾਹੁੰਦਾ ਸੀ, ਉਨ੍ਹਾਂ ਨੂੰ ਉਹਦੀ ਸਮਝ ਨਾ ਆਈ ਹੋਵੇ। ਇਹ ਯਕੀਨੀ ਬਣਾਉਣ ਲਈ ਕਿ ਉਨ੍ਹਾਂ ਦੀ ਅਗਵਾਈ ਅਤੇ ਰਹਿਨੁਮਾਈ ਸਹੀ ਹੋ ਰਹੀ ਹੈ, ਉਸ ਨੇ ਵਾਅਦਾ ਕੀਤਾ ਕਿ ਆਪਣੇ ਚਲੇ ਜਾਣ ਦੇ ਮਗਰੋਂ ਉਹ ਉਨ੍ਹਾਂ ਲਈ ਇਕ ਸਹਾਇਕ ਘੱਲੇਗਾ।

ਨਵੇਂ ਨੇਮ ਵਿਚ ਯੂਹੰਨਾ ਦੀ ਕਿਤਾਬ ਵਿੱਚੋਂ ਅਸੀਂ ਸਹਾਇਕ ਬਾਰੇ ਲਿਖੀਆਂ ਕੁਝ ਗੱਲਾਂ ਨੂੰ ਪੜ੍ਹਦੇ ਹਾਂ। ਰਸੂਲਾਂ ਨਾਲ ਗੱਲ ਕਰਦਿਆਂ ਮਸੀਹ ਨੇ ਆਖਿਆ ਸੀ, **‘‘ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ। ਅਰਥਾਤ ਸਚਿਆਈ ਦਾ ਆਤਮਾ ਜਿਹ ਨੂੰ ਜਗਤ ਨਹੀਂ ਪਾ ਸਕਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿਚ ਹੋਵੇਗਾ। ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ। ਹੁਣ ਥੋੜੇ ਚਿਰ ਪਿੱਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ। ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ। ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿਚ ਅਰ ਤੁਸੀਂ ਮੇਰੇ ਵਿਚ ਅਤੇ ਮੈਂ ਤੁਹਾਡੇ ਵਿਚ ਹਾਂ। ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਰਕਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ’’** (ਯੂਹੰਨਾ 14: 16–21)।

ਮਸੀਹ ਨੇ ਰਸੂਲਾਂ ਨੂੰ ਅੱਗੇ ਕਿਹਾ, **''ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ। ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰਾਂ ਸੰਸਾਰ ਦਿੰਦਾ ਹੈ ਮੈਂ ਉਸ ਤਰਾਂ ਤੁਹਾਨੂੰ ਨਹੀਂ ਦਿੰਦਾ ਹਾਂ। ਤੁਹਾਡਾ ਦਿਲ ਨਾ ਘਬਰਾਵੇ ਅਤੇ ਨਾ ਡਰੇ। ਤੁਸਾਂ ਸੁਣਿਆ ਜੋ ਮੈਂ ਤੁਹਾਨੂੰ ਆਖਿਆ ਸੀ ਭਈ ਮੈਂ ਚੱਲਿਆ ਜਾਂਦਾ ਹਾਂ, ਫੇਰ ਤੁਹਾਡੇ ਕੋਲ ਆਉਂਦਾ ਹਾਂ। ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਤਾਂ ਐਸ ਤੋਂ ਅਨੰਦ ਹੁੰਦੇ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਕਿਉਂ ਜੋ ਪਿਤਾ ਮੈਥੋਂ ਵੱਡਾ ਹੈ''** (ਯੂਹੰਨਾ 14:26–28)।

ਫਿਰ ਮਸੀਹ ਨੇ ਸਮਝਾਇਆ, **''ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿਚ ਸਾਖੀ ਦੇਵੇਗਾ। ਅਤੇ ਤੁਸੀਂ ਵੀ ਗਵਾਹ ਹੋ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ''** (ਯੂਹੰਨਾ 15:26, 27)।

ਅਸੀਂ ਪੜ੍ਹਦੇ ਹਾਂ ਕਿ ਅੱਗੇ ਉਸ ਨੇ ਕਿਹਾ, **''ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ। ਅਤੇ ਉਹ ਆਣ ਕੇ ਜਗਤ ਨੂੰ ਪਾਪ, ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰੇਗਾ। ਪਾਪ ਦੇ ਵਿਖੇ ਇਸ ਲਈ ਜੋ ਓਹ ਮੇਰੇ ਉੱਤੇ ਨਿਹਚਾ ਨਹੀਂ ਕਰਦੇ ਹਨ। ਧਰਮ ਦੇ ਵਿਖੇ ਇਸ ਲਈ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਅਤੇ ਤੁਸੀਂ ਮੈਨੂੰ ਫੇਰ ਨਹੀਂ ਵੇਖੋਗੇ। ਨਿਆਉਂ ਦੇ ਵਿਖੇ ਇਸ ਲਈ ਜੋ ਇਸ ਜਗਤ ਦੇ ਸਰਦਾਰ ਦਾ ਨਿਆਉਂ ਕੀਤਾ ਗਿਆ ਹੈ।**

**ਅਜੇ ਮੈਂ ਤੁਹਾਡੇ ਨਾਲ ਬਹੁਤੀਆਂ ਗੱਲਾਂ ਕਰਨੀਆਂ ਹਨ ਪਰ ਹੁਣੇ ਤੁਸੀਂ ਸਹਾਰ ਨਹੀਂ ਸੱਕਦੇ। ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ। ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ। ਸੱਭੋ ਕੁਝ ਜੋ ਪਿਤਾ ਦਾ ਹੈ ਸੋ ਮੇਰਾ ਹੈ। ਇਸੇ ਕਾਰਣ ਮੈਂ ਆਖਿਆ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦੱਸੇਗਾ। ਥੋੜੇ ਚਿਰ ਪਿੱਛੋਂ ਤੁਸੀਂ ਮੈਨੂੰ ਫੇਰ ਨਾ ਵੇਖੋਗੇ ਅਤੇ ਫੇਰ ਥੋੜੇ ਚਿਰ ਪਿੱਛੋਂ ਤੁਸੀਂ ਮੈਨੂੰ ਵੇਖੋਗੇ''** (ਯੂਹੰਨਾ 16:7–16)।

### ਹੁਣ ਇਨ੍ਹਾਂ ਸਭ ਆਇਤਾਂ ਵਿਚ ਇਹ ਗੱਲਾਂ ਮਿਲਦੀਆਂ ਹਨ:

- ਮਸੀਹ ਇੱਥੇ ਸਿਰਫ਼ ਰਸੂਲਾਂ ਦੇ ਨਾਲ ਗੱਲ ਕਰ ਰਿਹਾ ਸੀ।
- ਇਸ ਕਰਕੇ ਉਹਨੇ ਸਹਾਇਕ ਦਾ ਵਾਅਦਾ ਸਿਰਫ਼ ਉਨ੍ਹਾਂ ਦੇ ਨਾਲ ਹੀ ਕੀਤਾ, ਪੂਰੀ ਦੁਨੀਆਂ ਦੇ ਨਾਲ ਨਹੀਂ ਅਤੇ ਨਾ ਹੀ ਹੋਰਨਾਂ ਚੇਲਿਆਂ ਦੇ ਨਾਲ।
- ਸਹਾਇਕ ਦੀ ਪਛਾਣ ਪਵਿੱਤਰ ਆਤਮਾ ਵਜੋਂ ਕਰਵਾਈ ਗਈ।
- ਪ੍ਰਭੂ ਦੇ ਜਾਣ ਦੇ ਬਾਅਦ ਸਹਾਇਕ ਨੇ ਰਸੂਲਾਂ ਦੇ ਕੋਲ ਆਉਣਾ ਸੀ।
- ਸਹਾਇਕ ਅਰਥਾਤ ਪਵਿੱਤਰ ਆਤਮਾ ਨੇ, ਉਨ੍ਹਾਂ ਦੇ ਨਾਲ ਰਹਿਣਾ ਸੀ, ਉਨ੍ਹਾਂ ਨੂੰ ਉਹ ਸਭ ਗੱਲਾਂ ਚੇਤੇ ਕਰਵਾਉਣੀਆਂ ਸਨ, ਜਿਹੜੀਆਂ ਯਿਸੂ ਨੇ ਉਨ੍ਹਾਂ ਦੇ ਨਾਲ ਰਹਿੰਦਿਆਂ ਉਨ੍ਹਾਂ ਨੂੰ ਸਿਖਾਈਆਂ ਸਨ, ਸਾਰੀ ਸਚਿਆਈ ਵਿਚ ਉਨ੍ਹਾਂ ਦੀ ਅਗਵਾਈ ਕਰਨੀ ਸੀ, ਹੋਣ ਵਾਲੀਆਂ ਗੱਲਾਂ ਉਨ੍ਹਾਂ ਉੱਤੇ ਜ਼ਾਹਰ ਕਰਨੀਆਂ ਸਨ, ਉਨ੍ਹਾਂ ਨੂੰ ਗੈਰ ਜ਼ਬਾਨਾਂ ਬੋਲਣ ਦੇ ਯੋਗ ਬਣਾਉਣਾ ਸੀ, ਉਨ੍ਹਾਂ ਦੇ ਰਾਹੀਂ ਚਮਤਕਾਰ ਭਾਵ ਮੋਅਜਜ਼ੇ ਕਰਨੇ ਸਨ।
- ਉਨ੍ਹਾਂ ਲਈ ਸਹਾਇਕ ਸਿਰਫ਼ ਮਸੀਹ ਹੀ ਘੱਲ ਸਕਦਾ ਸੀ।
- ਸਹਾਇਕ ਮਿਲਣ ਨਾਲ ਰਸੂਲਾਂ ਨੇ ਜਿਹੜੇ ਮੁੱਢ ਤੋਂ ਪ੍ਰਭੂ ਦੇ ਨਾਲ ਰਹੇ ਸਨ, ਉਸਦੀ ਗਵਾਹੀ ਦੇਣੀ ਸੀ।

ਰਸੂਲਾਂ ਉੱਤੇ ਪਵਿੱਤਰ ਆਤਮਾ ਭੇਜਣ ਦੇ ਪ੍ਰਭੂ ਦੇ ਵਾਅਦੇ ਦੀ ਗੱਲ ਲੂਕਾ ਨੇ ਵੀ ਲਿਖੀ ਹੈ। ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਤੋਂ ਬਾਅਦ ਪ੍ਰਭੂ ਯਿਸੂ ਨੇ ਰਸੂਲਾਂ ਨੂੰ ਦਰਸ਼ਨ ਦੇ ਕੇ ਆਖਿਆ, ‘‘**ਏਹ ਮੇਰੀਆਂ ਓਹੋ ਗੱਲਾਂ ਹਨ ਜਿਹੜੀਆਂ ਮੈਂ ਤੁਹਾਡੇ ਨਾਲ ਹੁੰਦਿਆਂ ਹੋਇਆਂ ਤੁਹਾਨੂੰ ਆਖੀਆਂ ਭਈ ਉਨ੍ਹਾਂ ਸਭਨਾਂ ਗੱਲਾਂ ਦਾ ਪੂਰਾ ਹੋਣਾ ਜ਼ਰੂਰੀ ਹੈ ਜੋ ਮੂਸਾ ਦੀ ਤੁਰੇਤ ਅਤੇ ਨਬੀਆਂ ਦੀਆਂ ਪੁਸਤਕਾਂ ਅਤੇ ਜ਼ਬੂਰਾਂ ਵਿਚ ਮੇਰੇ ਹੱਕ ਵਿਚ ਲਿਖੀਆਂ ਹੋਈਆਂ ਹਨ। ਤਦ ਉਸ ਨੇ ਉਨ੍ਹਾਂ ਦੀ ਬੁੱਧ ਖੋਲ੍ਹ ਦਿੱਤੀ ਜੋ ਪੁਸਤਕਾਂ ਨੂੰ ਸਮਝ ਲੈਣ। ਅਤੇ ਉਨ੍ਹਾਂ ਨੂੰ ਆਖਿਆ ਕਿ ਇਉਂ ਲਿਖਿਆ ਹੈ ਜੋ ਮਸੀਹ ਦੁੱਖ ਝੱਲੇਗਾ ਅਰ ਤੀਏ ਦਿਨ ਮੁਰਦਿਆਂ ਵਿੱਚੋਂ ਫੇਰ ਜੀ ਉੱਠੇਗਾ। ਅਤੇ ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿਚ ਉਹ ਦੇ ਨਾਮ ਉੱਤੇ ਤੌਬਾ ਅਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ। ਤੁਸੀਂ ਇਨ੍ਹਾਂ ਗੱਲਾਂ ਦੇ ਗਵਾਹ ਹੋ। ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿਚ ਰਹੋ। ਉਹ ਉਨ੍ਹਾਂ ਨੂੰ ਬਾਹਰ ਬੈਤਅਨੀਆ ਦੇ ਸਾਹਮਣੇ ਲੈ ਗਿਆ ਅਰ ਆਪਣੇ ਹੱਥ ਉਠਾ ਕੇ ਉਨ੍ਹਾਂ ਨੂੰ ਅਸੀਸ ਦਿੱਤੀ। ਅਤੇ ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਨੂੰ ਅਸੀਸ ਦੇ ਰਿਹਾ ਸੀ ਤਾਂ ਉਹ ਉਨ੍ਹਾਂ ਤੋਂ ਅਲੱਗ ਹੋਇਆ ਅਰ ਅਕਾਸ਼ ਉੱਤੇ ਉਠਾਇਆ ਗਿਆ।**

**ਅਤੇ ਓਹ ਉਸ ਨੂੰ ਸੀਸ ਨਿਵਾ ਕੇ ਵੱਡੀ ਖੁਸ਼ੀ ਨਾਲ ਯਰੂਸ਼ਲਮ ਨੂੰ ਮੁੜੇ। ਅਰ ਹੈਕਲ ਵਿਚ ਨਿੱਤ ਪਰਮੇਸ਼ੁਰ ਦਾ ਧੰਨਵਾਦ ਕਰਦੇ ਰਹੇ''** (ਲੂਕਾ 24: 44–53)।

ਬਾਈਬਲ ਵਿਚ ਰਸੂਲਾਂ ਦੇ ਕਰਤੱਬ ਦਾ 1 ਅਧਿਆਇ 26 ਆਇਤ ਵਿਚ ਯਹੂਦਾ ਦੀ ਥਾਂ ਮੱਥਿਆਸ ਨੂੰ ਚੁਣੇ ਜਾਣ ਨਾਲ ਖਤਮ ਹੋ ਜਾਂਦਾ ਹੈ। ਇਹ ਆਇਤ **''ਉਹ ਉਨ੍ਹਾਂ ਗਿਆਰਾਂ ਰਸਲੂਾਂ ਨਾਲ ਗਿਣਿਆ ਗਿਆ''** ਦੇ ਨਾਲ ਮੁੱਕ ਜਾਂਦੀ ਹੈ। ਹੁਣ ਅਸੀਂ ਰਸੂਲਾਂ ਦੇ ਕਰਤੱਬ 2 ਅਧਿਆਇ ਨਾਲ ਸ਼ੁਰੂ ਕਰਦੇ ਹਾਂ। ਯਾਦ ਰੱਖੋ ਕਿ ਮੂਲ ਹੱਥਲਿਖਤ ਨੂੰ ਆਇਤਾਂ ਅਤੇ ਅਧਿਆਇਆਂ ਵਿਚ ਨਹੀਂ ਵੰਡਿਆ ਗਿਆ ਸੀ। ਵਿਚਾਰ ਅਤੇ ਗਤੀਵਿਧੀ ਦੀ ਲੜੀ ਚੱਲਦੀ ਰਹਿੰਦੀ ਹੈ। ਇਸ ਕਰਕੇ ਆਇਤ 26 ਦਾ ਆਖਰੀ ਨਾਂਉਂ ਸ਼ਬਦ ''ਰਸੂਲਾਂ'' ਅਤੇ ਰਸੂਲਾਂ ਦੇ ਕਰਤੱਬ 2: 1 ਦਾ ਮੁੱਢਲਾ ਪੜਨਾਉਂ ''ਓਹ'' ਅਗੇਤਰ ਦਾ ਕੰਮ ਕਰਦਾ ਹੈ ਅਤੇ ਇਸ ਨੂੰ ਇਵੇਂ ਪੜ੍ਹਿਆ ਜਾਵੇਗਾ: ''**ਜਾਂ ਪੰਤੇਕੁਸਤ ਦਾ ਦਿਨ ਆਇਆ ਤਾਂ ਉਹ ਸਭ** [ਰਸੂਲ] **ਇਕ ਥਾਂ ਇਕੱਠੇ ਸਨ''** (ਰਸੂਲਾਂ ਦੇ ਕਰਤੱਬ 2: 1)। ਅੱਗੇ ਪੜ੍ਹਨ ਤੇ ਵਚਨ ਦੱਸਦਾ ਹੈ ਕਿ **''ਅਚਾਨਕ ਅਕਾਸ਼ ਤੋਂ ਇਕ ਗੂੰਜ ਆਈ ਜਿਹੀ ਵੱਡੀ ਭਾਰੀ ਹਨੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ''** (ਰਸੂਲਾਂ ਦੇ ਕਰਤੱਬ 2:2)।

ਇਸ ਗੂੰਜ ਨਾਲ ਸਾਰਾ ਘਰ ਭਰ ਗਿਆ, ਜਿੱਥੇ **ਕੌਣ** ਬੈਠਾ ਸੀ? ਜਿੱਥੇ ਰਸੂਲ ਬੈਠੇ ਸਨ। **''ਅਰ ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ** (ਰਸੂਲਾਂ) **ਵਿੱਚੋਂ ਹਰੇਕ ਉੱਤੇ ਠਹਿਰੀਆਂ।''** **''ਓਹ ਸੱਭੇ** (ਰਸੂਲ) **ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ''** (ਰਸੂਲਾਂ ਦੇ ਕਰਤੱਬ 2:3, 4)।

ਫਿਰ ਪਤਰਸ ਉਨ੍ਹਾਂ ਗਿਆਰਾਂ ਦੇ ਨਾਲ ਖੜਾ ਹੋ ਕੇ ਬੋਲਣ ਲੱਗਾ। ਭਲਾ ਇਹ ਗਿਆਰਾਂ ਕੌਣ ਸਨ? ਬੇਸ਼ੱਕ ਇਹ ਰਸੂਲ ਹੀ ਸਨ। ਪਤਰਸ ਨੇ ਸਮਝਾਇਆ ਕਿ ਇਹ ਰਸੂਲ ਨਸ਼ੇ ਵਿਚ ਨਹੀਂ ਸਨ ਜਿਵੇਂ ਕਿ ਭੀੜ ਦੇ ਕੁਝ ਲੋਕ ਮਜ਼ਾਕ ਵਿਚ ਸਮਝ ਰਹੇ ਸਨ ਬਲਕਿ ਇਹ ਤਾਂ ਯੋਏਲ ਨਬੀ ਦੀ ਜ਼ਬਾਨੀ ਕਹੀ ਗਈ ਗੱਲ ਪੂਰੀ ਹੋ ਰਹੀ ਸੀ **''ਕਿ ਅੰਤ ਦੇ ਦਿਨਾਂ ਵਿਚ ਇਓਂ ਹੋਵੇਗਾ, ਜੋ ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ''** (ਰਸੂਲਾਂ ਦੇ ਕਰਤੱਬ 2: 14–17)।

**ਭਲਾ ਖ਼ੁਦਾ ਨੇ ਇਹ ਵਾਅਦਾ ਪੂਰਾ ਕੀਤਾ?** ਬਿਲਕੁਲ। ਉਸ ਵਾਅਦੇ ਨੂੰ ਪੂਰਾ ਕਰਨ ਲਈ ਉਸ ਨੇ ਯਹੂਦੀ ਹੋਣ ਜਾਂ ਗੈਰਕੌਮ, ਸਭ ਹੁਕਮ ਮੰਨਣ ਵਾਲਿਆਂ ਨੂੰ ਆਪਣੇ ਆਤਮਾ ਦੇ ਮਾਪ ਦਿੱਤੇ:

(1) ਉਸ ਨੇ ਰਸੂਲਾਂ (ਪੌਲੁਸ ਰਸੂਲ ਨੂੰ ਵੀ ਜਿਹੜਾ ਅਧੂਰੇ ਦਿਨਾਂ ਦਾ ਜੰਮਿਆ ਰਸੂਲ ਸੀ] ਨੂੰ ਅਤੇ ਕੁਰਨੇਲਿਯੁਸ ਨੂੰ ਵੀ **ਪਵਿੱਤਰ ਆਤਮਾ ਦਾ ਬਪਤਿਸਮਾ** ਦਿੱਤਾ।

(2) ਉਸ ਨੇ ਰਸੂਲਾਂ ਨੂੰ ਚੁਣੇ ਹੋਏ ਖਾਸ ਚੇਲਿਆਂ ਉੱਤੇ **ਹੱਥ ਰੱਖਣ** ਦੇ ਯੋਗ ਬਣਾਇਆ ਤਾਂ ਜੋ ਉਹ ਵੀ ਆਤਮਾ ਦੇ ਚਮਤਕਾਰ ਕਰਨ ਵਾਲੇ ਦਾਨਾਂ ਨੂੰ ਪਾ ਸਕਣ, ਜਿਵੇਂ ਕਿ ਰਸੂਲਾਂ ਦੇ ਕਰਤੱਬ 6 ਅਧਿਆਇ ਵਿਚ ਮਿਲਦਾ ਹੈ।

(3) ਅਤੇ ਅਖ਼ੀਰ ਵਿਚ ਪ੍ਰਭੂ ਦਾ ਹੁਕਮ ਮੰਨਣ ਵਾਲੇ ਸਭ ਲੋਕਾਂ ਨੂੰ, ਅੱਜ ਸਾਡੇ ਸਮੇਂ ਵਿਚ ਵੀ ਪਵਿੱਤਰ ਆਤਮਾ ਦਾ ਦਾਨ ਭਾਵ ਵਾਸ ਮਿਲਦਾ ਹੈ ਜੋ ਕਿ ਗੈਰ ਚਮਤਕਾਰੀ ਹੈ (ਰਸੂਲਾਂ ਦੇ ਕਰਤੱਬ 2:38)।

ਰਸੂਲਾਂ ਦੇ ਕਰਤੱਬ 2 ਦੇ ਅਧਿਐਨ ਨੂੰ ਜਾਰੀ ਰੱਖਦਿਆਂ ਅਸੀਂ ਰਸੂਲਾਂ ਨੂੰ ਉੱਥੇ ਜਮ੍ਹਾ ਹੋਏ ਲੋਕਾਂ ਨੂੰ ਖੁਸ਼ਖ਼ਬਰੀ ਸੁਣਾਉਂਦਿਆਂ ਵੇਖਦੇ ਹਾਂ ਜਿਸ ਵਿਚ ਤਿੰਨ ਹਜ਼ਾਰ ਦੇ ਕਰੀਬ ਲੋਕਾਂ ਨੇ ਆਪਣੇ ਪਾਪਾਂ ਤੋਂ ਤੌਬਾ ਕਰਕੇ ਬਪਤਿਸਮਾ ਲੈ ਕੇ ਖ਼ੁਦਾ ਦੇ ਹੁਕਮ ਨੂੰ ਮੰਨਿਆ ਸੀ। ਨਤੀਜੇ ਵਜੋਂ ਆਇਤ 38 ਵਾਲੇ ਵਾਅਦੇ ਦੇ ਮੁਤਾਬਿਕ ਉਨ੍ਹਾਂ ਨੂੰ ਆਪਣੇ ਪਾਪਾਂ ਦੀ ਮਾਫ਼ੀ ਅਤੇ ਪਵਿੱਤਰ ਆਤਮਾ ਦਾ ਦਾਨ ਮਿਲ ਗਿਆ। ਆਇਤ 47 ਦੱਸਦੀ ਹੈ ਕਿ ਪ੍ਰਭੂ ਨੇ ਉਨ੍ਹਾਂ ਨੂੰ ਆਪਣੀ ਕਲੀਸੀਆ ਵਿਚ ਰਲ਼ਾ ਲਿਆ।

ਓਸੇ ਅਧਿਆਇ ਵਿਚ ਇਹ ਵੀ ਧਿਆਨ ਦੁਆਇਆ ਗਿਆ ਹੈ ਕਿ ਪ੍ਰਭੂ ਦਾ ਹੁਕਮ ਮੰਨਣ ਵਾਲੇ ਲੋਕ ਰਸੂਲਾਂ ਦੀ ਸਿੱਖਿਆ ਵਿਚ ਬਣੇ ਰਹੇ ਅਤੇ ਰਸੂਲਾਂ ਦੇ ਹੱਥੀਂ ਬਹੁਤ ਸਾਰੇ ਮੋਅਜਜ਼ੇ ਹੁੰਦੇ ਸਨ। ਭਲਾ ਇਹ ਨਿਸ਼ਾਨ ਅਤੇ ਅਚੰਭੇ ਬਪਤਿਸਮਾ ਲੈਣ ਵਾਲੇ ਹਜ਼ਾਰਾਂ ਲੋਕਾਂ ਦੇ ਰਾਹੀਂ ਹੁੰਦੇ ਸਨ? ਨਹੀਂ। ਬਾਈਬਲ ਸਾਫ਼ ਦੱਸਦੀ ਹੈ ਕਿ ਬਪਤਿਸਮਾ ਪਾਉਣ ਵਾਲੇ ਹਰ ਨਿਹਚਾਵਾਨ ਨੂੰ ਆਤਮਾ ਦਾ ਦਾਨ ਤਾਂ ਮਿਲਦਾ ਸੀ ਪਰ ਮੋਅਜਜ਼ੇ ਸਿਰਫ਼ ਰਸੂਲ ਹੀ ਕਰ ਸਕਦੇ ਸਨ (ਰਸੂਲਾਂ ਦੇ ਕਰਤੱਬ 5:12)।

ਸੋ ਤੁਸੀਂ ਵੇਖ ਸਕਦੇ ਹੋ ਕਿ ਇਨ੍ਹਾਂ ਸਭ ਹਵਾਲਿਆਂ ਵਿਚ ਰਸੂਲਾਂ ਉੱਤੇ ਪਵਿੱਤਰ ਆਤਮਾ ਦੇ ਵਹਾਏ ਜਾਣ ਤੇ ਜ਼ੋਰ ਦਿੱਤਾ ਗਿਆ ਹੈ। ਕਿਉਂ ਭਲਾ? ਕਿਉਂ ਜੋ ਮਸੀਹ ਵੱਲੋਂ ਸਿਰਫ਼ ਰਸੂਲਾਂ ਨੂੰ ਹੀ ਪਵਿੱਤਰ ਆਤਮਾ ਦਾ ਬਪਤਿਸਮਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਜੇ 120 ਜਣਿਆਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੁੰਦਾ ਅਤੇ ਤਿੰਨ ਹਜ਼ਾਰ ਦੇ ਕਰੀਬ ਸਭ ਲੋਕਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੁੰਦਾ ਤਾਂ ਇਹ ਉਸ ਦਿਨ ਵਾਪਰਣ ਵਾਲੀਆਂ ਘਟਨਾਵਾਂ ਦੇ ਵੇਰਵੇ ਵਿਚ ਲਿਖਿਆ ਗਿਆ ਹੋਣਾ ਸੀ ਅਤੇ ਜੇ ਆਤਮਾ ਦਾ ਬਪਤਿਸਮਾ ਪਾਏ ਹੋਏ ਸਭ ਲੋਕਾਂ ਨੂੰ ਚਮਤਕਾਰ ਕਰਨ ਦੀ ਸ਼ਕਤੀ ਮਿਲੀ ਹੁੰਦੀ ਤਾਂ ਰਸੂਲਾਂ ਦੇ ਕਰਤੱਬ 6 ਵਿਚ ਚੇਲਿਆਂ ਵਿੱਚੋਂ 7 ਪੁਰਖਾਂ ਨੂੰ ਚੁਣਨ ਦੀ ਲੋੜ ਨਹੀਂ ਹੋਣੀ ਸੀ ਕਿ ਉਨ੍ਹਾਂ ਉੱਤੇ ਹੱਥ ਰੱਖੇ ਜਾਣ ਤਾਂ ਜੋ ਉਨ੍ਹਾਂ ਨੂੰ ਵੀ ਚਮਤਕਾਰ ਕਰਨ ਦੀ ਸ਼ਕਤੀ ਮਿਲ ਸਕੇ। ਇਨ੍ਹਾਂ ਗੱਲਾਂ ਤੇ ਵਿਚਾਰ ਕਰੋ ਅਤੇ ਵਿਚਾਰ ਕਰਨ

ਨਾਲ ਤੁਹਾਨੂੰ ਇਹ ਸਮਝ ਆ ਜਾਵੇਗੀ।

**ਨਿਚੋੜ ! ਅੱਜ ਕਿਸੇ ਨੂੰ ਵੀ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਮਿਲਦੀ ਕਿਉਂ ਜੋ ਅੱਜ ਕੋਈ ਵੀ ਰਸੂਲ ਸਾਡੇ ਵਿਚਕਾਰ ਜੀਉਂਦਾ ਨਹੀਂ ਹੈ ਜਿਹੜਾ ਨਵੇਂ ਵਿਸ਼ਵਾਸੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਉਹ ਸ਼ਕਤੀ ਦੇ ਸਕੇ। ਜਿਹੜੇ ਲੋਕ ਅਜਿਹੀ ਸਿੱਖਿਆ ਦਿੰਦੇ ਹਨ ਉਹ ਬਾਈਬਲ ਵਿਚ ਆਤਮਾ ਦੇ ਦਿੱਤੇ ਵਚਨ ਦਾ ਹੀ ਵਿਰੋਧ ਕਰਦੇ ਹਨ।**

## ਵਿਚਾਰ ਕੀਤੇ ਜਾਣ ਲਈ ਸਵਾਲ

1. ਯੂਹੰਨਾ ਨੇ ਕਿਹਾ ਕਿ ਜਿਹੜਾ ਮੇਰੇ ਬਾਅਦ ਆਉਣ ਵਾਲਾ ਹੈ ਉਹ ਤੁਹਾਨੂੰ ........... ........... ਅਤੇ ......... ਨਾਲ ਬਪਤਿਸਮਾ ਦਊ।
2. ਡਿਨੋਮਿਨੇਸ਼ਨਾਂ ਵਿਚ ਇਨ੍ਹਾਂ ਦੋ ਬਪਤਿਸਮਿਆਂ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ?
3. ਯੂਹੰਨਾ 14 ਪੜ੍ਹੋ, ਜਿੱਥੇ ਮਸੀਹ ਪਵਿੱਤਰ ਆਤਮਾ ਦੀ ਗੱਲ ਕਰਦਾ ਹੈ, ਉਸ ਨੇ ਉਸ ਬਪਤਿਸਮੇ ਦਾ ਵਾਅਦਾ ਕਿਹਦੇ ਨਾਲ ਕੀਤਾ? ਉਹ ਬਪਤਿਸਮਾ ਦੇਣ ਦਾ ਇਖ਼ਤਿਆਰ ਸਿਰਫ਼ ਕਿਹਦੇ ਕੋਲ ਸੀ?
4. ਅੱਜ ਪਵਿੱਤਰ ਆਤਮਾ ਦਾ ਬਪਤਿਸਮਾ ਮਿਲੇ ਹੋਣ ਦਾ ਦਾਅਵਾ ਕਰਨ ਵਾਲੇ ਲੋਕ, ਇਕ ਦੂਜੇ ਦਾ ............. ਕਰਦੇ, ਅਜਿਹੀਆਂ ਸਿੱਖਿਆਵਾਂ ਦਿੰਦੇ ਹਨ ਜਿਹੜੀਆਂ ਬਾਈਬਲ ਦੇ ......... ਹਨ, ਅਜਿਹੀਆਂ .............. ਦੇ ਮੈਂਬਰ ਹਨ ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿਚ ਨਹੀਂ ਹੈ, ਅਤੇ ਉਹ ਗੱਲਾਂ ................ ਜਿਹੜੀਆਂ ਖ਼ੁਦਾ ਦੇ ਵਚਨ ਦੇ .............. ਹਨ।
5. ਰਸੂਲਾਂ [ਜਿਸ ਵਿਚ ਪੌਲੁਸ ਰਸੂਲ ਵੀ ਸ਼ਾਮਿਲ ਹੈ] ਤੋਂ ਇਲਾਵਾ ਹੋਰ ਕਿਸ ਨੂੰ ਉਹ ਬਪਤਿਸਮਾ ਮਿਲਿਆ? (ਰਸੂਲਾਂ ਦੇ ਕਰਤੱਬ 10:44–46; 11:15)।
6. ਪ੍ਰਕਾਸ਼ ਦੀ ਪੋਥੀ 21:8 ਵਿਚ ''ਅੱਗ ਦਾ ਬਪਤਿਸਮਾ'' ਦੀ ਗੱਲ ਕੀਤੀ ਗਈ ਹੈ। ਇਹ ਕੀ ਹੈ?
7. ਅਫ਼ਸੀਆਂ 4:1–4 ਦੇ ਮੁਤਾਬਿਕ ਅੱਜ ਕਿੰਨੇ ਬਪਤਿਸਮੇ ਹਨ?
8. ਯੂਹੰਨਾ 14:26–28 ਦੇ ਮੁਤਾਬਿਕ ਪਵਿੱਤਰ ਆਤਮਾ ਨੇ ਰਸੂਲਾਂ ਦੇ ਰਾਹੀਂ ਕੀ ਕਰਨਾ ਸੀ?
9. ਰਸੂਲਾਂ ਦੇ ਕਰਤੱਬ 2:3, 4 ਵਿਚ ਪਵਿੱਤਰ ਅਤਮਾ ਦੇ ਵਹਾਏ ਜਾਣ ਦੀ ਗੱਲ ਪੜ੍ਹਨ ਤੇ, ਰਸੂਲਾਂ ਦੇ ਕਰਤੱਬ 1:26 ਵਿਚਲੇ ''ਉਹ'' ਦੇ ਪਿਛਲੇ ਵਾਕ ਨੂੰ ਪੜ੍ਹਨ, ਅਤੇ ਰਸੂਲਾਂ ਦੇ ਕਰਤੱਬ 2:14 ਵਿੱਚੋਂ ਵੇਖਣ ਤੇ ਭਲਾ

ਰਸੂਲਾਂ ਦੇ ਕਰਤੱਬ 1:15 ਵਾਲੇ 120 ਜਣਿਆਂ ਨੂੰ ਬਪਤਿਸਮਾ ਮਿਲਿਆ ਸੀ ਜਾਂ ਸਿਰਫ਼ ਰਸੂਲਾਂ ਨੂੰ?

10. ਰਸੂਲਾਂ ਦੇ ਕਰਤੱਬ 5:12 ਉਨ੍ਹਾਂ ਤੋਂ ਜਾਣੂ ਕਰਵਾਉਂਦਾ ਹੈ ਜਿਹੜੇ ਉਸ ਵਕਤ ਮੋਅਜਜ਼ੇ ਕਰ ਰਹੇ ਸਨ। ਹੋਰਨਾਂ ਨੂੰ ਕਦੋਂ ਅਤੇ ਕਿਵੇਂ ਮੋਅਜਜ਼ੇ ਕਰਨ ਦੀ ਸ਼ਕਤੀ ਮਿਲੀ ਸੀ? ਲੋਕਾਂ ਨੂੰ ਉਹ ਸ਼ਕਤੀਆਂ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖਣ ਲਈ ਭਲਾ ਅੱਜ ਰਸੂਲ ਜੀਉਂਦੇ ਹਨ?

## ਪਾਠ 3

# ਪਵਿੱਤਰ ਆਤਮਾ ਦੇ ਮਾਪ



ਮਸੀਹ ਦੇ ਸਬੰਧ ਵਿਚ ਯੂਹੰਨਾ ਰਸੂਲ ਨੇ ਕਿਹਾ, ''ਜਿਸ ਨੂੰ ਪਰਮੇਸ਼ੁਰ ਨੇ ਭੇਜਿਆ ਹੈ ਸੋ ਪਰਮੇਸ਼ੁਰ ਦੀਆਂ ਗੱਲਾਂ ਬੋਲਦਾ ਹੈ ਇਸ ਲਈ ਜੋ ਉਹ ਆਤਮਾ ਮਿਣ ਕੇ ਨਹੀਂ ਦਿੰਦਾ'' (ਯੂਹੰਨਾ 3:34 )। ਯੂਹੰਨਾ ਨੇ ਜੋ ਆਤਮਾ ਦੀ ਮਿਣਤੀ ਦੀ ਗੱਲ ਕੀਤੀ ਹੈ ਉਸ ਤੋਂ ਉਸ ਦਾ ਭਲਾ ਕੀ ਅਰਥ ਹੈ? ''ਮਿਣਕੇ'' ਦਾ ਅਰਥ ਤਾਂ ਹੋਵੇਗਾ ਕਿ ਕੋਈ ਹੱਦ। ਦੂਜੇ ਸ਼ਬਦਾਂ ਵਿਚ, ਜੇ ਖ਼ੁਦਾ ਨੇ ਮਸੀਹ ਨੂੰ ਆਤਮਾ ਮਿਣ ਕੇ ਦਿੱਤਾ ਹੁੰਦਾ ਤਾਂ ਇਸ ਸ਼ਬਦ ਦਾ ਅਰਥ ਹੋਣਾ ਸੀ ਕਿ ਆਤਮਾ ਦੀ ਸ਼ਕਤੀ ਦੇ ਬਾਵਜੂਦ ਮਸੀਹ ਦੇ ਕੋਲ ਸੀਮਤ ਇਖ਼ਤਿਆਰ ਸੀ। ਪਰ ਖ਼ੁਦਾ ਨੇ ਉਸ ਨੂੰ ਆਤਮਾ ਮਿਣ ਕੇ ਨਹੀਂ, ਬਲਕਿ ਬਿਨਾਂ ਮਿਣੇ ਹੀ ਦਿੱਤਾ। ਇਸ ਦਾ ਅਰਥ ਇਹ ਹੋਇਆ ਕਿ ਜਦ ਆਤਮਾ ਦੀ ਸ਼ਕਤੀ ਨੂੰ ਵਰਤਣ ਦੀ ਗੱਲ ਹੁੰਦੀ ਹੈ ਨਾ ਤਾਂ ਖ਼ੁਦਾ ਅਤੇ ਨਾ ਆਤਮਾ ਮਸੀਹ ਉੱਤੇ ਕੋਈ ਪਾਬੰਦੀ ਲਾਉਂਦਾ ਹੈ।

ਮਸੀਹ ਨੂੰ ਬਿਨਾਂ ਮਿਣਤੀ ਦੇ ਆਤਮਾ ਮਿਲਿਆ, ਇਸੇ ਲਈ ਉਹ ਮੋਅਜਜ਼ੇ ਕਰਨ, ਭੂਤਾਂ ਨੂੰ ਕੱਢਣ, ਮੁਰਦਿਆਂ ਨੂੰ ਜ਼ਿੰਦਾ ਕਰਨ, ਤੂਫ਼ਾਨਾਂ ਨੂੰ ਥੰਮ੍ਹਣ, ਪਾਣੀ ਦੀ ਮਯ ਬਣਾਉਣ, ਪਾਣੀ ਉੱਤੇ ਚੱਲਣ ਵਰਗੇ ਕੰਮ ਕਰ ਸਕਿਆ। ਇਸ ਸਭ ਦੇ ਬਾਵਜੂਦ ਯੂਹੰਨਾ ਨੇ ਲਿਖਿਆ, ''ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਏਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ'' (ਯੂਹੰਨਾ 20:30, 31)।

# ਪਵਿੱਤਰ ਆਤਮਾ ਦਾ ਬਪਤਿਸਮਾ

ਅਜਿਹੇ ਲੋਕ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਰਸੂਲਾਂ ਤੋਂ ਲੈ ਕੇ ਅੱਜ ਤਕ ਦੇ ਮਸੀਹੀ ਲੋਕਾਂ ਵਿੱਚੋਂ ਸਭ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਜਾਂ ਮਿਲਣਾ ਚਾਹੀਦਾ ਹੈ। ਕਈ ਤਾਂ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਲਈ ਦੁਆਵਾਂ ਕਰਦੇ ਹਨ, ਅਤੇ ਅਜਿਹੇ ਵੀ ਹਨ ਜਿਹੜੇ ਖ਼ੁਦਾ ਕੋਲੋਂ ਇਹਨੂੰ ਮੰਗਣ ਦੀ ਜ਼ਿਦ ਕਰਦੇ ਹਨ! ਅਸੀਂ ਵੇਖਾਂਗੇ ਕਿ ਇਹ ਉਮੀਦ ਸਹੀ ਨਹੀਂ ਹੈ।

ਸਭ ਤੋਂ ਪਹਿਲਾਂ ਤਾਂ ਯਾਦ ਰੱਖੋ ਕਿ ਯਿਸੂ ਨੇ ਸਹਾਇਕ ਜਾਂ ਪਵਿੱਤਰ ਆਤਮਾ ਦੇਣ ਦਾ ਵਾਅਦਾ ਸਿਰਫ਼ ਰਸੂਲਾਂ ਨਾਲ ਕੀਤਾ ਸੀ। ਉਸ ਨੇ ਇਹ ਵਾਅਦਾ ਆਪਣੇ ਸਾਰੇ ਚੇਲਿਆਂ ਨਾਲ ਜਾਂ ਭਵਿੱਖ ਵਿਚ ਬਣਨ ਵਾਲੇ ਚੇਲਿਆਂ ਨਾਲ ਨਹੀਂ ਸੀ ਕੀਤਾ।

ਯੂਹੰਨਾ ਦੀ ਕਿਤਾਬ ਖੋਲ੍ਹਣ ਤੇ ਅਸੀਂ ਇਸ ਤਰ੍ਹਾਂ ਪੜ੍ਹਦੇ ਹਾਂ, **‘‘ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿਚ ਸਾਖੀ ਦੇਵੇਗਾ। ਅਤੇ ਤੁਸੀਂ ਵੀ ਗਵਾਹ ਹੋ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ’’** (**ਯੂਹੰਨਾ 15:26, 27**)।

ਫਿਰ ਉਸ ਨੇ ਆਖਿਆ, ‘‘ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ’’ (ਯੂਹੰਨਾ 16:7)।

ਅੱਗੇ ਉਸ ਨੇ ਕਿਹਾ, ‘‘ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ’’ (ਯੂਹੰਨਾ 16:13)। ਭਲਾ, ਇਨ੍ਹਾਂ ਆਇਤਾਂ ਵਿਚ ਪ੍ਰਭੂ ਕਿਨ੍ਹਾਂ ਨਾਲ ਗੱਲ ਕਰ ਰਿਹਾ ਹੈ? ਜਦ ਤੁਸੀਂ ਸਾਰਾ ਹਵਾਲਾ ਪੜ੍ਹੋ ਅਤੇ ਧਿਆਨ ਦਿਓ ਕਿ ਯਿਸੂ ਕੀ ਕਹਿ ਰਿਹਾ ਹੈ ਤਾਂ ਇਹ ਬਿਲਕੁਲ ਸਾਫ਼ ਹੋ ਜਾਵੇਗਾ ਕਿ ਯਿਸੂ ਰਸੂਲਾਂ ਨਾਲ ਗੱਲ ਕਰ ਰਿਹਾ ਹੈ, ਭਾਵ ਉਨ੍ਹਾਂ ਨਾਲ ਜਿਹੜੇ ਮੁੱਢੋਂ ਉਸ ਦੇ ਨਾਲ ਸਨ (ਯੂਹੰਨਾ 15:27)। ਫਿਰ ਸੁਆਲ ਇਹ ਉੱਠਦਾ ਹੈ: ਕੀ ਪ੍ਰਭੂ ਨੇ ਆਪਣਾ ਵਾਅਦਾ ਪੂਰਾ ਕੀਤਾ?

ਇਹ ਵੇਖਣ ਤੋਂ ਪਹਿਲਾਂ ਕਿ ਅਖ਼ੀਰ ਵਿਚ ਕੀ ਹੋਇਆ, ਮਸੀਹ ਦੇ ਸੁਰਗ ਵਿਚ ਆਪਣੇ ਪਿਤਾ ਕੋਲ ਵਾਪਸ ਜਾਣ ਤੋਂ ਕੁਝ ਦੇਰ ਪਹਿਲਾਂ ਰਸੂਲਾਂ ਨੂੰ ਕਹੀਆਂ ਗੱਲਾਂ ਤੇ ਧਿਆਨ ਦਿਓ: ‘‘ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ, ਸ਼ਹਿਰ ਵਿਚ

ਰਹੋ'' (ਲੂਕਾ 24:49)। ਭਲਾ ਇਨ੍ਹਾਂ ਵਿੱਚੋਂ ਕੋਈ ਗੱਲ ਅੱਜ ਦੇ ਲੋਕਾਂ ਤੇ ਲਾਗੂ ਹੁੰਦੀ ਹੈ? ਬੇਸ਼ੱਕ ਨਹੀਂ!

ਲੂਕਾ ਨੇ ਇਹ ਵੀ ਲਿਖਿਆ, ''ਹੇ ਥਿਉਫ਼ਿਲੁਸ, ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਵਿਖੇ ਉਚਰੀ ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ। ਉਸ ਦਿਨ ਤੀਕਰ ਕਿ ਉਹ ਉਨ੍ਹਾਂ ਰਸੂਲਾਂ ਨੂੰ ਜਿਹੜੇ ਉਸ ਨੇ ਚੁਣੇ ਸਨ ਪਵਿੱਤਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ। ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪ੍ਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ ਚਾਹਲੀਆਂ ਦਿਨਾਂ ਤੀਕੁ ਉਨ੍ਹਾਂ ਨੂੰ ਦਰਸ਼ਣ ਦਿੰਦਾ ਅਤੇ ਪਰਮੇਸ਼ੁਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ। ਅਰ ਉਨ੍ਹਾਂ ਦੇ ਨਾਲ ਇਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸ਼ਲਮ ਤੋਂ ਬਾਹਰ ਨਾ ਜਾਓ ਪਰ ਪਿਤਾ ਦੇ ਉਸ ਕਰਾਰ ਦੀ ਉਡੀਕ ਵਿਚ ਰਹੋ ਜਿਹ ਦੇ ਵਿਖੇ ਤੁਸਾਂ ਮੈਥੋਂ ਸੁਣਿਆ। ਕਿਉਂ ਜੋ ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ'' (ਰਸੂਲਾਂ ਦੇ ਕਰਤੱਬ 1:1—5)।

ਫਿਰ ਯਿਸੂ ਨੇ ਕਿਹਾ, **''ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦੀਆ ਅਤੇ ਸਾਮਰੀਆ ਵਿਚ ਸਗੋਂ ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ ਹੋਵੋਗੇ''** (ਰਸੂਲਾਂ ਦੇ ਕਰਤੱਬ 1:8)। ਯਕੀਨਨ ਹੀ ਇਨ੍ਹਾਂ ਵਾਕਾਂ ਵਿੱਚੋਂ ਅਸੀਂ ਵੇਖ ਸਕਦੇ ਹਾਂ ਕਿ ਯਿਸੂ ਮਸੀਹ ਨੇ ਪਵਿੱਤਰ ਆਤਮਾ ਦੀ ਸ਼ਕਤੀ ਦੇਣ ਦਾ ਵਾਅਦਾ ਰਸੂਲਾਂ ਨਾਲ ਹੀ ਕੀਤਾ। ਜੇ ਇਹ ਸੱਚ ਹੈ ਤਾਂ ਫਿਰ ਪਵਿੱਤਰ ਆਤਮਾ ਕਿਸ ਨੂੰ ਮਿਲਿਆ? ਸਿਰਫ਼ ਰਸੂਲਾਂ ਜਾਂ ਸਾਰੇ ਵਿਸ਼ਵਾਸੀਆਂ ਨੂੰ?

ਰਸੂਲਾਂ ਦੇ ਕਰਤੱਬ 2 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ, ''ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇਕ ਥਾਂ ਇਕੱਠੇ ਸਨ। ਅਰ ਅਚਾਨਕ ਅਕਾਸ਼ ਤੋਂ ਇਕ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ। ਅਰ ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਤਦ ਓਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ'' (ਰਸੂਲਾਂ ਦੇ ਕਰਤੱਬ 2:1—4)। ਇਹ ਸਾਰਾ ਅਧਿਆਇ ਪੜ੍ਹਣ ਤੇ ਸਾਨੂੰ ਪਤਾ ਲਗਦਾ ਹੈ ਕਿ ਲੋਕਾਂ ਦੀ ਭੀੜ ਵਿਚ ਰਸੂਲਾਂ ਨੇ ਪ੍ਰਚਾਰ ਕੀਤਾ ਅਤੇ 3000 ਦੇ ਲਗਭਗ ਲੋਕਾਂ ਨੇ ਇੰਜੀਲ ਦਾ ਹੁਕਮ ਮੰਨਿਆ ਅਤੇ ਬਚਾਏ ਜਾਣ ਤੇ, ਉਨ੍ਹਾਂ ਨੂੰ

ਪ੍ਰਭੂ ਵੱਲੋਂ ਕਲੀਸੀਆ ਵਿਚ ਰਲਾ ਲਿਆ ਗਿਆ (ਰਸੂਲਾਂ ਦੇ ਕਰਤੱਬ 2:47)। ਅਸੀਂ ਇਹ ਵੀ ਪੜ੍ਹਦੇ ਹਾਂ ਕਿ **''ਹਰ ਇਕ ਜਾਨ ਨੂੰ ਡਰ ਲੱਗਾ ਅਰ ਬਹੁਤ ਸਾਰੇ ਅਚੰਭੇ ਤੇ ਨਿਸ਼ਾਨ ਰਸੂਲਾਂ ਦੇ ਰਾਹੀਂ ਪਰਗਟ ਹੋਏ'' (ਰਸੂਲਾਂ ਦੇ ਕਰਤੱਬ 2:43)।**

ਇਹ ਓਸ ਵਾਅਦੇ ਦਾ ਪੂਰਾ ਹੋਣਾ ਹੈ ਕਿ ਮਸੀਹ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਦੇਣਾ ਸੀ (ਮੱਤੀ 3:11, 12)। ਬਪਤਿਸਮੇ ਦਾ ਅਰਥ ਦਫ਼ਨ ਹੋਣਾ, ਡੁਬਕੀ ਅਤੇ ਢੱਕ ਲੈਣਾ ਹੈ। ''ਦਫ਼ਨ ਹੋਣਾ'' ਪਾਣੀ ਵਿਚ ਜਾਂ ਕਿਸੇ ਵੀ ਹੋਰ ਚੀਜ਼ ਵਿਚ ਵੀ ਹੋ ਸਕਦਾ ਹੈ। ਇਹ ''ਦਫ਼ਨਾਇਆ ਜਾਣਾ'' ਆਤਮਾ ਵਿਚ ਵੀ ਹੋ ਸਕਦਾ ਹੈ। ਇਸ ਕਰਕੇ ਬਾਈਬਲ ਦੱਸਦੀ ਹੈ ਕਿ ਜਦ ਪੈਂਟੀਕਾਸਟ ਵਾਲੇ ਦਿਨ ਰਸੂਲ ਯਰੂਸ਼ਲਮ ਵਿਚ ਇਕੱਠੇ ਸਨ ਤਾਂ **''ਅਚਾਨਕ ਅਕਾਸ਼ ਤੋਂ ਇਕ ਗੂੰਜ ਆਈ, ਜਿਹੀ ਵੱਡੀ ਭਾਰੀ ਹਨੇਰੀ ਦੇ ਵਗਣ ਦੀ ਹੁੰਦੀ ਹੈ, ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ, ਭਰ ਗਿਆ'' (ਰਸੂਲਾਂ ਦੇ ਕਰਤੱਬ 2:2)।** ਦੂਜੇ ਸ਼ਬਦਾਂ ਵਿਚ, ਰਸੂਲਾਂ ਨੂੰ ਪਵਿੱਤਰ ਆਤਮਾ ਵਿਚ ਡੁਬਕੀ ਦਿੱਤੀ ਗਈ ਜਾਂ ਦਫ਼ਨਾਇਆ ਗਿਆ, ਅਤੇ ਇਸ ਦੇ ਸਬੂਤ ਵਜੋਂ ਕਿ ਉਹ ਪਵਿੱਤਰ ਆਤਮਾ ਨਾਲ ਭਰ ਗਏ ਹਨ, ਉਹ ਹੋਰ ਬੋਲੀਆਂ ਜਾਂ ਭਾਸ਼ਾਵਾਂ ਬੋਲਣ ਲਗ ਪਏ (ਰਸੂਲਾਂ ਦੇ ਕਰਤੱਬ 2:3, 4)। ਇਹ ਜ਼ਬਾਨਾਂ ਜਾਂ ਭਾਸ਼ਾਵਾਂ ਸਮਝ ਆਉਣ ਵਾਲੀਆਂ ਸਨ ਕਿਉਂ ਜੋ ਜਿਨ੍ਹਾਂ ਨੇ ਉਨ੍ਹਾਂ ਨੂੰ ਸੁਣਿਆ ਸੀ, ਉਹ ਦੰਗ ਰਹਿ ਗਏ ਸਨ ਕਿ ਹਰ ਕਿਸੇ ਨੂੰ ਆਪਣੀ ਹੀ ਜ਼ਬਾਨ ਭਾਵ ਬੋਲੀ ਸੁਣ ਰਹੀ ਸੀ (ਰਸੂਲਾਂ ਦੇ ਕਰਤੱਬ 2:6)।

ਅੱਗੇ ਰਸੂਲਾਂ ਦੇ ਕਰਤੱਬ ਦੇ ਪੰਜਵੇਂ ਅਧਿਆਇ (ਆਇਤ 12) ਵਿਚ ਉਨ੍ਹਾਂ ਦੀ ਭਾਵ ਰਸੂਲਾਂ ਦੀ ਖਾਸੀਅਤ ਦੱਸੀ ਗਈ ਹੈ ਜਿਹੜੇ ਮੋਅਜਜ਼ੇ ਕਰਦੇ ਸਨ: **''ਰਸੂਲਾਂ ਦੇ ਹੱਥੋਂ ਬਹੁਤ ਸਾਰੇ ਨਿਸ਼ਾਨ ਅਰ ਅਚੰਭੇ ਲੋਕਾਂ ਵਿਚ ਪਰਗਟ ਹੋਏ ਅਤੇ ਓਹ ਸੱਭੋ ਇਕ ਮਨ ਹੋ ਕੇ ਸੁਲੇਮਾਨ ਦੇ ਦਲਾਨ ਵਿਚ ਸਨ'' (ਰਸੂਲਾਂ ਦੇ ਕਰਤੱਬ 5:12)।** ਇਹਦਾ ਮਤਲਬ ਇਹ ਹੋਇਆ ਕਿ ਉਸ ਦਿਨ ਸਿਰਫ਼ ਰਸੂਲਾਂ ਨੂੰ ਹੀ ਪਵਿੱਤਰ ਆਤਮਾ ਦਾ ਬਪਤਿਸਮੇ ਦਾ ਮਾਪ ਮਿਲਿਆ ਸੀ। ਕਿਸੇ ਨੇ ਵੀ ਪਵਿੱਤਰ ਆਤਮਾ ਪਾਉਣ ਲਈ ਦੁਆ ਨਹੀਂ ਕੀਤੀ ਸੀ ਅਤੇ ਨਾ ਹੀ ਕਿਸੇ ਨੂੰ ਪਵਿੱਤਰ ਆਤਮਾ ਨੂੰ ਪਾਉਣੇ ਦਾ ਹੁਕਮ ਕੀਤਾ ਗਿਆ, ਜਿਵੇਂ ਕਿ ਅੱਜ ਦੇ ਝੂਠੀ ਸਿੱਖਿਆ ਦੇਣ ਵਾਲੇ ਦੱਸਦੇ ਹਨ। ਆਤਮਾ ਦੇ **ਓਸ ਵਹਾਏ ਜਾਣ ਲਈ ਸਿਰਫ਼ ਔਰ ਸਿਰਫ਼ ਖ਼ੁਦਾ ਹੀ ਜ਼ਿੰਮੇਵਾਰ ਸੀ।**

ਬਾਈਬਲ ਵਿਚ ਰਸੂਲਾਂ ਤੋਂ ਇਲਾਵਾ (ਸੌਲੁਸ ਸਣੇ ਜਿਹੜਾ ਬਾਅਦ ਵਿਚ ਪੌਲੁਸ ਅਖਵਾਇਆ) ਪਵਿੱਤਰ ਆਤਮਾ ਦੇ ਬਪਤਿਸਮੇ ਦਾ ਹੋਰ ਸਿਰਫ਼ ਇੱਕੋ ਹਵਾਲਾ ਹੈ ਜੋ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਨਾਲ ਸਬੰਧਿਤ ਹੈ। ਇਹ ਪਰਿਵਾਰ ਗੈਰ ਯਹੂਦੀਆਂ ਵਿੱਚੋਂ ਸੀ। ਰਸੂਲ ਯਹੂਦੀ ਸਨ ਅਤੇ ਉਨ੍ਹਾਂ ਨੂੰ ਪਹਿਲਾਂ

ਹੀ ਪਵਿੱਤਰ ਆਤਮਾ ਦਾ ਬਪਤਿਸਮਾ ਮਿਲ ਗਿਆ ਸੀ। ਇਹ ਸਾਬਤ ਕਰਨ ਲਈ ਕਿ ਪਰਮੇਸ਼ੁਰ ਮਨੁੱਖਾਂ ਦਾ ਪੱਖਪਾਤ ਨਹੀਂ ਕਰਦਾ, ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ।

ਰਸੂਲਾਂ ਦੇ ਕਰਤੱਬ 10 ਅਤੇ 11 ਅਧਿਆਇ ਵਿਚ ਅਸੀਂ ਇਸ ਪਰਿਵਾਰ ਦੇ ਬਾਰੇ ਪੜ੍ਹਦੇ ਹਾਂ। ਬਾਈਬਲ ਦੱਸਦੀ ਹੈ, ''ਕੈਸਰਿਯਾ ਵਿਚ ਕੁਰਨੇਲਿਉਸ ਕਰਕੇ ਵਿੱਕ ਮਨੁੱਖ ਸੀ ਜਿਹੜਾ ਇਤਾਲੀਆਨੀ ਨਾਮੇ ਇਕ ਪਲਟਣ ਦਾ ਸੂਬੇਦਾਰ ਸੀ। ਉਹ ਧਰਮੀ ਲੋਕ ਅਤੇ ਆਪਣੇ ਸਾਰੇ ਟੱਬਰ ਸਣੇ ਪਰਮੇਸ਼ੁਰ ਦਾ ਭੌ ਕਰਨ ਵਾਲਾ ਸੀ ਅਤੇ ਲੋਕਾਂ ਨੂੰ ਬਹੁਤ ਦਾਨ ਦਿੰਦਾ ਅਤੇ ਨਿੱਤ ਪਰਮੇਸ਼ੁਰ ਅੱਗੇ ਬੇਨਤੀ ਕਰਦਾ ਸੀ। ਉਹ ਨੇ ਦਿਨ ਦੇ ਤੀਏਕੁ ਪਹਿਰ ਦਰਸ਼ਣ ਪਾ ਕੇ ਸਾਫ਼ ਵੇਖਿਆ ਕਿ ਪਰਮੇਸ਼ੁਰ ਦਾ ਇਕ ਦੂਤ ਉਹ ਦੇ ਕੋਲ ਅੰਦਰ ਆਇਆ ਅਤੇ ਉਹ ਨੂੰ ਆਖਿਆ, ਹੇ ਕੁਰਨੇਲਿਉਸ! ਉਹ ਨੇ ਉਸ ਦੀ ਵੱਲ ਧਿਆਨ ਕਰ ਕੇ ਵੇਖਿਆ ਅਤੇ ਡਰ ਕੇ ਕਿਹਾ, ਪ੍ਰਭੂ ਜੀ, ਕੀ ਹੈ? ਉਸ ਨੇ ਉਹ ਨੂੰ ਆਖਿਆ, ਤੇਰੀਆਂ ਪ੍ਰਾਰਥਨਾਂ ਅਤੇ ਤੇਰੇ ਦਾਨ ਯਾਦਗੀਰੀ ਦੇ ਲਈ ਪਰਮੇਸ਼ੁਰ ਦੇ ਹਜ਼ੂਰ ਪਹੁੰਚੇ। ਅਤੇ ਹੁਣ ਯਾੱਪਾ ਨੂੰ ਮਨੁੱਖ ਭੇਜ ਕੇ ਉਸ ਸ਼ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ ਬੁਲਵਾ ਲੈ। ਉਹ ਕਿਸੇ ਸ਼ਮਊਨ ਖਟੀਕ ਦੇ ਉਤਰਿਆ ਹੋਇਆ ਹੈ ਜਿਹ ਦਾ ਘਰ ਸਮੁੰਦਰ ਦੇ ਕੰਢੇ ਹੈ'' (ਰਸੂਲਾਂ ਦੇ ਕਰਤੱਬ 10:1–6)।

ਇਸੇ ਤਰ੍ਹਾਂ ਹੋਇਆ ਅਤੇ ਪ੍ਰਭੂ ਵੱਲੋਂ ਪਤਰਸ ਨੂੰ ਭੇਜਿਆ ਗਿਆ ਕਿ ਉਹ ਦੱਸੇ ਕਿ ਕਿਵੇਂ ਖ਼ੁਦਾ ਕਿਸੇ ਦਾ ਪੱਖਪਾਤ ਨਹੀਂ ਕਰਦਾ। ਪਤਰਸ ਅਤੇ ਉਸ ਦੇ ਨਾਲ ਕੁਝ ਹੋਰ ਜਣੇ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਕੋਲ ਆਏ। ਬਾਈਬਲ ਫੇਰ ਦੱਸਦੀ ਹੈ, ''ਤਦ ਪਤਰਸ ਨੇ ਮੂੰਹ ਖੋਲ੍ਹ ਕੇ ਆਖਿਆ, ਮੈਂ ਸੱਚ ਸੱਚ ਜਾਣ ਲਿਆ ਜੋ ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਸਗੋਂ ਹਰੇਕ ਕੌਮ ਵਿੱਚੋਂ ਜੋ ਕੋਈ ਉਸ ਤੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਸੋ ਉਹ ਨੂੰ ਭਾਉਂਦਾ ਹੈ'' (ਰਸੂਲਾਂ ਦੇ ਕਰਤੱਬ 10:34, 35)।

ਪਤਰਸ ਉਨ੍ਹਾਂ ਨੂੰ ਜਿਹੜੇ ਜਮ੍ਹਾ ਹੋਏ ਸਨ, ਇੰਜੀਲ ਸੁਣਾਉਂਦਾ ਹੈ, ਅਤੇ ਲਿਖਿਆ ਹੈ ਕਿ ''ਪਤਰਸ ਇਹ ਗੱਲਾਂ ਕਰਦਾ ਹੀ ਸੀ ਕਿ ਪਵਿੱਤਰ ਆਤਮਾ ਵਚਨ ਦੇ ਸਭਨਾਂ ਸੁਣਨ ਵਾਲਿਆਂ ਤੇ ਉੱਤਰਿਆ। ਅਰ ਸੁੰਨਤ ਕੀਤੇ ਹੋਏ ਨਿਹਚਾਵਾਨ ਜਿੰਨੇ ਪਤਰਸ ਦੇ ਨਾਲ ਆਏ ਸਨ **ਸਭ ਦੰਗ ਹੋ ਗਏ ਜੋ ਪਰਾਈਆਂ ਕੌਮਾਂ ਦੇ ਲੋਕਾਂ ਉੱਤੇ ਵੀ ਪਵਿੱਤਰ ਆਤਮਾ ਦੀ ਦਾਤ ਵਹਾਈ ਗਈ**। ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਨੂੰ ਬੋਲੀਆਂ ਬੋਲਦੇ ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ। ਤਦ ਪਤਰਸ ਨੇ ਅੱਗੋਂ ਆਖਿਆ। ਕੀ ਕੋਈ ਪਾਣੀ ਨੂੰ ਰੋਕ ਸੱਕਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਸਾਡੇ ਵਾਂਙੁ ਪਵਿੱਤਰ ਆਤਮਾ ਪਾਇਆ ਹੈ ਬਪਤਿਸਮਾ ਨਾ ਦਿੱਤਾ ਜਾਵੇ?

ਅਤੇ ਉਸ ਨੇ ਹੁਕਮ ਕੀਤਾ ਕਿ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਦਿੱਤਾ ਜਾਵੇ। ਫੇਰ ਉਨ੍ਹਾਂ ਉਸ ਦੀ ਮਿੰਨਤ ਕੀਤੀ ਕਿ ਉਹ ਕੁਝ ਦਿਨ ਉੱਥੇ ਰਹੇ'' (ਰਸੂਲਾਂ ਦੇ ਕਰਤੱਬ 10:44–48)।

ਰਸੂਲਾਂ ਦੇ ਕਰਤੱਬ 11 ਵਿਚ ਅਸੀਂ ਵੇਖਦੇ ਹਾਂ ਕਿ ਯਰੂਸ਼ਲਮ ਵਿਚ ਜਾ ਕੇ ਪਤਰਸ ਦੱਸਦਾ ਹੈ ਕਿ ਕੈਸਰੀਆ ਵਿਚ ਕੀ ਕੀ ਹੋਇਆ, ਜਦ ਕੁਰਨਲਿਉਸ ਅਤੇ ਉਸ ਦੇ ਪਰਿਵਾਰ ਨੇ ਪ੍ਰਭੂ ਦੀ ਗੱਲ ਮੰਨੀ, ''ਅਤੇ ਜਾਂ ਮੈਂ ਗੱਲਾਂ ਕਰਨ ਲੱਗਾ ਤਾਂ ਪਵਿੱਤਰ ਆਤਮਾ ਉਨ੍ਹਾਂ ਤੇ ਉਤਰਿਆ ਜਿਸ ਤਰਾਂ ਪਹਿਲਾਂ ਸਾਡੇ ਉੱਤੇ ਉਤਰਿਆ ਸੀ। ਤਦ ਮੈਨੂੰ ਪ੍ਰਭੂ ਦਾ ਵਚਨ ਚੇਤੇ ਆਇਆ ਕਿ ਕਿਸ ਤਰਾਂ ਉਹ ਨੇ ਆਖਿਆ ਸੀ **ਭਈ ਯੂਹੰਨਾ ਨੇ ਤਾਂ ਪੀਣੀ ਨਲਾ ਬਪਤਿਸਮਾ ਦਿੱਤਾ ਪਰ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ।** ਇਸ ਲਈ ਜਦ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਹੋ ਜਹੀ ਦਾਤ ਦਿੱਤੀ ਜਹੀ ਸਾਨੂੰ ਵੀ ਜਦ ਅਸੀਂ ਪ੍ਰਭੂ ਯਿਸੂ ਮਸੀਹ ਉੱਤੇ ਨਿਹਚਾ ਕੀਤੀ ਤਾ ਫੇਰ ਮੈਂ ਕੌਣ ਸਾਂ ਜੋ ਪਰਮੇਸ਼ੁਰ ਨੂੰ ਰੋਕ ਸੱਕਦਾ? ਜਾਂ ਉਨ੍ਹਾਂ ਇਹ ਗੱਲਾਂ ਸੁਣੀਆਂ ਤਾਂ ਚੁੱਪ ਹੋ ਗਏ ਅਤੇ ਇਹ ਕਹਿ ਕੇ ਪਰਮੇਸ਼ੁਰ ਦੀ ਵਡਿਆਈ ਕੀਤ ਕਿ **ਤਦ ਤਾਂ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਵੀ ਜੀਉਣ ਲਈ ਤੌਬਾ ਬਖ਼ਸ਼ੀ ਹੈ !**'' (ਰਸੂਲਾਂ ਦੇ ਕਰਤੱਬ 11:15–18)।

ਬਾਈਬਲ ਇੱਥੇ ਸਾਫ਼ ਦੱਸਦੀ ਹੈ ਕਿ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਨੂੰ ਉਸੇ ਤਰ੍ਹਾਂ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ, ਜਿਵੇਂ ਪਤਰਸ ਨੂੰ ਅਤੇ ਹੋਰਨਾਂ ਰਸੂਲਾਂ ਨੂੰ ਸ਼ੁਰੂ ਵਿਚ, ਭਾਵ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਵਿਚ ਮਿਲਿਆ ਸੀ। ਧਿਆਨ ਦਿਓ, ਕਿ ਇਹ ਖ਼ਾਸ ਘਟਨਾ ਸੀ, ਆਮ ਨਹੀਂ ਜਿਸ ਵਿਚ ਹਰ ਇਕ ਨੂੰ ਮਿਲਦਾ ਹੋਵੇ। ਇੱਥੋਂ ਤਕ ਕਿ ਪਤਰਸ ਨੂੰ ਪੁਰਾਣੀ ਘਟਨਾ ਨੂੰ ਯਾਦ ਕਰਵਾ ਕੇ ਇਸੇ ਤਰ੍ਹਾਂ ਦੇ ਹੋਰ ਬਪਤਿਸਮੇ ਦੀ ਉਦਾਹਰਣ ਲਈ ਰਸੂਲਾਂ ਨੂੰ ਬਪਸਿਮਾ ਦਿੱਤੇ ਜਾਣ ਦੀ ਪੁਰਾਣੀ ਘਟਨਾ ਚੇਤੇ ਆਈ।

ਹੋਰਨਾਂ ਮਸੀਹੀਆਂ ਬਾਰੇ ਕੀ ਕਹਿਣਾ ਹੈ? ਭਲਾ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ? ਨਹੀਂ, ਉਨ੍ਹਾਂ ਨੂੰ ਨਹੀਂ ਮਿਲਿਆ। ਜੇ ਹਰ ਮਸੀਹੀ ਨੂੰ ਹੀ ਆਤਮਾ ਦਾ ਬਪਤਿਸਮਾ ਮਿਲਿਆ ਹੁੰਦਾ ਤਾਂ ਸਿਰਫ਼ ਰਸੂਲਾਂ ਅਤੇ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਬਾਰੇ ਪਵਿੱਤਰ ਆਤਮਾ ਦੀ ਸ਼ਕਤੀ ਮਿਲਣ ਦਾ ਹੀ ਕਿਉਂ ਜ਼ਿਕਰ ਕੀਤਾ ਗਿਆ?

ਪਰ ਕੋਈ ਕਹਿ ਸਕਦਾ ਹੈ, ''ਬੇਸ਼ੱਕ, ਅੱਜ ਕੁਝ ਮਸੀਹੀ ਲੋਕਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਦਾ ਹੈ।'' ਨਹੀਂ, ਅੱਜ ਕਿਸੇ ਉੱਤੇ ਵੀ ਪਵਿੱਤਰ ਆਤਮਾ ਉਸ ਤਰ੍ਹਾਂ ਨਹੀਂ ਵਹਾਇਆ ਜਾਂਦਾ। ਮੰਨ ਲਓ ਕਿ ਜੇ ਵਹਾਇਆ ਜਾਂਦਾ ਹੋਵੇ, ਤਾਂ ਇਸ ਦਾ ਮਕਸਦ ਕੀ ਹੋਵੇਗਾ?

ਪਹਿਲੀ ਸਦੀ ਇੰਜੀਲ ਅਜੇ ਨਵੀਂ ਨਵੀਂ ਸੁਣਾਈ ਜਾ ਰਹੀ ਸੀ ਅਤੇ ਨਵੇਂ ਨੇਮ ਦੇ ਲਿਖੇ ਜਾਣ ਦੀ ਪ੍ਰਕਿਰਿਆ ਅਜੇ ਜਾਰੀ ਸੀ। ਇਸ ਕਰਕੇ ਰਸੂਲ ਪ੍ਰਚਾਰ ਲਈ ਜਿੱਥੇ ਵੀ ਜਾਂਦੇ, ‘‘ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਵਚਨ ਨੂੰ ਉਨ੍ਹਾਂ ਨਿਸ਼ਾਨਾਂ ਦੇ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ’’ (ਮਰਕੁਸ 16:20)। ਅੱਜ ਸਾਡੀ ਅਗਵਾਈ ਕਰਨ ਲਈ ਮੁਕੰਮਲ ਹੋ ਚੁਕਿਆ ਲਿਖਤ ਵਚਨ ਹੈ, ਅਤੇ ਜਦ ਅਸੀਂ ਇਸ ਦੀ ਸਿੱਖਿਆ ਨੂੰ ਮੰਨ ਲੈਂਦੇ ਹਾਂ ਤਾਂ ਪ੍ਰਭੂ ਸਾਨੂੰ ਉਵੇਂ ਹੀ ਬਚਾਉਂਦਾ ਹੈ ਜਿਵੇਂ ਉਸ ਨੇ ਵਾਅਦਾ ਕੀਤਾ ਸੀ ਕਿ ਉਹ ਕਰੇਗਾ। ਅੱਜ ਪਵਿੱਤਰ ਆਤਮਾ ਪਾਏ ਹੋਣ ਦਾ ਦਾਅਵਾ ਕਰਨ ਵਾਲੇ ਲੋਕ ਬਾਈਬਲ ਨੂੰ ਨਾ ਸਮਝ ਸਕਣ ਅਤੇ ਇਸਦੀ ਦੁਰਵਰਤੋਂ ਦੇ ਅਧਾਰ ਤੇ ਇਹ ਦਾਅਵਾ ਕਰਦੇ ਹਨ ਜੋ ਸਾਫ਼ ਤੌਰ ਤੇ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਉਨ੍ਹਾਂ ਕੋਲ ਉਹ ਨਹੀਂ ਹੈ ਜੋ ਹੋਣ ਦਾ ਉਹ ਦਾਅਵਾ ਕਰਦੇ ਹਨ ਕਿਉਂਕਿ ਆਤਮਾ ਨੇ ਆਪਣੇ ਲਿਖਤ ਵਚਨ ਵਿਚ ਦਿੱਤੀਆਂ ਗੱਲਾਂ ਦਾ ਵਿਰੋਧ ਨਹੀਂ ਕਰਨ ਸੀ!

## ਪਵਿੱਤਰ ਆਤਮਾ ਦਾ ਹੱਥ ਰੱਖਣ ਨਾਲ ਦੇਣ ਦਾ ਮਾਪ

ਹੁਣ ਅਸੀਂ ਖ਼ਾਸ ਤੌਰ ਤੇ ਪਵਿੱਤਰ ਆਤਮਾ ਦੇ ‘‘ਹੱਥ ਰੱਖਣ ਦੇ ਮਾਪ’’ ਬਾਰੇ ਵਿਚਾਰ ਕਰਾਂਗੇ। ਸਾਡੀ ਦਿਲਚਸਪੀ ਖ਼ਾਸ ਤੌਰ ਤੇ ਇਨ੍ਹਾਂ ਵਿਸ਼ਿਆਂ ਉੱਤੇ ਵਿਚਾਰ ਕਰਨ ਦੀ ਹੈ ਕਿਉਂਕਿ ਆਤਮਾ ਅਤੇ ਉਸ ਦੇ ਕੰਮ ਸਬੰਧੀ ਨਾਸਮਝੀ ਬਹੁਤ ਜ਼ਿਆਦਾ ਪਾਈ ਜਾਂਦੀ ਹੈ।

ਯੂਹੰਨਾ ਨੇ ਮਸੀਹ ਲਈ ਆਖਿਆ ਸੀ ਕਿ ‘‘ਜਿਸ ਨੂੰ ਪਰਮੇਸ਼ੁਰ ਨੇ ਭੇਜਿਆ ਹੈ ਸੋ ਪਰਮੇਸ਼ੁਰ ਦੀਆਂ ਗੱਲਾਂ ਬੋਲਦਾ ਹੈ ਇਸ ਲਈ ਜੋ ਉਹ ਆਤਮਾ ਮਿਣ ਕੇ ਨਹੀਂ ਦਿੰਦਾ। ਉਹ (ਪਰਮੇਸ਼ੁਰ, ਉਸ ਨੂੰ) ਆਤਮਾ ਮਿਣ ਕੇ ਨਹੀਂ ਦਿੰਦਾ। ਪਿਤਾ ਪੁੱਤਰ ਨਾਲ ਪਿਆਰ ਕਰਦਾ ਹੈ ਅਤੇ ਸੱਭੋ ਕੁਝ ਉਹ ਦੇ ਹੱਥ ਸੌਂਪ ਦਿੱਤਾ ਹੈ’’ (ਯੂਹੰਨਾ 3:34, 35)। ਭਾਵ, ਮਸੀਹ ਨੂੰ ਆਤਮਾ ਦੀ ਸ਼ਕਤੀ ਬਿਨਾਂ ਮਾਪ ਦੇ ਮਿਲੀ ਜਾਂ ਆਤਮਾ ਦੀ ਵਰਤੋਂ ਕਰਨ ਲਈ ਉਸ ਦੀ ਸ਼ਕਤੀ ਸੀਮਤ ਨਹੀਂ ਸੀ। ਪਰ ਜੇ ਮਸੀਹ ਨੇ ਆਤਮਾ ਬਿਨਾਂ ਮਾਪ ਦੇ ਪਾਇਆ, ਤਾਂ ਇਸ ਦਾ ਅਰਥ ਇਹ ਹੋਇਆ ਕਿ ਦੂਜਿਆਂ ਨੂੰ ਆਤਮਾ ਮਿਣ ਕੇ ਦਿੱਤਾ ਗਿਆ। ਇਸ ਤੋਂ ਇਹ ਅਰਥ ਨਿੱਕਲਦਾ ਹੈ ਕਿ ਭਾਵੇਂ ਉਹ ਆਤਮਾ ਦੀ ਸ਼ਕਤੀ ਆਪਣੀ ਇੱਛਾ ਨਾਲ ਵਰਤ ਸਕਦੇ ਸਨ, ਪਰ ਇਸ ਸ਼ਕਤੀ ਨੂੰ ਇਕ ਹਦ ਤਕ ਵਰਤ ਸਕਦੇ ਸਨ।

ਉਦਾਹਰਣ ਲਈ, ਆਪਣੇ ਅਧਿਐਨ ਵਿਚ ਅਸੀਂ ਵੇਖਿਆ ਹੈ ਕਿ ਪ੍ਰਭੂ ਕੋਲ

ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਣ ਦੀ ਸ਼ਕਤੀ ਸੀ (ਮੱਤੀ 3:11)। ਇਹ ਦੱਸਣ ਲਈ ਕਿ ਬਿਨਾਂ ਮਾਪ ਦੇ ਪਵਿੱਤਰ ਆਤਮਾ ਦੀ ਸ਼ਕਤੀ ਸਿਰਫ਼ ਉਸ ਨੂੰ ਹੀ ਮਿਲੀ ਸੀ (ਮੱਤੀ 3:13–17), ਧਿਆਨ ਵਿਚ ਰੱਖੋ ਕਿ ਇਹ ਬਪਤਿਸਮਾ ਸਿਰਫ਼ ਉਹ ਹੀ ਦੇ ਸਕਦਾ ਸੀ।

ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸਬੰਧ ਵਿਚ ਸਭ ਤੋਂ ਪਹਿਲਾਂ ਤਾਂ ਮਸੀਹ ਨੇ ਸਿਰਫ਼ ਰਸੂਲਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਕੋਲੋਂ ਸਹਾਇਕ, ਅਰਥਾਤ ਪਵਿੱਤਰ ਆਤਮਾ ਭੇਜੇਗਾ (ਯੂਹੰਨਾ 14:26)। ਇਹ ਵਾਅਦਾ ਲੂਕਾ 24:49 ਵਿਚ ਅਤੇ ਰਸੂਲਾਂ ਦੇ ਕਰਤੱਬ 1:8 ਵਿਚ ਵੀ ਦੁਹਰਾਇਆ ਗਿਆ। ਫਿਰ ਅਸੀਂ ਰਸੂਲਾਂ ਦੇ ਕਰਤੱਬ 2:1–4 ਵਿਚ ਪੜ੍ਹਦੇ ਹਾਂ ਕਿ ਸਚਮੁਚ ਰਸੂਲਾਂ ਨੂੰ ਹੀ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਸੀ। ਇਸ ਤਰ੍ਹਾਂ, ਇਹ ਪਵਿੱਤਰ ਆਤਮਾ ਦਾ ਬਪਤਿਸਮਾ ਦਾ ਮਾਪ ਸੀ। ਭਾਵ ਉਨ੍ਹਾਂ ਨੂੰ ਇਹ ਮਿਲਿਆ ਸੀ, ਅਤੇ ਇਸ ਦਾ ਕੋਈ ਮਕਸਦ ਸੀ, ਪਰ ਉਹ ਹੋਰਨਾਂ ਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਨਹੀਂ ਦੇ ਸਕਦੇ ਸਨ। ਇਸ ਦਾ ਅਰਥ ਫਿਰ ਇਹ ਹੋਇਆ ਕਿ ਪਵਿੱਤਰ ਆਤਮਾ ਦੀ ਵਰਤੋਂ ਉਹ ਇਸੇ ਹੱਦ ਤਕ ਕਰ ਸਕਦੇ ਸਨ।

ਪਰ ਰਸੂਲ ਸਿਰਫ਼ ਬਾਰਾਂ ਸਨ ਅਤੇ ਉਨ੍ਹਾਂ ਨੂੰ ਸਾਰੇ ਸੰਸਾਰ ਵਿਚ ਇੰਜੀਲ ਦਾ ਪ੍ਰਚਾਰ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ ਨੂੰ ਬਹੁਤ ਵੱਡਾ ਕੰਮ ਸੌਂਪਿਆ ਗਿਆ ਸੀ। ਇਸ ਤੋਂ ਛੁੱਟ ਕਰਤੱਬ 6 ਵਿਚ ਅਸੀਂ ਪੜ੍ਹਦੇ ਹਾਂ ਕਿ ਜਿੱਥੇ ਉਹ ਚੇਲਿਆਂ ਦੀਆਂ ਦੁਨਿਆਵੀ ਲੋਕਾਂ ਵਿਚ ਉਲਝ ਗਏ ਸਨ। ਇੱਥੇ ਬਾਈਬਲ ਦੱਸਦੀ ਹੈ, ''ਤਦ ਉਨ੍ਹਾਂ ਬਾਰਾਂ ਨੇ ਚੇਲਿਆਂ ਦੀ ਸੰਗਤ ਨੂੰ ਕੋਲ ਸੱਦ ਕੇ ਆਖਿਆ, ਇਹ ਚੰਗੀ ਗੱਲ ਨਹੀਂ ਜੋ ਅਸੀਂ ਪਰਮੇਸ਼ੁਰ ਦਾ ਵਚਨ ਛੱਡ ਕੇ ਖਿਲਾਉਣ ਪਿਲਾਉਣ ਦੀ ਟਹਿਲ ਕਰੀਏ। ਸੋ ਭਾਈਓ ਆਪਣੇ ਵਿੱਚੋਂ ਸੱਤ ਨੇਕ ਨਾਮ ਆਦਮੀਆਂ ਨੂੰ ਜਿਹੜੇ ਆਤਮਾ ਅਤੇ ਬੁੱਧ ਨਾਲ ਭਰਪੂਰ ਹੋਣ ਚੁਣ ਲਓ ਕਿ ਅਸੀਂ ਉਨ੍ਹਾਂ ਨੂੰ ਇਸ ਕੰਮ ਉੱਤੇ ਠਹਿਰਾਈਏ। ਪਰ ਅਸੀਂ ਪ੍ਰਾਰਥਨਾ ਵਿਚ ਅਰ ਵਚਨ ਦੀ ਸੇਵਾ ਵਿਚ ਲੱਗੇ ਰਹਾਂਗੇ'' (ਰਸੂਲਾਂ ਦੇ ਕਰਤੱਬ 6:2–4)।

ਹੁਣ, ਜ਼ਰਾ ਰੁਕ ਕੇ ਰਸੂਲਾਂ ਦੀ ਸਲਾਹ ਉੱਤੇ ਧਿਆਨ ਦਈਏ। ਕੁਝ ਲੋਕ ਹਨ ਜੋ ਇਹ ਦਲੀਲ ਦਿੰਦੇ ਹਨ ਕਿ ਸਾਰੇ ਮਸੀਹੀਆਂ ਨੂੰ ਜਾਂ ਤਾਂ (1) ਪਵਿੱਤਰ ਆਤਮਾ ਦਾ ਬਪਤਿਸਮਾ ਮਿਲਦਾ ਹੈ ਜਾਂ (2) ਉਹ ਇਸ ਨੂੰ ਪਾ ਸਕਦੇ ਹਨ। ਪਰ ਸਪੱਸ਼ਟ ਹੈ ਕਿ **ਰਸੂਲਾਂ ਦੇ ਕਰਤੱਬ 6 ਅਧਿਆਇ ਤਕ ਜਿੰਨਿਆਂ ਨੇ ਵੀ ਪ੍ਰਭੂ ਦਾ ਹੁਕਮ ਮੰਨਿਆ ਸੀ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਿਆ ਸੀ।** ਯਕੀਨਨ ਹੀ ਉਨ੍ਹਾਂ ਨੂੰ ਇਸ ਲਈ ਨਹੀ ਮਿਲਿਆ ਸੀ ਕਿਉਂਕਿ ਇਹ ਪ੍ਰਭੂ ਦੀ ਯੋਜਨਾ ਹੀ ਨਹੀਂ ਸੀ ਕਿ ਜਿੰਨੇ ਲੋਕ ਹੁਕਮ ਮੰਨਣ ਉਨ੍ਹਾਂ ਸਾਰਿਆਂ

ਨੂੰ ਪਵਿੱਤਰ ਆਤਮਾ ਦੀ ਸ਼ਕਤੀ ਦਿੱਤੀ ਜਾਵੇ।

ਸਪੱਸ਼ਟ ਤੌਰ ਤੇ ਰਸੂਲ ਇਸ ਗੱਲ ਨੂੰ ਸਮਝਦੇ ਸਨ ਕਿ ਆਮ ਮਸੀਹੀ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਪਾ ਸਕਦਾ ਅਤੇ ਇਸ ਕਾਰਣ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਚਮਤਕਾਰੀ ਸ਼ਕਤੀ ਵੀ ਨਹੀਂ ਮਿਲਦੀ। ਜੇ ਉਨ੍ਹਾਂ ਨੂੰ ਇਹ ਸ਼ਕਤੀ ਮਿਲੀ ਹੁੰਦੀ ਤਾਂ ਚੇਲਿਆਂ ਨੂੰ ਉਨ੍ਹਾਂ ਵਿੱਚੋਂ ਨੇਕ ਨਾਮ ਅਤੇ ਪਵਿੱਤਰ ਆਤਮਾ ਨਾਲ ਭਰਪੂਰ 7 ਆਦਮੀਆਂ ਨੂੰ ਚੁਣਨ ਦੀ ਕੋਈ ਲੋੜ ਨਹੀਂ ਸੀ ਹੋਣੀ।

ਇਹ ਗੌਰ ਕਰਨਾ ਵੀ ਬੜੀ ਮਜ਼ੇਦਾਰ ਗੱਲ ਹੈ ਕਿ ਰਸੂਲਾਂ ਨੇ ਉਨ੍ਹਾਂ ਸੱਤ ਆਦਮੀਆਂ ਨੂੰ ਚੁਣਨ ਲਈ ਕਿਹਾ ਜਿਹੜੇ ਪਹਿਲਾਂ ਹੀ ਪਵਿੱਤਰ ਆਤਮਾ ਨਾਲ ਭਰਪੂਰ ਸਨ। ਇਸ ਦਾ ਅਰਥ ਇਹ ਹੋਇਆ ਕਿ ਇਹ ਸੰਭਵ ਸੀ ਕਿ ਕੋਈ ਪਵਿੱਤਰ ਆਤਮਾ, ਜਾਂ ਪਾਕ ਰੂਹ ਨਾਲ ਭਰਪੂਰ ਹੋਵੇ ਪਰ ਉਹਦੇ ਕੋਲ ਚਮਤਕਾਰ ਕਰਨ ਦੀ ਸ਼ਕਤੀ ਨਾ ਹੋਵੇ। ਪਰ ਆਤਮਾ ਨਾਲ ਭਰਪੂਰ ਹੋਣ ਅਤੇ ਪਵਿੱਤਰ ਆਤਮਾ ਦਾ ਨਾਪ ਹੋਣ ਵਿਚ ਜਿਸ ਨਾਲ ਆਦਮੀ ਨੂੰ ਚਮਤਕਾਰ ਕਰਨ ਦੀ ਸ਼ਕਤੀ ਮਿਲ ਜਾਣ ਤੇ ਕੀ ਫ਼ਰਕ ਸੀ? ਸਪੱਸ਼ਟ ਹੈ ਕਿ ਫ਼ਰਕ ਇਸ ਗੱਲ ਵਿਚ ਸੀ ਕਿ ਆਤਮਾ ਦੇ ਵੱਖੋ ਵੱਖ ਮਾਪ ਸਨ। ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮੇ ਵਾਲਾ ਮਾਪ ਮਿਲਿਆ ਸੀ ਜਿਸ ਨਾਲ ਉਹ ਮੋਅਜਜ਼ੇ ਦੇ ਦਾਨਾਂ ਵਾਲੇ ਸਾਰੇ ਕੰਮ ਕਰ ਸਕਦੇ ਸਨ, ਜਿਵੇਂ ਦੂਜੀਆਂ ਭਾਸ਼ਾਵਾਂ ਬੋਲਣ, ਬਿਮਾਰਾਂ ਨੂੰ ਚੰਗਿਆਂ ਕਰਨਾ, ਮੁਰਦਿਆਂ ਨੂੰ ਜ਼ਿੰਦਾ ਕਰਨਾ ਇਲਹਾਮ ਨਾਲ ਪ੍ਰਚਾਰ ਕਰਨਾ, ਅਤੇ ਲਿਖਣਾ ਅਤ ਹੋਰ ਚਮਤਕਾਰ।

ਪਰ ਇਸ ਸਬੰਧ ਵਿਚ, ਜਿਨ੍ਹਾਂ ਨੂੰ ਚੁਣਿਆ ਗਿਆ ਉਹ ਪਵਿੱਤਰ ਆਤਮਾ ਨਾਲ ਭਰਪੂਰ ਸਨ ਕਿਉਂਕਿ ਉਨ੍ਹਾਂ ਨੂੰ ਰਸੂਲਾਂ ਦੇ ਕੰਮ 2:38 ਵਿਚ ਕੀਤੇ ਵਾਅਦੇ ਦੇ ਨਾਲ ਪਵਿੱਤਰ ਆਤਮਾ ਦਾ ਦਾਨ ਮਿਲਿਆ ਸੀ ਅਤੇ ਇਹ ਪਵਿੱਤਰ ਆਤਮਾ ਦਾ ਗੈਰ ਚਮਤਕਾਰੀ ਮਾਪ ਸੀ।

ਪਰ ਇਨ੍ਹਾਂ ਚੇਲਿਆਂ ਨੂੰ ਕਿਹੜਾ ਮਾਪ ਮਿਲਣ ਵਾਲਾ ਸੀ? ਜਦ ਇਹ ਸੱਤ ਚੇਲੇ ਚੁਣੇ ਗਏ ਤਾਂ ਬਾਈਬਲ ਦੱਸਦੀ ਹੈ ਕਿ ''ਉਨ੍ਹਾਂ ਨੂੰ ਰਸੂਲਾਂ ਦੇ ਅੱਗੇ ਖੜਾ ਕੀਤਾ ਅਤੇ ਉਨ੍ਹਾਂ ਨੇ ਪ੍ਰਾਰਥਨਾ ਕਰਕੇ ਉਨ੍ਹਾਂ ਉੱਤੇ ਹੱਥ ਰੱਖੇ'' (ਰਸੂਲਾਂ ਦੇ ਕਰਤੱਬ 6:6)। ਸੋ ਇਹ ਕੀ ਸੀ? ਇਹ ਪਵਿੱਤਰ ਆਤਮਾ ਦਾ ਹੱਥ ਰੱਖਣ ਦਾ ਮਾਪ ਸੀ। ਇਨ੍ਹਾਂ ਉੱਤੇ ਰਸੂਲਾਂ ਨੇ ਹੱਥ ਰੱਖੇ ਸਨ, ਇਸ ਲਈ **ਪਵਿੱਤਰ ਆਤਮਾ ਦਾ ਇਹ ਮਾਪ ਦੇਣ ਲਈ ਸਿਰਫ਼ ਰਸੂਲਾਂ ਨੂੰ ਹੀ ਇਹ ਸ਼ਕਤੀ ਦਿੱਤੀ ਗਈ ਸੀ।**

ਪਰ ਪਵਿੱਤਰ ਆਤਮਾ ਦਾ ਇਹ ਮਾਪ ਪਾਉਣ ਦੇ ਬਾਅਦ ਇਹ ਸੱਤ ਚੇਲੇ ਕੀ ਕਰ ਸਕਦੇ ਸਨ ਜਦ ਅਸੀਂ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ''ਇਸਤੀਫ਼ਾਨ ਕਿਰਪਾ ਅਰ ਸ਼ਕਤੀ ਨਾਲ ਭਰਪੂਰ ਹੋ ਕੇ ਵੱਡੇ ਅਚੰਭੇ ਅਤੇ ਨਿਸ਼ਾਨ ਲੋਕਾਂ ਦੇ

ਵਿਚ ਕਰਦਾ ਸੀ'' (ਰਸੂਲਾਂ ਦੇ ਕਰਤੱਬ 6:8)। ਬਾਕੀ ਕੀ ਕਰਦੇ ਸਨ? ਉਹ ਵੀ ਇਸੇ ਹੀ ਤਰ੍ਹਾਂ ਕਰਦੇ ਸਨ ਜਿਵੇਂ ਕਿ ਅਸੀਂ ਅਧਿਆਇ 8 ਵਿਚ ਪੜ੍ਹਦੇ ਹਾਂ, ਪਰ ਯਾਦ ਰੱਖੋ ਕਿ ਰਸੂਲਾਂ ਦੇ ਉਨ੍ਹਾਂ ਉੱਤੇ ਹੱਥ ਰੱਖਣ ਤੋਂ ਪਹਿਲਾਂ ਉਹ ਇਹ ਕੁਝ ਵੀ ਨਹੀਂ ਕਰ ਸਕਦੇ ਸਨ।

ਪਵਿੱਤਰ ਆਤਮਾ ਦੇ ਹੱਥ ਰੱਖਣ ਵਾਲੇ ਮਾਪ ਨਾਲ ਭਾਵੇਂ ਇਹ ਸੱਤੇ ਚੇਲੇ ਚਮਤਕਾਰ ਕਰ ਸਕਦੇ ਸਨ, ਪਰ ਚਮਤਕਾਰ ਕਰਨ ਦੀ ਇਹ ਸ਼ਕਤੀ ਉਹ ਦੂਜਿਆਂ ਨੂੰ ਅੱਗੇ ਨਹੀਂ ਦੇ ਸਕਦੇ ਸਨ। ਉਦਾਹਰਣ ਲਈ ਫ਼ਿਲਿੱਪੁਸ ਮਸੀਹ ਦਾ ਪ੍ਰਚਾਰ ਕਰਨ ਲਈ ਸਾਮਰੀਆ ਦੇ ਹੇਠਲੇ ਇਲਾਕੇ ਵਿਚ ਗਿਆ, ''ਅਤੇ ਜਾਂ ਲੋਕਾਂ ਨੇ **ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ** ਤਾਂ ਇਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਹਨਾ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ। ਅਰ ਉਸ ਨਗਰ ਵਿਚ ਵੱਡੀ ਧੰਨ ਧੰਨ ਹੋਈ'' (ਰਸੂਲਾਂ ਦੇ ਕਰਤੱਬ 8:6–8)।

ਅੱਗੇ ਅਸੀਂ ਪੜ੍ਹਦੇ ਹਾਂ: ''ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿਚ ਸਨ ਇਹ ਸੁਣਿਆ ਕਿ ਸਾਮਰੀਆਂ ਨੇ ਪਰਮੇਸ਼ੁਰ ਦਾ ਵਚਨ ਮੰਨ ਲਿਆ ਹੈ ਤਾਂ ਪਤਰਸ ਅਤੇ ਯੂਹੰਨਾ ਨੂੰ ਉਹਾਂ ਦੇ ਕੋਲ ਘੱਲਿਆ। ਉਨ੍ਹਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਕਿ ਓਹ ਪਵਿੱਤਰ ਆਤਮਾ ਪਾਉਣ। ਕਿਉਂ ਜੋ ਉਹ ਅਜੇ ਤੀਕਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉਤਰਿਆ ਸੀ ਪਰ ਉਨ੍ਹਾਂ ਨਿਰਾ ਪ੍ਰਭੂ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ। ਤਦ ਇਨ੍ਹਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ'' (ਰਸੂਲਾਂ ਦੇ ਕਰਤੱਬ 8: 14–17)।

ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਭਾਵੇਂ ਸੱਤੇ ਜਣਿਆਂ ਉੱਤੇ ਰਸੂਲਾਂ ਵੱਲੋਂ ਹੱਥ ਰੱਖੇ ਗਏ ਤਾਂ ਜੋ ਉਹ ਪਵਿੱਤਰ ਆਤਮਾ ਦੀ ਸ਼ਕਤੀ ਪਾਉਣ, ਪਰ ਇਹ ਸ਼ਕਤੀ ਉਹ ਅੱਗੇ ਹੋਰਨਾਂ ਨੂੰ ਨਹੀਂ ਦੇ ਸਕਦੇ ਸਨ। ਜੇ ਦੇ ਸਕਦੇ ਹੁੰਦੇ ਤਾਂ ਉਹ ਆਪਣੇ ਦੋਸਤਾਂ ਨੂੰ ਵੀ ਇਹ ਸ਼ਕਤੀ ਦੇ ਦਿੰਦੇ ਅਤੇ ਗੱਲ ਕਾਬੂ 'ਚੋਂ ਬਾਹਰ ਨਿੱਕਲ ਜਾਂਦੀ। ਜਿਵੇਂ ਅਸੀਂ ਵੇਖਿਆ ਕਿ ਰਸੂਲਾਂ ਦੇ ਲਈ ਜ਼ਰੂਰੀ ਹੋ ਗਿਆ ਕਿ ਉਹ ਸਾਮਰੀਆਂ ਵਿਚ ਜਾਣ ਤਾਂ ਉੱਥੇ ਕੁਝ ਮਸੀਹੀਆਂ ਉੱਤੇ ਹੱਥ ਰੱਖਣ ਤਾਂ ਜੋ ਉਹ ਚਮਤਕਾਰ ਕਰਨ ਦੀ ਸ਼ਕਤੀ ਪਾ ਸਕਣ ਅਤੇ ਸੇਵਕਾਈ ਦੇ ਕੰਮ ਵਿਚ ਮਦਦਗਾਰ ਸਾਬਤ ਹੋਣ। ਉਦਾਹਰਣ ਲਈ, ਸ਼ਮਊਨ ਜਾਦੂਗਰ ਨੇ ਖ਼ੁਦਾ ਦੇ ਵਚਨ ਨੂੰ ਮੰਨ ਲਿਆ ਸੀ ਅਤੇ ਉਹ ਪਵਿੱਤਰ ਆਤਮਾ ਦੀ ਸ਼ਕਤੀ ਪਾਉਣੀ ਚਾਹੁੰਦਾ ਸੀ, ਸਗੋਂ ਉਹ ਨੇ ਰਸੂਲਾਂ ਕੋਲ ਇਸ ਉਦੇਸ਼ ਲਈ ਧਨ ਵੀ ਪੇਸ਼ ਕੀਤਾ, ਪਰ ਉਨ੍ਹਾਂ ਨੇ ਨਾ ਤਾਂ ਇਸ ਤੋਂ ਪਹਿਲਾਂ ਅਤੇ ਨਾ ਹੀ ਇਸ ਪਾਪ ਲਈ ਝਿੜਕੇ ਜਾਣ ਤੋਂ

ਬਾਅਦ, ਉਸ ਉੱਤੇ ਹੱਥ ਰੱਖੇ ਸਗੋਂ ਉਸ ਨੂੰ ਤੌਬਾ ਕਰਨ ਲਈ ਆਖਿਆ। ਉਸ ਨੂੰ ਜੇ ਇਸ ਤਰ੍ਹਾਂ ਦੀ ਸ਼ਕਤੀ ਮਿਲ ਜਾਂਦੀ ਤਾਂ ਕੋਈ ਸ਼ੱਕ ਨਹੀਂ ਕਿ ਉਹ ਉਸ ਦੀ ਗਲਤ ਵਰਤੋਂ ਕਰਨ ਲਈ ਉਕਸਾਇਆ ਜਾਂਦਾ।

ਯਕੀਨਨ ਹੀ ਰਸੂਲਾਂ ਨੇ ਪੂਰੇ ਦੇਸ਼ ਵਿਚ ਬਹੁਤ ਸਾਰੇ ਚੇਲਿਆਂ ਉੱਤੇ ਹੱਥ ਰੱਖੇ ਹੋਣਗੇ; ਭਾਵ ਉਨ੍ਹਾਂ ਉੱਤੇ ਜੋ ਈਮਾਨਦਾਰ ਸਨ, ਗੰਭੀਰ ਸਨ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਪਾਉਣ ਦੇ ਯੋਗ ਸਨ। ਇਸ ਨਾਲ ਮਸੀਹ ਦਾ ਕੰਮ ਵਧਿਆ ਅਤੇ ਸਥਾਨਕ ਮੰਡਲੀਆਂ ਵਿਚ ਪਰਿਪੱਕਤਾ ਆਈ। ਪਰ ਜਦ ਰਸੂਲ ਮਰ ਗਏ ਅਤੇ ਉਹ ਵੀ ਜਿਨ੍ਹਾਂ ਉੱਤੇ ਹੱਥ ਰੱਖੇ ਸਨ ਤਾਂ ਮੋਅਜਜ਼ਿਆਂ ਦਾ ਯੁੱਗ ਖ਼ਤਮ ਹੋ ਗਿਆ। ਹੁਣ ਮੋਅਜਜ਼ਿਆਂ ਦੀ ਕੋਈ ਲੋੜ ਨਹੀਂ ਰਹੀ ਸੀ ਕਿਉਂ ਜੋ ਨਵਾਂ ਨੇਮ ਦੇ ਦਿੱਤਾ ਗਿਆ ਸੀ। ਹੁਣ ਸਾਡੇ ਕੋਲ ਅਗਵਾਈ ਅਤੇ ਹਦਾਇਤ ਵਾਸਤੇ ਬੇਹਤਰ ਢੰਗ ਹੈ ਕਿਉਂ ਜੋ ਸਾਡੇ ਕੋਲ ਖ਼ੁਦਾ ਦਾ ਲਿਖਤ ਵਚਨ ਹੈ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਮਸੀਹ ਨੇ ਮੋਅਜਜ਼ੇ ਕਿਉਂ ਕੀਤੇ? (ਯੂਹੰਨਾ 20:30, 31)। ਉਸ ਨੂੰ ਆਤਮਾ ''ਬਿਨਾਂ ਨਾਪ ਦੇ'' ਦਿੱਤਾ ਗਿਆ ਸੀ। ਉਸ ਦੀ ਸ਼ਕਤੀ ਦੇ ਸਬੰਧ ਵਿਚ ਇਸ ਦਾ ਕੀ ਮਤਲਬ ਹੈ?
2. ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦੇਣ ਦਾ ਇਖ਼ਤਿਆਰ ਸਿਰਫ਼ .................. ਕੋਲ ਸੀ (ਯੂਹੰਨਾ 14:16–21)। ''ਪਵਿੱਤਰ ਆਤਮਾ ਦਾ ਬਪਤਿਸਮਾ'' ਲੈਣ ਨਾਲ ਉਹ ਕੀ ਕਰ ਸਕਦੇ ਸਨ? (ਰਸੂਲਾਂ ਦੇ ਕਮ 2:43; ਯੂਹੰਨਾ 14:26–28)।
3. ਰਸੂਲ ਆਤਮਾ ਦਾ ''ਹੱਥ ਰੱਖਣ ਦਾ ਨਾਪ'' ਦੇ ਸਕਦੇ ਸਨ (ਰਸੂਲਾਂ ਦੇ ਕਰਤੱਬ 6:6)। ਇਸ ਨਾਲ ਇਸ ਨੂੰ ਪਾਉਣ ਵਾਲੇ ਕੀ ਕਰ ਸਕਦੇ ਸਨ (ਰਸੂਲਾਂ ਦੇ ਕਰਤੱਬ 6:8)।
4. ਭਲਾ ਇਸ ਨਾਪ ਨੂੰ ਪਾਉਣ ਵਾਲੇ ਲੋਕ ਹੋਰਨਾਂ ਵਿਸ਼ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਆਤਮਾ ਦੀ ਸ਼ਕਤੀ ਦੇ ਸਕਦੇ ਸਨ? (ਰਸੂਲਾਂ ਦੇ ਕਰਤੱਬ 8:5–13)।
5. ਭਲਾ ਰਸੂਲ ਕਿਸੇ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦੇ ਸਕਦੇ ਸਨ?
6. ਪਤਰਸ ਦੇ ਕੁਰਨੇਲਿਉਸ ਅਤੇ ਉਸ ਦੇ ਘਰਾਣੇ ਨੂੰ ਵਚਨ ਸੁਣਾਉਣ ਦੌਰਾਨ ਕੀ ਹੋਇਆ? ਇਹ ਕਿਸ ਨੇ ਕਰਵਾਇਆ ਸੀ?
7. ਰਸੂਲਾਂ ਦੇ ਕਰਤੱਬ 5:12 ਦੇ ਮੁਤਾਬਿਕ ਕਲੀਸੀਆ ਦੀ ਤਰੱਕੀ ਲਈ ਉਸ ਵਕਤ ਮੋਅਜਜ਼ੇ ਕੌਣ ਕਰ ਰਿਹਾ ਸੀ?

8. ਰਸੂਲਾਂ ਦੇ ਕਰਤੱਬ 6:8 ਅਤੇ 8:6, 7 ਦੇ ਮੁਤਾਬਿਕ ਕਲੀਸੀਆ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਰਸੂਲਾਂ ਦੀ ਮਦਦ ਲਈ ਸੱਤ ਪੁਰਖਾਂ ਨੂੰ ਚੁਣ ਲਏ ਜਾਣ ਬਾਅਦ, ਉਹ ਕੀ ਕਰ ਸਕਦੇ ਸਨ।
9. ਪਹਿਲੀ ਸਦੀ ਦੌਰਾਨ ਸਿਖਾਉਣ ਵਾਲਿਆਂ ਦੇ ਮੋਅਜਜ਼ੇ ਦੇ ਰਾਹੀਂ ਪ੍ਰੇਰਣਾ ਦੇਣ ਦੀ ਚਮਤਕਾਰੀ ਸ਼ਕਤੀ ਦੀ ਵਰਤੋਂ ਦੇ ਮੁੱਖ ਕਾਰਣ ਕੀ ਸਨ।
10. ਮੋਅਜਜ਼ਿਆਂ ਦੇ ਯੁੱਗ ਦਾ ਸੁਭਾਵਕ ਅੰਤ ਕਦੋਂ ਹੋਇਆ? ਉਦੋਂ ਤਕ ਕੀ ਪੂਰਾ ਹੋ ਚੁੱਕਿਆ ਸੀ?

# ਪਾਠ 4

## ਸ਼ਮਊਨ ਜਾਦੂਗਰ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੇਣ ਤੋਂ ਇਨਕਾਰ ਕਿਉਂ ਕੀਤਾ ਗਿਆ?



ਪਹਿਲੀ ਸਦੀ ਵਿਚ ਇੰਜੀਲ ਦੇ ਫੈਲਣ ਦੇ ਵੇਰਵੇ ਵਿਚ ਅੱਗੇ ਅਸੀਂ ਪੜ੍ਹਦੇ ਹਾਂ ਕਿ ਫਿਲਿੱਪੁਸ ਸਾਮਰੀਆ ਵਿਚ ਉੱਥੋਂ ਦੇ ਲੋਕਾਂ ਨੂੰ ਮਸੀਹ ਦਾ ਪ੍ਰਚਾਰ ਕਰਨ ਲਈ ਗਿਆ। ਪਰ ਉਸ ਕਹਾਣੀ ਦਾ ਹਵਾਲਾ ਦੇਣ ਦੀ ਬਜਾਇ ਮੈਂ ਚਾਹਾਂਗਾ ਕਿ ਤੁਸੀਂ ਉਹ ਹਵਾਲਾ ਮੇਰੇ ਨਾਲ ਪੜ੍ਹੋ ਜਿੱਥੇ ਲਿਖਿਆ ਹੈ, ‘‘ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ। ਅਰ ਉਸ ਨਗਰ ਵਿਚ ਵੱਡੀ ਧੰਨ ਧੰਨ ਹੋਈ।

ਪਰ ਸ਼ਮਊਨ ਨਾਮੇ ਇਕ ਮਨੁੱਖ ਸੀ ਜਿਹੜਾ ਅੱਗੇ ਉਸ ਨਗਰ ਵਿਚ ਜਾਦੂ ਕਰ ਕੇ ਸਾਮਰੀਆ ਦੇ ਲੋਕਾਂ ਨੂੰ ਹੈਰਾਨ ਕਰਦਾ ਅਤੇ ਆਖਦਾ ਸੀ ਕਿ ਮੈਂ ਕੋਈ ਮਹਾਂ ਪੁਰਖ ਹਾਂ। ਅਰ ਛੋਟੇ ਤੋਂ ਲੈਕੇ ਵੱਡੇ ਤਾਂਈਂ ਸਭ ਉਹ ਦੀ ਵੱਲ ਚਿੱਤ ਲਾ ਕੇ ਆਖਦੇ ਸਨ ਭਈ ਇਹ ਮਨੁੱਖ ਪਰਮੇਸ਼ੁਰ ਦੀ ਉਹ ਸ਼ਕਤੀ ਹੈ ਜਿਹੜੀ ਵੱਡੀ ਕਹਾਉਂਦੀ ਹੈ! ਅਤੇ ਉਨ੍ਹਾਂ ਉਹ ਦੀ ਵੱਲ ਇਸ ਕਰਕੇ ਚਿੱਤ ਲਾਇਆ ਕਿ ਉਹ ਨੇ ਬਹੁਤ ਚਿਰ ਤੋਂ ਜਾਦੂ ਕਰ ਕੇ ਉਨ੍ਹਾਂ ਨੂੰ ਹੈਰਾਨ ਕਰ ਰੱਖਿਆ ਸੀ। ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ ਖਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ। ਨਾਲੇ ਸ਼ਮਊਨ ਨੇ ਆਪ ਵੀ ਪਰਤੀਤ ਕੀਤੀ ਅਤੇ ਬਪਤਿਸਮਾ ਲੈ ਕੇ ਫ਼ਿਲਿੱਪੁਸ ਦੇ ਨਾਲ ਹੀ ਰਿਹਾ ਅਤੇ **ਨਿਸ਼ਾਨੀਆਂ ਅਤੇ ਵੱਡੀਆਂ ਕਰਾਮਾਤਾਂ ਜੋ ਪਰਗਟ ਹੋਈਆਂ ਸਨ ਵੇਖ ਕੇ ਦੰਗ ਹੋਇਆ।**

ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿਚ ਸਨ ਇਹ ਸੁਣਿਆ ਕਿ ਸਾਮਰੀਆਂ ਨੇ ਪਰਮੇਸ਼ੁਰ ਦਾ ਵਚਨ ਮੰਨ ਲਿਆ ਹੈ ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ ਘੱਲਿਆ। ਉਨ੍ਹਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਕਿ ਓਹ ਪਵਿੱਤਰ ਆਤਮਾ ਪਾਉਣ। ਕਿਉਂ ਜੋ ਉਹ ਅਜੇ ਤੀਕਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉਤਰਿਆ ਸੀ ਪਰ ਉਨ੍ਹਾਂ ਨਿਰਾ ਪ੍ਰਭੂ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ। **ਤਦ ਇਨ੍ਹਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ।**

ਸੋ ਜਾਂ ਸ਼ਮਊਨ ਨੇ ਵੇਖਿਆ ਜੋ **ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ** ਤਾਂ ਉਨ੍ਹਾਂ ਦੇ ਕੋਲ ਰੁਪਏ ਲਿਆਇਆ। ਅਤੇ ਬੋਲਿਆ ਕਿ ਮੈਨੂੰ ਵੀ ਇਹ ਸ਼ਕਤੀ ਦਿਓ ਤਾਂ ਜੋ ਮੈਂ ਜਿਸ ਕਿਸੇ ਤੇ ਹੱਥ ਰੱਖਾਂ ਸੋ ਉਹ ਨੂੰ ਪਵਿੱਤਰ ਆਤਮਾ ਮਿਲੇ।

ਪਰ ਪਤਰਸ ਨੇ ਉਹ ਨੂੰ ਕਿਹਾ, ਤੇਰੇ ਰੁਪਏ ਤੇਰੇ ਨਾਲ ਨਾਸ ਹੋਣ ਇਸ ਲਈ ਜੋ ਤੈਂ ਪਰਮੇਸ਼ੁਰ ਦੀ ਦਾਤ ਨੂੰ ਮੁੱਲ ਲੈਣ ਦਾ ਖਿਆਲ ਕੀਤਾ! ਤੇਰਾ ਇਸ ਗੱਲ ਵਿਚ ਨਾ ਹਿੱਸਾ ਹੈ ਨਾ ਸਾਂਝ ਕਿਉਂ ਜੋ ਤੇਰਾ ਮਨ ਪਰਮੇਸ਼ੁਰ ਦੇ ਅੱਗੇ ਸਿੱਧਾ ਨਹੀਂ। ਸੋ ਤੂੰ ਆਪਣੀ ਇਸ ਬੁਰਿਆਈ ਤੋਂ ਤੌਬਾ ਕਰ ਅਤੇ ਪ੍ਰਭੂ ਦੇ ਅੱਗੇ ਬੇਨਤੀ ਕਰ ਤਾਂ ਕੀ ਜਾਣੀਏ ਜੋ ਤੇਰੇ ਮਨ ਦੀ ਸੋਚ ਮਾਫ਼ ਕੀਤੀ ਜਾਵੇ। ਕਿਉਂ ਜੋ ਮੈਂ ਵੇਖਦਾ ਹਾਂ ਕਿ ਤੂੰ ਪਿੱਤ ਦੀ ਕੁੜੱਤਣ ਅਤੇ ਬਦੀ ਦੇ ਬੰਧਨ ਵਿਚ ਹੈਂ।

ਸ਼ਮਊਨ ਨੇ ਉੱਤਰ ਦਿੱਤਾ, ਤੁਸੀਂ ਹੀ ਮੇਰੇ ਲਈ ਪ੍ਰਭੂ ਦੇ ਅੱਗੇ ਬੇਨਤੀ ਕਰੋ ਕਿ ਜਿਹੜੀਆਂ ਗੱਲਾਂ ਤੁਸਾਂ ਆਖੀਆਂ ਹਨ ਉਨ੍ਹਾਂ ਵਿੱਚੋਂ ਕੋਈ ਮੇਰੇ ਉੱਤੇ ਨਾ ਪਵੇ। ਸੋ ਜਾਂ ਉਨ੍ਹਾਂ ਸਾਖੀ ਦਿੱਤੀ ਅਤੇ ਪ੍ਰਭੂ ਦਾ ਵਚਨ ਸੁਣਾਇਆ ਤਾਂ ਯਰੂਸ਼ਲਮ ਨੂੰ ਮੁੜੇ ਅਤੇ ਸਾਮਰੀਆਂ ਦਿਆਂ ਬਹੁਤ ਸਾਰਿਆਂ ਪਿੰਡਾਂ ਵਿਚ ਖੁਸ਼ ਖਬਰੀ ਸੁਣਾਈ'' (ਰਸੂਲਾਂ ਦੇ ਕਰਤੱਬ 8:6–25)।

ਫਿਲਿੱਪੁਸ ਉਨ੍ਹਾਂ ਸੱਤਾਂ ਵਿੱਚੋਂ ਇਕ ਸੀ ਜਿਨ੍ਹਾਂ ਉੱਤੇ ਰਸੂਲਾਂ ਨੇ ਹੱਥ ਰੱਖੇ ਸਨ ਤਾਂ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਮਿਲੇ ਅਤੇ ਉਹ, ਉਹ ਪ੍ਰਚਾਰਕ ਸੀ ਜਿਹੜਾ ਸਾਮਰੀਆ ਦੇ ਲੋਕਾਂ ਵਿਚ ਮਸੀਹ ਦਾ ਪ੍ਰਚਾਰ ਕਰਨ ਲਈ ਗਿਆ। ਇਹ ਵਿਖਾਉਣ ਲਈ, ਕਿ ਉਹ ਸਚਮੁਚ ਖ਼ੁਦਾ ਦਾ ਸੁਨੇਹਾ ਦੇ ਰਿਹਾ ਸੀ, ਪ੍ਰਚਾਰ ਕਰਨ ਦੇ ਨਾਲ ਨਾਲ ਉਸ ਨੇ ਉੱਥੇ ਚਮਤਕਾਰ ਕੀਤੇ, ਭੂਤਾਂ ਨੂੰ ਕੱਢਿਆ ਅਤੇ ਹੋਰ ਵੀ ਕਈ ਅਚੰਭੇ ਕੰਮ ਕੀਤੇ।

ਇਸ ਸਭ ਦੇ ਨਤੀਜੇ ਵਜੋਂ ਸਾਨੂੰ ਦੱਸਿਆ ਗਿਆ ਕਿ ਬਹੁਤ ਸਾਰੇ ਲੋਕਾਂ ਨੇ ਪਰਮੇਸ਼ੁਰ ਦੇ ਰਾਜ ਅਤੇ ਮਸੀਹ ਯਿਸੂ ਦੇ ਨਾਮ ਉੱਤੇ ਵਿਸ਼ਵਾਸ ਕੀਤਾ ਅਤੇ ਔਰਤ–ਮਰਦ ਸਭ ਨੇ ਬਪਤਿਸਮਾ ਲਿਆ।

ਇਹ ਖੁਸ਼ਖ਼ਬਰੀ ਯਰੂਸ਼ਲਮ ਤਕ ਪਹੁੰਚ ਗਈ ਜਿੱਥੇ ਉਸ ਵਕਤ ਰਸੂਲ ਸਨ।

ਉਨ੍ਹਾਂ ਨੂੰ ਲੱਗਾ ਕਿ ਇਨ੍ਹਾਂ ਨਵੇਂ ਮਸੀਹੀਆਂ ਨੂੰ ਜਿਹੜੇ ਯਰੂਸ਼ਲਮ ਦੀ ਕਲੀਸੀਆ ਤੋਂ ਦੂਰ ਸਨ ਅਤੇ ਜਿਨ੍ਹਾਂ ਦੀ ਰੂਹਾਨੀ ਜ਼ਿੰਦਗੀ ਵਿਚ ਅਗਵਾਈ ਲਈ ਲਿਖਤ ਵਚਨ ਨਹੀਂ ਸੀ, ਮਦਦ ਦੀ ਲੋੜ ਸੀ। ਪਤਰਸ ਅਤੇ ਯੂਹੰਨਾ ਉਨ੍ਹਾਂ ਲਈ ਦੁਆ ਕਰਨ ਅਤੇ ਉਨ੍ਹਾਂ ਉੱਤੇ ਹੱਥ ਰੱਖਣ ਸਾਮਰੀਆ ਨੂੰ ਗਏ ਤਾਂ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲ ਸਕੇ। ਫਿਰ ਆਤਮਾ ਦੀ ਪ੍ਰੇਰਣਾ ਨਾਲ ਜਿਨ੍ਹਾਂ ਨੂੰ ''ਨਬੂਵਤ'' (ਯੂਨਾਨੀ ਸ਼ਬਦ ਦੇ ਅਰਥ ਦੇ ਮੁਤਾਬਿਕ ਖ਼ੁਦਾ ਦਾ ਸੁਨੇਹਾ ਦੇਣਾ ਜੋ ਹੋਰ ਕਿਸੇ ਤਰ੍ਹਾਂ ਨਾਲ ਪਤਾ ਨਹੀਂ ਲਗ ਸਕਦਾ, ਉਹ ''ਭੂਤ, ਵਰਤਮਾਨ ਜਾਂ ਭਵਿੱਖ ਨਾਲ ਜੁੜਿਆ ਹੋ ਸਕਦਾ ਹੈ।'') ਦਾ ਦਾਨ ਮਿਲਣ ਸੀ, ਉਨ੍ਹਾਂ ਨੂੰ ਮਸੀਹੀ ਲੋਕਾਂ ਦੇ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੇਣ ਲਈ ਚਮਤਕਾਰੀ ਢੰਗ ਨਾਲ ਯੋਗ ਬਣਾਇਆ ਜਾਣਾ ਸੀ (1 ਕੁਰਿੰਥੀਆਂ 14:3)।

ਹੁਣ ਸਵਾਲ ਇਹ ਹੈ ਕਿ ਇਨ੍ਹਾਂ ਨਵੇਂ ਵਿਸ਼ਵਾਸੀਆਂ ਨੂੰ ਚਮਤਕਾਰ ਕਰਨ ਦੀ ਸ਼ਕਤੀ ਫ਼ਿਲਿੱਪੁਸ ਨੇ ਕਿਉਂ ਨਹੀਂ ਦਿੱਤੀ? ਦੋ ਰਸੂਲਾਂ ਨੂੰ ਲੋੜੀਂਦੇ ਦਾਨ ਦੇਣ ਵਾਸਤੇ ਸਾਮਰੀਆ ਵਿਚ ਕਿਉਂ ਜਾਣਾ ਪਿਆ? ਇਹ ਹਵਾਲਾ ਸਾਨੂੰ ਸਾਫ਼ ਦੱਸਦਾ ਹੈ ਕਿ ਦੂਸਰਿਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਸਿਰਫ਼ ਆਤਮਾ ਦਾ ਬਪਤਿਸਮਾ ਪਾਏ ਹੋਏ ਲੋਕ ਹੀ ਦੇ ਸਕਦੇ ਸਨ। ਫ਼ਿਲਿੱਪੁਸ ਨੇ ਕਿਉਂ ਨਹੀਂ ਦਿੱਤੀ? ਕਿਉਂ ਜੋ ਉਹ ਨਹੀਂ ਦੇ ਸਕਦਾ ਸੀ! ਉਹ ਰਸੂਲ ਜੋ ਨਹੀਂ ਸੀ!

ਸਾਮਰੀਆ ਵਿਚ ਵਾਪਸ ਚੱਲਦੇ ਹਾਂ। ਉੱਥੇ ਇਕ ਹੋਰ ਬੰਦਾ ਸੀ ਜਿਹਦਾ ਬੜਾ ਨਾਂਅ ਸੀ। ਉਹਨੂੰ ਸ਼ਮਊਨ ਜਾਦੂਗਰ ਆਖਦੇ ਸਨ। ਉਹਨੇ ਉੱਥੋਂ ਦੇ ਲੋਕਾਂ ਨੂੰ ਜਿਨ੍ਹਾਂ ਨੂੰ ਲਗਦਾ ਸੀ ਕਿ ਉਹਦੇ ਕੋਲ ਕੋਈ ਵੱਡੀ ਸ਼ਕਤੀ ਹੈ, ਛੋਟੇ ਮੋਟੇ ਟੂਣੇ ਟੋਟਕੇ ਵਿਖਾ ਕੇ ਕਾਫ਼ੀ ਠੱਗਿਆ ਸੀ। ਸ਼ਮਊਨ ਇਕ ਜਾਦੂਗਰ ਸੀ ਅਤੇ ਉਹਨੂੰ ਪਤਾ ਸੀ ਕਿ ਜੋ ਕੁਝ ਉਹ ਕਰਦਾ ਸੀ ਉਹ ਸਿਰਫ਼ ਹੱਥ ਦੀ ਸਫ਼ਾਈ ਹੀ ਹੈ। ਇਹਦੇ ਉਲਟ ਜਦ ਉਹਨੇ ਸਚਮੁਚ ਦੇ ਚਮਤਕਾਰ ਹੁੰਦੇ ਵੇਖੇ ਤਾਂ ਮੰਨ ਲਿਆ ਕਿ ਉਹ ਅਸਲੀ ਹਨ, ਅਤੇ ਉਸ ਖੁਸ਼ਖਬਰੀ ਨੂੰ ਮੰਨ ਕੇ ਜਿਹਦੀ ਤਸਦੀਕ ਮੋਅਜਜ਼ਿਆਂ ਦੇ ਰਾਹੀਂ ਹੋ ਚੁਕੀ ਸੀ, ਉਸ ਨੇ ਵੀ ਪਰਮੇਸ਼ੁਰ ਦਾ ਹੁਕਮ ਮੰਨਣਾ ਚਾਹਿਆ।

ਰਸੂਲਾਂ ਨੇ ਆਣ ਕੇ ਬਪਤਿਸਮਾ ਪਾਏ ਹੋਏ ਕੁਝ ਵਿਸ਼ਵਾਸੀਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ, ਪਰ ਬਪਤਿਸਮਾ ਪਾਏ ਹੋਏ ਸਾਰੇ ਵਿਸ਼ਵਾਸੀਆਂ ਨੂੰ ਇਹ ਸ਼ਕਤੀ ਨਹੀਂ ਦਿੱਤੀ ਗਈ ਸੀ। ਸ਼ਮਊਨ ਉਨ੍ਹਾਂ ਵਿਚ ਸ਼ਾਮਿਲ ਸੀ ਜਿਨ੍ਹਾਂ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਨਹੀਂ ਮਿਲੀ ਸੀ, ਪਰ ਉਸ ਨੇ ਹੋਰਨਾਂ ਨੂੰ ਸ਼ਕਤੀ ਮਿਲਦਿਆਂ ਵੇਖਿਆ ਸੀ। ਇਹ ਬੇਨਤੀ ਕਰਨ ਦੀ ਥਾਂ ਕਿ ਉਸ ਨੂੰ ਵੀ ਸਚਮੁਚ ਦੇ ਚਮਤਕਾਰ ਕਰਨ ਦੀ ਸ਼ਕਤੀ ਦਿੱਤੀ ਜਾਵੇ ਉਸ ਨੇ ਰਸੂਲਾਂ ਨੂੰ ਆਖਿਆ ਕਿ ਉਸ ਨੂੰ ਵੀ ਇਹੀ ਸ਼ਕਤੀ ਦਿੱਤੀ ਜਾਵੇ ਕਿ ਉਹ ਜਿਸ ਕਿਸੇ ਤੇ ਹੱਥ ਰੱਖੇ ਉਸ ਨੂੰ

ਪਵਿੱਤਰ ਆਤਮਾ ਦੀ ਚਮਤਕਾਰ ਕਰਨ ਦੀ ਸ਼ਕਤੀ ਮਿਲ ਜਾਵੇ।

ਇਹ ਆਤਮਾ ਦੇ ਦੋ ਬਿਲਕੁਲ ਵੱਖ–ਵੱਖ ਨਾਪ ਸਨ ਕਿਉਂਕਿ ਰਸੂਲਾਂ ਨੂੰ ਖ਼ੁਦਾ ਵੱਲੋਂ ਪਵਿੱਤਰ ਆਤਮਾ ਦੇ ਵਹਾਏ ਜਾਣ ਨਾਲ ਬਪਤਿਸਮਾ ਦਿੱਤਾ ਗਿਆ ਸੀ। ਜਿਸ ਨਾਲ ਉਹ ਨਾ ਸਿਰਫ਼ ਹਰ ਤਰ੍ਹਾਂ ਦੇ ਮੋਅਜਜ਼ੇ ਕਰ ਸਕਦੇ ਸਨ ਬਲਕਿ ਹੋਰਨਾਂ ਨੂੰ ਵੀ ਮੋਅਜਜ਼ੇ ਕਰਨ ਦੀ ਸ਼ਕਤੀ ਦੇ ਸਕਦੇ ਸਨ। ਜਿਨ੍ਹਾਂ ਉੱਤੇ ਰਸੂਲਾਂ ਵੱਲੋਂ ਆਤਮਾ ਦਾ ਮਾਪ ਦੇਣ ਲਈ ਹੱਥ ਰੱਖੇ ਜਾਂਦੇ ਸਨ ਉਹ ਸਿਰਫ਼ ਸਿਰਫ਼ ਖ਼ਾਸ–ਖ਼ਾਸ ਮੋਅਜਜ਼ੇ ਹੀ ਕਰ ਸਕਦੇ ਸਨ। 1 ਕੁਰਿੰਥੀਆਂ 12 ਵਿਚ ਦਿੱਤੇ ਗਏ ਵੇਰਵੇ ਮੁਤਾਬਿਕ ਅਲਗ–ਅਲਗ ਲੋਕਾਂ ਨੂੰ ਅਲਗ–ਅਲਗ ਦਾਨ ਦਿੱਤੇ ਜਾਂਦੇ ਸਨ; ਕੋਈ ਕਿਸੇ ਹੋਰ ਭਾਸ਼ਾ ਵਿਚ ਬੋਲ ਸਕਦਾ ਸੀ, ਕੋਈ ਨਬੂਵਤ ਕਰ ਸਕਦਾ ਸੀ, ਕੋਈ ਚਮਤਕਾਰੀ ਢੰਗ ਨਾਲ ਚੰਗਿਆਈ ਦੇ ਸਕਦਾ ਸੀ। ਇਸ ਤਰ੍ਹਾਂ ਨਾਲ ਪੂਰੀ ਕਲੀਸੀਆ ਨੂੰ ਤਿਆਰ ਕੀਤਾ ਗਿਆ ਸੀ, ਪਰ ਮਸੀਹੀ ਲੋਕ ਇਕ ਦੂਜੇ ਉੱਤੇ ਨਿਰਭਰ ਵੀ ਸਨ ਜਿਨ੍ਹਾਂ ਨੂੰ ਇਕ ਦੂਜੇ ਦੇ ਦਾਨਾਂ ਦੀ ਲੋੜ ਸੀ।

‘‘ਦਾਤਾਂ ਅਨੇਕ ਪਰਕਾਰ ਦੀਆਂ ਹਨ ਪਰ ਆਤਮਾ ਇੱਕੋ ਹੈ। ਅਤੇ ਸੇਵਾਂ ਅਨੇਕ ਪਰਕਾਰ ਦੀਆਂ ਹਨ ਪਰ ਪ੍ਰਭੂ ਇੱਕੋ ਹੈ। ਅਤੇ ਕਾਰਜ ਅਨੇਕ ਪਰਕਾਰ ਦੇ ਹਨ ਪਰੰਤੂ ਪਰਮੇਸ਼ੁਰ ਇੱਕੋ ਜਿਹੜਾ ਸਭਨਾਂ ਵਿਚ ਸਭ ਅਸਰ ਕਰਦਾ ਹੈ। ਪਰ ਆਤਮਾ ਦਾ ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ ਇਕ ਇਕ ਨੂੰ ਦਿੱਤਾ ਜਾਂਦਾ ਹੈ। **ਇਕ ਨੂੰ ਤਾਂ ਆਤਮਾ ਦੇ ਰਾਹੀਂ ਗਿਆਨ ਦੀ ਗੱਲ ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ ਅਨੁਸਾਰ ਵਿੱਦਿਆ ਦੀ ਗੱਲ। ਅਤੇ ਹੋਰ ਕਿਸੇ ਨੂੰ ਓਸੇ ਆਤਮਾ ਤੋਂ ਨਿਹਚਾ ਅਤੇ ਹੋਰ ਕਿਸੇ ਨੂੰ ਓਸੇ ਇੱਕੋ ਆਤਮਾ ਤੋਂ ਦੋ ਨਰੋਇਆਂ ਕਰਨ ਦੀਆਂ ਦਾਤਾਂ। ਅਤੇ ਹੋਰ ਕਿਸੇ ਨੂੰ ਕਰਾਮਾਤਾਂ ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ ਅਗੰਮ ਵਾਕ ਅਤੇ ਹੋਰ ਕਿਸੇ ਨੂੰ ਆਤਮਿਆਂ ਦੀ ਪਛਾਣ ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ ਭਾਸ਼ਾਂ ਅਤੇ ਹੋਰ ਕਿਸੇ ਨੂੰ ਭਾਸ਼ਾਂ ਦਾ ਅਰਥ ਕਰਨਾ। ਪਰ ਉਹ ਇੱਕੋ ਆਤਮਾ ਇਹ ਸਭਨਾਂ ਕੁਝ ਕਰਦਾ ਹੈ ਅਤੇ ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇਕ ਇਕ ਕਰਕੇ ਵੰਡ ਦਿੰਦਾ ਹੈ’’** (1 **ਕੁਰਿੰਥੀਆਂ** 12:4–11)।

ਸ਼ਮਊਨ ਚਾਹੁੰਦਾ ਸੀ ਕਿ ਉਹਨੂੰ ਵੀ ਦੂਜਿਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਹੱਥ ਰੱਖਣ ਦੀ ਯੋਗਤਾ ਮਿਲ ਜਾਵੇ, ਜਿਹਦੇ ਲਈ ਉਸ ਨੇ ਰਸੂਲਾਂ ਨੂੰ ਧਨ ਦੇਣ ਦੀ ਪੇਸ਼ਕਸ਼ ਕੀਤੀ। ਉਹ ਪਹਿਲਾਂ ਵੀ ਲੋਕਾਂ ਨਾਲ ਹੇਰਾਫ਼ੇਰੀ ਕਰਦਾ ਹੋਵੇਗਾ ਅਤੇ ਰਿਸ਼ਵਤ ਵਗੈਰਾ ਦਿੰਦਾ ਹੋਵੇਗਾ ਜਿਸ ਕਰਕੇ ਉਸ ਨੇ ਰਸੂਲਾਂ ਨੂੰ ਵੀ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਜਾਦੂ ਦੇ ਆਪਣੇ ਕਰਤੱਬ ਵਿਖਾ ਕੇ ਉਹ ਲੋਕਾਂ ਦੀ ਨਜ਼ਰ ਵਿਚ ਬਹੁਤ ਮਹਾਨ ਆਦਮੀ ਬਣਿਆ ਸੀ। ਜਿਸ ਕਰਕੇ ਉਸ ਨੂੰ ਲੱਗਿਆ ਹੋਵੇਗਾ ਕਿ ਪਵਿੱਤਰ ਆਤਮਾ ਦੀ ਇਹ ਸ਼ਕਤੀ ਮਿਲ ਜਾਣ ਤੇ ਉਹ

ਸਚਮੁਚ ਵੱਡਾ ਆਦਮੀ ਬਣ ਸਕਦਾ ਹੈ।

ਸੰਖੇਪ ਵਿਚ, ਇਹੀ ਕਾਰਣ ਹੈ ਕਿ ਪਵਿੱਤਰ ਆਤਮਾ ਦੀ ਸ਼ਕਤੀ ਦੂਜਿਆਂ ਨੂੰ ਅੱਗੇ ਦੇਣ ਦੀ ਸਮਰੱਥਾ ਸਿਰਫ਼ ਰਸੂਲਾਂ ਨੂੰ ਹੀ ਦਿੱਤੀ ਗਈ ਸੀ। ਜੇ ਹੋਰਨਾਂ ਨੂੰ ਇਹ ਸ਼ਕਤੀ ਮਿਲ ਜਾਂਦੀ ਤਾਂ ਕਈ ਲੋਕ ਜਿਨ੍ਹਾਂ ਨੂੰ ਇਸ ਦੀ ਅਹਿਮੀਅਤ ਦਾ ਪਤਾ ਵੀ ਨਹੀਂ ਹੋਣਾ ਸੀ ਉਹ ਰਿਸ਼ਵਤ ਲੈ ਕੇ ਇਹ ਸ਼ਕਤੀ ਅੱਗੇ ਹੋਰਨਾਂ ਨੂੰ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਅਤੇ ਦੋਸਤਾਂ ਨੂੰ ਦੇਣ ਦੇ ਲਾਲਚ ਵਿਚ ਪੈ ਸਕਦੇ ਸਨ।

ਪਰ ਸ਼ਮਊਨ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਨਾਲ ਗੱਲ ਨਹੀਂ ਬਣੀ। ਪਤਰਸ ਨੇ ਇਨਾਂ ਹੀ ਜਵਾਬ ਦਿੱਤਾ, **''ਤੇਰੇ ਰੁਪਏ ਤੇਰੇ ਨਾਲ ਹੀ ਨਾਸ ਹੋਣ, ਇਸ ਲਈ ਕਿ ਤੂੰ ਪਰਮੇਸ਼ੁਰ ਦੀ ਦਾਤ ਨੂੰ ਮੁੱਲ ਲੈਣ ਦਾ ਖਿਆਲ ਕੀਤਾ''** (ਰਸੂਲਾਂ ਦੇ ਕਰਤੱਬ 8:20)। ਪਤਰਸ ਇਸੇ ਲਈ ਉਸ ਨੂੰ ਬਿਆਨ ਕਰਦਾ ਹੈ ਕਿ ਉਸ ਨੇ ਇਸ ਸਭ ਨੂੰ ਬਿਲਕੁਲ ਨਹੀਂ ਸਮਝਿਆ, ਅਤੇ ਯਕੀਨਨ ਹੀ ਪਰਮੇਸ਼ੁਰ ਦਾ ਦਾਨ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ। ਫਿਰ ਉਹ ਉਸ ਨੂੰ ਇਹ ਆਖ ਕੇ ਝਿੜਕਦਾ ਹੈ ਕਿ ਉਹਦਾ ਮਨ ਪਰਮੇਸ਼ੁਰ ਦੇ ਅੱਗੇ ਸਿੱਧਾ ਨਹੀਂ ਅਤੇ ਇਹ ਕਿ ਉਹ ਆਪਣੀ ਇਸ ਬੁਰਿਆਈ ਤੋਂ ਤੌਬਾ ਕਰੇ ਤਾਂ ਜੋ ਉਸਦੇ ਮਨ ਦੇ ਖਿਆਲ ਮਾਫ਼ ਕੀਤੇ ਜਾਣ। ਪਤਰਸ ਨੇ ਆਖਿਆ, **''ਕਿਉਂ ਜੋ ਮੈਂ ਵੇਖਦਾ ਹਾਂ ਭਈ ਤੂੰ ਪਿੱਤ ਦੀ ਕੁੜੱਤਣ ਅਤੇ ਬਦੀ ਦੇ ਬੰਧਨ ਵਿਚ ਹੈਂ''** (ਰਸੂਲਾਂ ਦੇ ਕਰਤੱਬ 8:23)। ਦੂਜੇ ਸ਼ਬਦਾਂ ਵਿਚ, ਸ਼ਮਊਨ ਬਹੁਤ ਗਿਰ ਗਿਆ ਸੀ। ਉਹ ਬਿਲਕੁਲ ਗਲਤ ਸੀ।

ਪਤਰਸ ਸ਼ਮਊਨ ਨੂੰ ਇਹ ਗੱਲ ਆਖ ਸਕਿਆ ਕਿਉਂ ਜੋ ਉਸ ਨੇ ਇੰਜੀਲ ਨੂੰ ਸੁਣ ਕੇ ਮੰਨਿਆ ਸੀ ਭਾਵ, ਮਸੀਹੀ ਬਣਨ, ਕਲੀਸੀਆ ਦਾ ਮੈਂਬਰ ਹੋਣ ਦੇ ਬਾਅਦ ਉਸ ਨੇ ਪਾਪ ਕੀਤਾ ਸੀ। ਪਰ ਇਸ ਦੇ ਬਾਅਦ ਉਸਦੇ ਲਈ ਜ਼ਰੂਰੀ ਨਹੀਂ ਸੀ ਕਿ ਉਹ ਦੁਬਾਰਾ ਤੋਂ ਬਪਤਿਸਮਾ ਲਵੇ। ਪਰਮੇਸ਼ੁਰ ਦਾ ਬਾਲਕ ਹੋਣ ਦੇ ਨਾਤੇ ਉਸਨੂੰ ਸਿਰਫ਼ ਆਪਣੇ ਪਾਪਾਂ ਤੋਂ ਤੌਬਾ ਕਰਨ ਅਤੇ ਪ੍ਰਾਰਥਨਾ ਕਰਨ ਦੀ ਲੋੜ ਸੀ ਤਾਂ ਜੋ ਉਸਦੇ ਪਾਪ ਮਾਫ਼ ਕੀਤੇ ਜਾ ਸਕਣ। ਸ਼ਮਊਨ ਨੇ ਪਤਰਸ ਦੀ ਝਿੜਕ ਸੁਣ ਕੇ ਆਪਣੀ ਸਫ਼ਾਈ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਸ ਨੇ ਕਿਹਾ, **''ਤੁਸੀਂ ਹੀ ਮੇਰੇ ਲਈ ਪ੍ਰਭੂ ਦੇ ਅੱਗੇ ਬੇਨਤੀ ਕਰੋ ਭਈ ਜਿਹੜੀਆਂ ਗੱਲਾਂ ਤੁਸੀਂ ਆਖੀਆਂ ਉਨ੍ਹਾਂ ਵਿੱਚੋਂ ਕੋਈ ਮੇਰੇ ਉੱਤੇ ਨਾ ਆ ਪਵੇ''** (ਰਸੂਲਾਂ ਦੇ ਕਰਤੱਬ 8:25)।

ਇਸ ਦੇ ਬਾਅਦ ਪਤਰਸ ਅਤੇ ਯੂਹੰਨਾ ਯਰੂਸ਼ਲਮ ਨੂੰ ਚਲੇ ਗਏ ਅਤੇ ਫ਼ਿਲਿੱਪੁਸ ਕਿਸੇ ਹੋਰ ਜਗ੍ਹਾ। ਪਰ ਸ਼ਮਊਨ ਦਾ ਕੀ ਬਣਿਆ? ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਪਤਰਸ ਦੇ ਉਸ ਨੂੰ ਝਿੜਣ ਅਤੇ ਤੌਬਾ ਕਰਕੇ ਖ਼ੁਦਾ ਤੋਂ ਮਾਫ਼ੀ ਮੰਗਣ ਲਈ ਦੁਆ ਕਰਨ ਲਈ ਆਖਣ ਤੇ ਉਹ ਇਕ ਚੰਗਾ ਮਸੀਹੀ ਬਣ ਗਿਆ ਹੋਵੇਗਾ।

ਭਲਾ ਇਸ ਦਾ ਮਤਲਬ ਇਹ ਹੋਇਆ ਕਿ ਰਸੂਲਾਂ ਨੇ ਉਸ ਉੱਤੇ ਪਵਿੱਤਰ ਆਤਮਾ ਪਾਉਣ ਲਈ ਹੱਥ ਰਖੇ ਹੋਣਗੇ? ਨਹੀਂ, ਇਸ ਦਾ ਕੋਈ ਸੰਕੇਤ ਨਹੀਂ ਹੈ। ਇਸ ਦੇ ਤਿੰਨ ਕਾਰਣ ਹਨ:

- ਜਦ ਯਰੂਸ਼ਲਮ ਵਿਚ ਰਸੂਲਾਂ ਨੇ ਸੱਤ ਪੁਰਖਾਂ ਉੱਤੇ ਹੱਥ ਰੱਖੇ ਸਨ, ਅਤੇ ਹੋਰਨਾਂ ਉੱਤੇ ਨਹੀਂ ਰੱਖੇ ਸਨ, ਤਾਂ ਅਸੀਂ ਵੇਖਦੇ ਹਾਂ ਕਿ ਸਾਮਰੀਆ ਵਿਚ ਬਪਤਿਸਮਾ ਲੈਣ ਵਾਲੇ ਹਰ ਬੰਦੇ ਨੂੰ ਚਮਤਕਾਰੀ ਸ਼ਕਤੀ ਨਹੀਂ ਦਿੱਤੀ ਗਈ।
- ਜਿੱਥੋਂ ਤਕ ਸ਼ਮਊਨ ਦੀ ਗੱਲ ਹੈ ਉਹ ਆਪਣੇ ਨਕਲੀ ''ਚਮਤਕਾਰਾਂ'' ਕਰਕੇ ਕਾਫ਼ੀ ਮਸ਼ਹੂਰ ਸੀ। ਇਹ ਡਰ ਹੋਵੇਗਾ ਕਿ ਉਸ ਦੇ ਮਸੀਹੀ ਬਣ ਜਾਣ ਦੇ ਬਾਅਦ ਹੁਣ ਉਹ ਕੀ ਕਰ ਰਿਹਾ ਹੈ, ਇਹ ਲਗ ਸਕਦਾ ਸੀ ਕਿ ਇਹ ਸ਼ਕਤੀ ਸ਼ਮਊਨ ਦੀ ਆਪਣੀ ਹੋਵੇਗੀ ਜਾਂ ਜਾਦੂ ਦੇ ਕੰਮ ਕਰਦਿਆਂ ਜਿਹਦਾ ਉਹ ਦਾਅਵਾ ਕਰਦਾ ਹੁੰਦਾ ਸੀ, ਉਸੇ ਦੀ ਹੋਵੇਗੀ। ਵੇਖਣ ਸੁਣਨ ਵਾਲਿਆਂ ਨੂੰ ਇਹੀ ਲਗਦਾ ਕਿ ਕਲੀਸੀਆ ਵਿਚ ਵੀ ਇਵੇਂ ਹੀ ਹੁੰਦਾ ਹੈ।
- ਪਵਿੱਤਰ ਆਤਮਾ ਦੀ ਸ਼ਕਤੀ ਪਾਉਣ ਨਾਲ ਉਸ ਨੇ ਉਸ ਸ਼ਕਤੀ ਦੀ ਦੁਰਵਰਤੋਂ ਕਰਨ ਦੀ ਪਰੀਖਿਆ ਵਿਚ ਪੈ ਜਾਣਾ ਸੀ। ਜਿਵੇਂ ਕਿ ਕਿਸੇ ਨੇ ਕਿਹਾ ਹੈ, ''ਬੈਂਕ ਵਿਚ ਡਾਕਾ ਮਾਰਨ ਵਾਲੇ ਨੂੰ ਮਾਫ਼ ਕੀਤਾ ਜਾ ਸਕਦਾ ਹੈ, ਪਰ ਜੇ ਉਹ ਆਪਣੇ ਇਸ ਪਾਪ ਤੋਂ ਤੌਬਾ ਕਰ ਲਵੇ। ਪਰ ਤੁਸੀਂ ਨਹੀਂ ਚਾਹੋਗੇ ਕਿ ਉਸੇ ਵਿਅਕਤੀ ਨੂੰ ਬੈਂਕ ਦਾ ਖਜਾਨਚੀ ਬਣਾ ਦਿਓ, ਭਾਵ ਖ਼ਜ਼ਾਨੇ ਦੀ ਸੰਭਾਲ ਲਈ ਇੰਚਾਰਜ ਬਣਾ ਦਿਓ।''

ਹੱਥ ਰੱਖਣ ਵਾਲਾ ਪਵਿੱਤਰ ਆਤਮਾ ਦਾ ਮਾਪ ਪਾਉਣ ਨਾਲ ਕਿਸੇ ਦੀ ਮੁਕਤੀ ਦਾ ਕੋਈ ਸਬੰਧ ਨਹੀਂ, ਪਰ ਪ੍ਰਭੂ ਨੇ ਆਪਣੇ ਕੁਝ ਕੁ ਲੋਕਾਂ ਨੂੰ ਚੁਣਿਆ ਤਾਂ ਜੋ ਉਨ੍ਹਾਂ ਨੂੰ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦੀ ਸ਼ਕਤੀ ਮਿਲੇ ਅਤੇ ਉਸ ਸਮੇਂ ਪ੍ਰਭੂ ਦੀ ਸੇਵਾ ਹੋਰ ਚੰਗੇ ਤਰੀਕੇ ਨਾਲ ਹੋ ਸਕੇ। ਅੱਜ ਸਾਨੂੰ ਅਜਿਹੀਆਂ ਚਮਤਕਾਰੀ ਗੱਲਾਂ ਵੱਲ ਝੁਕਣ ਦੀ ਲੋੜ ਨਹੀਂ ਹੈ, ਕਿਉਂਕਿ ਸਾਡੇ ਲਈ ਅਤੇ ਸਾਰੇ ਸੰਸਾਰ ਲਈ ਪਰਮੇਸ਼ੁਰ ਦੀ ਇੱਛਾ ਨਵੇਂ ਨੇਮ ਵਿਚ ਜ਼ਾਹਿਰ ਕਰ ਦਿੱਤੀ ਗਈ ਹੈ ਜਿਸ ਦੇ ਨਾਲ ਅਸੀਂ ਨਾਸ ਹੋ ਰਹੇ ਸੰਸਾਰ ਵਿਚ ਖ਼ੁਦਾ ਦੇ ਵਚਨ ਦਾ ਐਲਾਨ ਕਰ ਸਕਦੇ ਹਾਂ।

# ਵਿਚਾਰ ਕੀਤੇ ਜਾਣ ਲਈ ਸਵਾਲ

1. ਸਾਮਰੀਆ ਵਿਚ ਫ਼ਿਲਿੱਪੁਸ ਨੇ ਜਦ ਲੋਕਾਂ ਨੂੰ ਮਸੀਹ ਵਿਚ ਲਿਆਂਦਾ ਤਾਂ ਉਨ੍ਹਾਂ ਦੇ ਬਪਤਿਸਮਾ ਲੈਣ ਨਾਲ ਕੀ ਹੋਇਆ? (ਰਸੂਲਾਂ ਦੇ ਕਰਤੱਬ 2:38)
   1. ਉਨ੍ਹਾਂ ਨੂੰ ਪਾਪਾਂ ਦੀ ...................... ਮਿਲੀ;
   2. ਉਨ੍ਹਾਂ ਨੂੰ ............................. ਦਾ ਦਾਨ ਮਿਲਿਆ।
2. ਭਲਾ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਸੀ?
3. ਭਲਾ ਫ਼ਿਲਿੱਪੁਸ ਨੇ ਕੁਝ ਲੋਕਾਂ ਨੂੰ ਮੋਅਜਜ਼ੇ ਕਰਨ ਦਾ ਦਾ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖੇ ਸਨ?
4. ਰਸੂਲਾਂ ਦੇ ਕਰਤੱਬ 8 ਦੇ ਮੁਤਾਬਿਕ ਸਾਮਰੀਆ ਵਿਚ ਕੌਣ-ਕੌਣ ਆਇਆ ਸੀ ਅਤੇ ਕੀ ਕਰਨ ਆਇਆ ਸੀ?
5. ਫ਼ਿਲਿੱਪੁਸ ਨਵੇਂ ਵਿਸ਼ਵਾਸੀਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਕਿਉਂ ਨਹੀਂ ਦੇ ਸਕਿਆ ਸੀ?
6. ਸ਼ਮਊਨ ਜਾਦੂਗਰ ਕਿਹੜੇ ਖ਼ਾਸ ਦਾਨ ਨੂੰ ਪਾਉਣਾ ਚਾਹੁੰਦਾ ਸੀ?
7. ਭਲਾ ਸ਼ਮਊਨ ਸਚਮੁਚ ਵਿਚ ਬਦਲਿਆ ਸੀ? ਪਤਰਸ ਦੀ ਝਾੜ ਸੁਣ ਕੇ ਉਹਨੇ ਕੀ ਜਵਾਬ ਦਿੱਤਾ?
8. ਸਾਨੂੰ ਕਿਵੇਂ ਪਤਾ ਕਿ ਸਾਮਰੀਆ ਵਿਚ ਵਿਸ਼ਵਾਸ ਕਰਨ ਵਾਲੇ ਹਰ ਸ਼ਖ਼ਸ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਦਿੱਤੀ ਗਈ ਸੀ?
9. ਸ਼ਮਊਨ ਦੇ ਪਿਛੋਕੜ ਤੇ ਵਿਚਾਰ ਕਰਦਿਆਂ ਤਰਕਸੰਗਤ ਕਾਰਣ ਕੀ ਹੈ ਕਿ ਉਸ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਨਹੀਂ ਚੁਣਿਆ ਗਿਆ?
10. ਅੱਜ ਸਾਨੂੰ ਵਿਸ਼ਵਾਸ ਕਰਨ ਲਈ ਮੋਅਜਜ਼ਿਆਂ ਦੀ ਲੋੜ ਕਿਉਂ ਨਹੀਂ ਹੈ?

# ਪਵਿੱਤਰ ਆਤਮਾ ਦਾ ਦਾਨ



ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਪਵਿੱਤਰ ਆਤਮਾ ਦੇ ਹੱਥ ਰੱਖਣ ਦੇ ਮਾਪ ਦਾ ਅਧਿਐਨ ਕਰ ਚੁੱਕੇ ਹਾਂ, ਅਤੇ ਹੁਣ ਅਸੀਂ ਪਵਿੱਤਰ ਆਤਮਾ ਦੇ ਦਾਨ ਦੀ ਗੱਲ ਕਰਾਂਗੇ, ਜਿਸ ਦਾ ਵਾਅਦਾ ਹਰ ਮਸੀਹੀ ਨੂੰ ਦਿੱਤਾ ਗਿਆ ਹੈ।

ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਅਤੇ ਕੁਝ ਚੁਣਿੰਦਾ ਚੇਲਿਆਂ ਨੂੰ ਉਨ੍ਹਾਂ ਤੇ ਹੱਥ ਰਖਣ ਦਾ ਆਤਮਾ ਦਾ ਮਾਪ ਮਿਲਿਆ। ਰਸੂਲਾਂ ਦੀ ਸਿੱਖਿਆ ਦੇ ਮੁਤਾਬਿਕ ਪ੍ਰਭੂ ਦਾ ਹੁਕਮ ਮੰਨਣ ਵਾਲੇ ਹਰ ਕਿਸੇ ਨੂੰ ਭਾਵੇਂ ਉਹ ਸਾਡੇ ਸਮੇਂ ਦਾ ਹੋਵੇ ਤੇ ਭਾਵੇਂ ਪ੍ਰਭੂ ਦੇ ਵਾਪਿਸ ਆਉਣ ਵੇਲੇ ਸਭ ਨੂੰ ''ਪਵਿੱਤਰ ਆਤਮਾ ਦਾ ਦਾਨ'' ਮਿਲਿਆ ਹੈ।

ਜਦ ਅਸੀਂ ਰਸੂਲਾਂ ਦੇ ਕਰਤੱਬ 2 ਅਧਿਆਇ ਨੂੰ ਵੇਖਦੇ ਹਾਂ ਤਾਂ ਉੱਥੇ ਸਾਨੂੰ ਬਾਈਬਲ ਦੱਸਦੀ ਹੈ ਕਿ ਕਿਵੇਂ ਪੈਂਟੀਕਾਸਟ ਵਾਲਾ ਦਿਨ ਯਹੂਦੀਆਂ ਦਾ ਇਕ ਤਿਓਹਾਰ ਸੀ। ਸਭ ਰਸੂਲ ਯਰੂਸ਼ਲਮ ਵਿਚ ਸਨ, ਇਸ ਸਮੇਂ ਦੁਨੀਆਂ ਦੇ ਸਭ ਹਿੱਸਿਆਂ ਤੋਂ ਯਹੂਦੀ ਲੋਕ ਇੱਥੇ ਇਕੱਠੇ ਹੋਏ ਹੋਏ ਸਨ। ਇਸੇ ਹੀ ਸਮੇਂ ਪਰਮੇਸ਼ੁਰ ਦਾ ਪਵਿੱਤਰ ਆਤਮਾ ਉਨ੍ਹਾਂ ਉੱਤੇ ਉੱਤਰਿਆ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਣ ਕਾਰਣ, ਉਹ ਹੋਰ-ਹੋਰ ਬੋਲੀਆਂ ਜਾਂ ਭਾਸ਼ਾਵਾਂ ਬੋਲਣ ਲੱਗ ਪਏ। ਅਸਲ ਵਿਚ ਇਹ ਉਹ ਭਾਸ਼ਾਵਾਂ ਜਾਂ ਜ਼ਬਾਨਾਂ ਸਨ ਜਿਨ੍ਹਾਂ ਨੂੰ ਉਸ ਦਿਨ ਉੱਥੇ ਜਮ੍ਹਾਂ ਹੋਏ ਲੋਕ ਸਮਝ ਰਹੇ ਸਨ। ਇਸ ਦੇ ਬਾਅਦ ਪਤਰਸ ਅਤੇ ਹੋਰ, ਰਸੂਲਾਂ ਨੇ ਉਸ ਵੱਡੀ ਭੀੜ ਵਿਚ ਪ੍ਰਚਾਰ ਕੀਤਾ ਕਿ ਮਸੀਹ ਜੀ ਉੱਠਿਆ ਪ੍ਰਭੂ ਹੈ। ਅਤੇ ਬਾਈਬਲ ਦੱਸਦੀ ਹੈ ਕਿ **''ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ? ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ**

**ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕਰਤੱਬ** 2:37, 38)।

ਇਨ੍ਹਾਂ ਆਇਤਾਂ ਵਿਚ ਅਸੀਂ ਵੇਖਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਪ੍ਰਭੂ ਵਿਚ ਵਿਸ਼ਵਾਸ ਕੀਤਾ ਸੀ, ਉਨ੍ਹਾਂ ਨੇ ਆਪਣੇ ਪਾਪਾਂ ਤੋਂ ਤੌਬਾ ਕੀਤੀ, ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਿਆ, ਅਤੇ ਪਵਿੱਤਰ ਆਤਮਾ ਦਾ ਦਾਨ ਪਾਇਆ। ਇਹ ਪਵਿੱਤਰ ਆਤਮਾ ਦਾ ਗੈਰ ਚਮਤਕਾਰੀ ਦਾਨ ਸੀ।

ਪਵਿੱਤਰ ਆਤਮਾ ਦਾ ਦਾਨ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਰਸੂਲਾਂ ਦੇ ਹੱਥ ਰੱਖਣ ਨਾਲ ਮਿਲਣ ਵਾਲੇ ਮਾਪ ਨਾਲੋਂ ਫ਼ਰਕ ਹੈ। ਇਸ ਸਬੰਧੀ ਜਦ ਬਾਈਬਲ ਵਿਚ ਵੇਖੀਏ ਤਾਂ ਹਰ ਗੱਲ ਉਸ ਦੇ ਦਿੱਤੇ ਹਵਾਲੇ ਵਿਚ ਵੱਖਰੀ ਨਜ਼ਰ ਆਉਂਦੀ ਹੈ। ਉਦਾਹਰਣ ਲਈ ਰਸੂਲਾਂ ਦੇ ਕਰਤੱਬ 2:1–4 ਵਿਚ ਅਸੀਂ ਅਸਾਨੀ ਨਾਲ ਜਾਣ ਸਕਦੇ ਹਾਂ ਕਿ ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ। ਰਸੂਲਾਂ ਦੇ ਕਰਤੱਬ 6 ਅਤੇ 8 ਅਧਿਆਇ ਵਿਚ ਅਸੀਂ ਰਸੂਲਾਂ ਨੂੰ ਕੁਝ ਖ਼ਾਸ ਚੇਲਿਆਂ ਉੱਤੇ ਹੱਥ ਰੱਖਦੇ ਵੇਖਦੇ ਹਾਂ ਤਾਂ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਮਿਲੇ। ਫਿਰ ਰਸੂਲਾਂ ਦੇ ਕਰਤੱਬ 2:38 ਵਿਚ ਪਵਿੱਤਰ ਆਤਮਾ ਦੇ ਦਾਨ ਦਾ ਉਨ੍ਹਾਂ ਸਭਨਾਂ ਨਾਲ ਵਾਅਦਾ ਕੀਤਾ ਗਿਆ ਜਿਹੜੇ ਪ੍ਰਭੂ ਦੇ ਹੁਕਮ ਨੂੰ ਮੰਨਣਗੇ, ਤਾਂ ਜੋ ਉਨ੍ਹਾਂ ਨੂੰ ਪਾਪਾਂ ਦੀ ਮਾਫ਼ੀ ਪ੍ਰਾਪਤ ਹੋਵੇ।

ਫੇਰ ਰਸੂਲਾਂ ਦੇ ਕਰਤੱਬ 6 ਅਧਿਆਇ ਵਿਚ ਅਸੀਂ ਵੇਖ ਸਕਦੇ ਹਾਂ ਕਿ ਚੇਲਿਆਂ ਵਿੱਚੋਂ ਚੁਣੇ ਗਏ ਸਨ ਸੱਤ ਜਣਿਆਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਿਆ ਸੀ। ਕਿਉਂਕਿ ਜੇ ਮਿਲਿਆ ਹੁੰਦਾ ਤਾਂ ਉਨ੍ਹਾਂ ਉੱਤੇ ਰਸੂਲਾਂ ਦੇ ਹੱਥ ਰੱਖੇ ਜਾਣ ਦੀ ਲੋੜ ਨਹੀਂ ਹੋਣੀ ਸੀ। ਹਾਂ ਬੇਸ਼ੱਕ ਉਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ ਨੇਕ ਨਾਮ ਅਤੇ ਪਵਿੱਤਰ ਆਤਮਾ ਅਤੇ ਬੁੱਧ ਨਾਲ ਭਰਪੂਰ ਸਨ। ਇਸ ਦਾ ਕੀ ਅਰਥ ਹੈ ਕਿ ''ਪਵਿੱਤਰ ਆਤਮਾ ਨਾਲ ਭਰਪੂਰ'' ਸਨ? ਇਕ ਗੱਲ ਤਾਂ ਸਾਫ਼ ਹੈ ਕਿ ਉਨ੍ਹਾਂ ਨੂੰ ਚਮਤਕਾਰ ਕਰਨ ਦੀ, ਗੈਰ ਜ਼ਬਾਨਾਂ ਬੋਲਣ ਦੀ, ਅਤੇ ਹੋਰ ਅਜਿਹੇ ਕੰਮ ਕਰਨ ਦੀ ਸ਼ਕਤੀ ਨਹੀਂ ਮਿਲੀ ਹੋਈ ਸੀ। ਸਗੋਂ ਇਸ ਦਾ ਅਰਥ ਹੈ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਗੈਰ ਚਮਤਕਾਰੀ ਮਾਪ ਮਿਲਿਆ ਹੋਇਆ ਸੀ। ਉਨ੍ਹਾਂ ਨੂੰ ਇਹ ਦਾਨ ਕਦੋਂ ਮਿਲਿਆ ਸੀ? ਜਦੋਂ ਉਨ੍ਹਾਂ ਨੇ ਰਸੂਲਾਂ ਦੇ ਕਰਤੱਬ 2:38 ਅਨੁਸਾਰ ਪਰਮੇਸ਼ੁਰ ਦਾ ਹੁਕਮ ਮੰਨ ਕੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਿਆ ਸੀ। ਇਹ ਆਤਮਾ ਦਾ ਉਹੀ ਗੈਰ ਚਮਤਕਾਰੀ ਦਾਨ ਹੈ ਜਿਹੜਾ ਹਰ ਕਿਸੇ ਨੂੰ ਮਿਲਦਾ ਹੈ ਜਦੋਂ ਉਹ ਪਾਪਾਂ ਦੀ ਮਾਫ਼ੀ ਲਈ ਪ੍ਰਭੂ ਦੇ ਹੁਕਮ ਨੂੰ ਮੰਨਦਾ ਹੈ। ਦੂਜੇ ਸ਼ਬਦਾਂ ਵਿਚ ਇਹ ਆਤਮਾ ਦਾ ਉਹ ਮਾਪ ਹੈ ਜਿਹੜਾ

ਪ੍ਰਭੂ ਆਪਣੇ ਲੋਕਾਂ ਨੂੰ ਉਦੋਂ ਦਿੰਦਾ ਹੈ ਜਦੋਂ ਉਹ ਉਹਦਾ ਹੁਕਮ ਮੰਨਦੇ ਹਨ।

ਜਦ ਪਤਰਸ ਅਤੇ ਹੋਰਨਾਂ ਰਸੂਲਾਂ ਨੂੰ ਯਰੂਸ਼ਲਮ ਵਿਚ ਸਭ ਦੇ ਅੱਗੇ ਪੇਸ਼ ਕੀਤਾ ਗਿਆ ਕਿ ਉਹ ਸਫ਼ਾਈ ਪੇਸ਼ ਕਰਨ ਕਿ ਮਸੀਹ ਦਾ ਪ੍ਰਚਾਰ ਕਰਨ ਦੀ ਮਨਾਹੀ ਦੇ ਬਾਵਜੂਦ ਉਨ੍ਹਾਂ ਨੇ ਉਹਦਾ ਪ੍ਰਚਾਰ ਕਿਉਂ ਕੀਤਾ, ਤਾਂ ਉਨ੍ਹਾਂ ਨੇ ਮਹਾਂ ਪੁਰੋਹਿਤ ਅਤੇ ਹੋਰਨਾਂ ਅੱਗੇ ਬਿਆਨ ਕੀਤਾ, **''ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜ਼ਰੂਰੀ ਹੈ। ਸਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ ਨੇ ਯਿਸੂ ਨੂੰ ਜਿਵਾਲਿਆ ਜਿਹ ਨੂੰ ਤੁਸਾਂ ਕਾਠ ਉੱਤੇ ਲਮਕਾ ਕੇ ਮਾਰ ਸੁੱਟਿਆ। ਓਸੇ ਨੂੰ ਪਰਮੇਸ਼ੁਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚਾ ਕਰ ਕੇ ਹਾਕਮ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਏਲ ਨੂੰ ਤੌਬਾ ਅਤੇ ਪਾਪਾਂ ਦੀ ਮਾਫ਼ੀ ਬਖ਼ਸ਼ੇ। ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ ਜੋ ਪਰਮੇਸ਼ੁਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ''** (ਰਸੂਲਾਂ ਦੇ ਕਰਤੱਬ 5:29—32)।

ਜਦਕਿ ਇਹ ਕਿਹਾ ਜਾ ਸਕਦਾ ਹੈ ਕਿ ਜਿਨ੍ਹਾਂ ਨੇ ਪਰਮੇਸ਼ੁਰ ਦਾ ਹੁਕਮ ਮੰਨ ਲਿਆ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦਾ ਮਾਪ ਮਿਲਿਆ ਤਾਂ ਯਕੀਨਨ ਹੀ **ਪਵਿੱਤਰ ਆਤਮਾ ਦਾ ਦਾਨ ਵੀ ਜੋ ਕਿ ਪਵਿੱਤਰ ਆਤਮਾ ਦਾ ਗੈਰ—ਚਮਤਕਾਰੀ ਮਾਪ ਹੈ, ਮਿਲਿਆ ਅਤੇ ਹੁਣ ਵੀ ਉਨ੍ਹਾਂ ਨੂੰ ਮਿਲਦਾ ਹੈ ਜਿਹੜੇ ਪਰਮੇਸ਼ੁਰ ਦੇ ਹੁਕਮ ਨੂੰ ਮੰਨਦੇ ਹਨ।**

ਪੌਲੁਸ ਰਸੂਲ ਨੇ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਲਿਖਿਆ, **''ਮੁੱਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿਚ ਤੁਹਾਡੇ ਅੱਗੇ ਬੇਨਤੀ ਕਰਦੇ ਅਤੇ ਤੁਹਾਨੂੰ ਤਗੀਦ ਕਰਦੇ ਹਾਂ ਕਿ ਜਿਵੇਂ ਤੁਸਾਂ ਸਾਥੋਂ ਸਿੱਖਿਆ ਪਾਈ ਭਈ ਕਿੱਕੁਰ ਚੱਲਣਾ ਅਤੇ ਪਰਮੇਸ਼ੁਰ ਨੂੰ ਪਰਸੰਨ ਕਰਨਾ ਚਾਹੀਦਾ ਹੈ—ਜਿਵੇਂ ਤੁਸੀਂ ਚੱਲਦੇ ਵੀ ਹੋ—ਸੋ ਇਸ ਵਿਚ ਹੋਰ ਭੀ ਵਧਦੇ ਚੱਲੇ ਜਾਓ। ਕਿਉਂਕਿ ਤੁਸੀਂ ਜਾਣਦੇ ਹੋ ਜੋ ਅਸਾਂ ਤੁਹਾਨੂੰ ਪ੍ਰਭੂ ਯਿਸੂ ਦੀ ਵੱਲੋਂ ਕੀ ਕੀ ਹੁਕਮ ਦਿੱਤੇ। ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ। ਅਤੇ ਤੁਹਾਡੇ ਵਿਚ ਹਰ ਕੋਈ ਆਪਣੇ ਲਈ ਇਸਤਰੀ ਨੂੰ ਪਵਿੱਤਰਤਾਈ ਅਤੇ ਪਤ ਨਾਲ ਪਰਾਪਤ ਕਰਨਾ ਜਾਣੇ। ਨਾ ਕਾਮ ਦੀ ਵਾਸ਼ਨਾ ਨਾਲ ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ। ਅਤੇ ਕੋਈ ਇਸ ਗੱਲ ਵਿਚ ਅਪਰਾਧੀ ਨਾ ਹੋਵੇ, ਨਾ ਆਪਣੇ ਭਾਈ ਨਾਲ ਵਾਧਾ ਕਰੇ ਕਿਉਂ ਜੋ ਪ੍ਰਭੂ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ ਜਿਵੇਂ ਅਸਾਂ ਅੱਗੇ ਵੀ ਤੁਹਾਨੂੰ ਆਖਿਆ ਅਤੇ ਸਾਖੀ ਦਿੱਤੀ ਸੀ। ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਨਾਲ ਨਹੀਂ ਸਗੋਂ ਪਵਿੱਤਰਤਾਈ ਵਿਚ ਸੱਦਿਆ। ਉਪਰੰਤ ਜੋ ਕੋਈ ਇਹਨੂੰ ਰੱਦਦਾ ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ। ਪਰ ਭਰੱਪਣ ਦੇ ਪ੍ਰੇਮ ਦੇ**

**ਵਿਖੇ ਤੁਹਾਨੂੰ ਕੁਝ ਲਿਖਣ ਦੀ ਲੋੜ ਨਹੀਂ ਕਿਉਂ ਜੋ ਤੁਸੀਂ ਆਪ ਇਕ ਦੂਏ ਨਾਲ ਪ੍ਰੇਮ ਕਰਨ ਨੂੰ ਪਰਮੇਸ਼ੁਰ ਦੇ ਸਿਖਾਏ ਹੋਏ ਹੋ'' (1 ਥੱਸਲੁਨੀਕੀਆਂ 4: 1—9)।**

ਪੌਲੁਸ ਇਨ੍ਹਾਂ ਗੱਲਾਂ ਨਾਲ ਮਸੀਹੀ ਲੋਕਾਂ ਨੂੰ ਦਲੇਰੀ ਦਿੰਦਾ ਹੈ ਕਿ ਉਹ ਇਕ ਦੂਜੇ ਦੀ ਇੱਜ਼ਤ ਕਰਦੇ ਹੋਏ ਆਪਣੇ ਆਪ ਨੂੰ ਪਾਕ ਸਾਫ਼ ਰੱਖਣ, ਕਿਉਂਕਿ ਉਹ ਪਰਮੇਸ਼ੁਰ ਦੇ ਹਨ ਅਤੇ ਪਵਿੱਤਰ ਆਤਮਾ ਉਨ੍ਹਾਂ ਨੂੰ ਦਿੱਤਾ ਗਿਆ ਹੈ। ਬਾਈਬਲ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਪੌਲੁਸ ਆਮ ਮਸੀਹੀ ਲੋਕਾਂ ਨਾਲ ਗੱਲ ਕਰ ਰਿਹਾ ਸੀ ਅਤੇ ਇਸ ਤਰ੍ਹਾਂ ਉਹ ਦੱਸਦਾ ਹੈ ਕਿ ਉਨ੍ਹਾਂ ਨੇ ਵੀ ਪਵਿੱਤਰ ਆਤਮਾ ਪਾਇਆ ਹੈ। ਇਹ ਪਵਿੱਤਰ ਆਤਮਾ ਦਾ ਦਾਨ ਭਾਵ ਪਵਿੱਤਰ ਆਤਮਾ ਦਾ ਗੈਰ ਚਮਤਕਾਰੀ ਮਾਪ ਹੈ। ਮੈਂ ਇਸ ਕਰਕੇ ਇਸ ਗੱਲ ਨੂੰ ਨਿਖੇੜ ਰਿਹਾ ਹਾਂ ਕਿਉਂਕਿ ਰਸੂਲਾਂ ਵਾਂਗ ਪਵਿੱਤਰ ਆਤਮਾ ਪਾਉਣਾ, ਜਿਸ ਨਾਲ ਚਮਤਕਾਰ ਦੀ ਸ਼ਕਤੀ ਮਿਲੇ, ਅਤੇ ਰਸੂਲਾਂ ਦੇ ਹੱਥ ਰੱਖਣ ਨਾਲ ਉਹ ਜੋ ਪਵਿੱਤਰ ਆਤਮਾ ਪਾਉਂਦੇ ਸਨ (ਪਰ ਉਨ੍ਹਾਂ ਨੂੰ ਚਮਤਕਾਰੀ ਸ਼ਕਤੀ ਨਹੀਂ ਮਿਲੀ), ਇਸ ਵਿਚ ਫ਼ਰਕ ਹੈ।

ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਪੌਲੁਸ ਨੇ ਕਿਹਾ, **''ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੈ। ਜੇ ਕੋਈ ਪਰਮੇਸ਼ੁਰ ਦੀ ਹੈਕਲ ਦਾ ਨਾਸ ਕਰੇ ਤਾਂ ਪਰਮੇਸ਼ੁਰ ਉਹਦਾ ਨਾਸ ਕਰੇਗਾ ਕਿਉਂ ਜੋ ਪਰਮੇਸ਼ੁਰ ਦੀ ਹੈਕਲ ਪਵਿੱਤਰ ਹੈ ਅਤੇ ਇਹੋ ਤੁਸੀਂ ਹੋ''** (1 ਕੁਰਿੰਥੀਆਂ 3: 16—17)।

ਫਿਰ ਉਹਨੇ ਕਿਹਾ, **''ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ''** (1 ਕੁਰਿੰਥੀਆਂ 6: 19, 20)।

ਪੌਲੁਸ ਸਾਫ਼ ਆਖ ਰਿਹਾ ਸੀ ਕਿ ਸਾਡੀਆਂ ਦੇਹਾਂ ਆਤਮਾ ਦੀ ਹੈਕਲ ਹਨ, ਪਰ ਉਹ ਇਕ ਮਸੀਹੀ ਦੇ ਅੰਦਰ ਗੈਰ ਚਮਤਕਾਰੀ ਢੰਗ ਨਾਲ ਕਿਵੇਂ ਰਹਿ ਸਕਦਾ ਹੈ? ਇਸੇ ਤਰ੍ਹਾਂ ਨਾਲ ਮਸੀਹ ਸਾਡੇ ਅੰਦਰ ਵਾਸ ਕਰਦਾ ਹੈ (ਕੁਲੁੱਸੀਆਂ 1:27), ਅਤੇ ਪਰਮੇਸ਼ੁਰ ਸਾਡੇ ਅੰਦਰ ਵਾਸ ਕਰਦਾ ਹੈ (ਅਫ਼ਸੀਆਂ 4:6) ਅਤੇ ਅਸੀਂ ਮਸੀਹ ਵਿਚ ਅਤੇ ਪਰਮੇਸ਼ੁਰ ਵਿਚ ਵਾਸ ਕਰਦੇ ਹਾਂ (ਰੋਮੀਆਂ 6:3, 4; ਗਲਾਤੀਆਂ 3:26, 27)।

> ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿਚ ਸਮਰੱਥਾ ਨਾਲ ਬਲਵੰਤ ਬਣੋ (ਅਫ਼ਸੀਆਂ 3: 16)।

ਇੱਕੋ ਪਰਮੇਸ਼ੁਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ ਦੇ ਅੰਦਰ ਹੈ (ਅਫ਼ਸੀਆਂ 4:6) ।

ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੋਵੇ ਪਰੰਤੂ ਜਿਹ ਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ (ਰੋਮੀਆਂ 8:9)।

ਅਜਿਹੇ ਲੋਕ ਹੁੰਦੇ ਹਨ ਜਿਹੜੇ ਇਹ ਕਹਿੰਦੇ ਕਿ ਆਤਮਾ ਮਸੀਹੀ ਲੋਕਾਂ ਦੇ ਅੰਦਰ ਸਿਰਫ਼ ਪ੍ਰਤੀਕ ਦੇ ਰੂਪ ਵਿਚ ਵਚਨ ਦੇ ਰਾਹੀਂ ਹੀ ਵੱਸਦਾ ਹੈ, ਉਸ ਦੇ ਸਚਮੁਚ ਵਿਚ ''ਵਾਸ'' ਦਾ ਇਨਕਾਰ ਕਰਦੇ ਹਨ। ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ ਬਾਈਬਲ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਸੀ **ਇਸ ਕਰਕੇ ਉਹ ਵਚਨ ਦੇ ਰਾਹੀਂ ਸਾਡੇ ਅੰਦਰ ਵਾਸ ਕਰਦਾ ਹੈ।**

- ਇਸ ਤੱਥ ਤੋਂ ਅਲਹਿਦਾ ਕਿ ਰੋਮੀਆਂ 8:11 ਵਰਗੀਆਂ ਆਇਤਾਂ ਨੂੰ ਪੜ੍ਹ ਕੇ ਜੋ ਇਹ ਦੱਸਦੀਆਂ ਹਨ ਕਿ ਆਤਮਾ ਸਾਡੇ ਅੰਦਰ ਵਾਸ ਕਰਦਾ ਹੈ, ਇਸ ਸਿੱਖਿਆ ਵਿਚ ਕਈ ਦਿੱਕਤਾਂ ਹਨ, ਬਹੁਤ ਸਾਰੇ ਲੋਕਾਂ ਨੂੰ ਇਸ ਨੂੰ ਆਪਣੇ ਵਿਸ਼ਵਾਸ ਮੁਤਾਬਿਕ ਪੜ੍ਹਨ ਲਈ ''ਆਤਮਾ ਦੇ ਵਸੀਲੇ'' ਨੂੰ ਬਰੈਕਟ ਵਿਚ ਰੱਖਣਾ ਪੈਂਦਾ ਹੈ: **''ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ ਵਿਚ ਵੱਸਦਾ ਹੈ [ਵਚਨ ਦੇ ਰਾਹੀਂ] ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿਚ ਵੱਸਦਾ ਹੈ [ਵਚਨ ਦੇ ਰਾਹੀਂ] ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ''** (ਰੋਮੀਆਂ 8:11)।
- **ਭਲਾ ਪ੍ਰਕਾਸ਼ ਦੀ ਪੋਥੀ 22:18 ਵਿਚ ''ਵਚਨ ਵਿਚ ਜੋੜਨ'' ਬਾਰੇ ਕੁਝ ਕਿਹਾ ਗਿਆ ਹੈ? ''ਮੈਂ ਹਰੇਕ ਇਕ ਦੇ ਅੱਗੇ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ। ਜੇ ਕੋਈ ਇਹਨਾਂ ਵਿਚ ਕੁਝ ਵਧਾਵੇ ਤਾਂ ਓਹ ਬਵਾਂ ਜਿਹੜੀਆਂ ਇਸ ਪੋਥੀ ਵਿਚ ਲਿਖੀਆਂ ਹੋਈਆਂ ਹਨ ਪਰਮੇਸ਼ੁਰ ਉਸ ਉੱਤੇ ਵਧਾਵੇਗਾ।''**
- ਇਸ ਮੁਸ਼ਕਿਲ ਤੋਂ ਪਰੇ ਇਹ ਤੱਥ ਹੈ ਕਿ ਜਦੋਂ ਪਤਰਸ ਨੇ ਇਹ ਆਖਦਿਆਂ ਪ੍ਰਚਾਰ ਕੀਤਾ ਸੀ ਕਿ ਤੌਬਾ ਕਰਕੇ ਬਪਤਿਸਮਾ ਲੈਣ ਵਾਲਿਆਂ ਨੂੰ ਪਵਿੱਤਰ ਆਤਮਾ ਦਾ ਦਾਨ ਦਿੱਤਾ ਜਾਵੇਗਾ, ਉਸ ਵਕਤ ਨਵਾਂ ਨੇਮ ਅਜੇ ਲਿਖਿਆ ਨਹੀਂ ਗਿਆ ਸੀ! ਉਸ ਦਿਨ ਤਿੰਨ ਹਜ਼ਾਰ ਲੋਕਾਂ ਨੂੰ ਉਹ ਕਿਵੇਂ ਮਿਲ ਗਿਆ ਜੋ ਕਈ ਦਹਾਕੇ ਬਾਅਦ ਤਕ ਅਜੇ ਪੂਰਾ ਨਹੀਂ ਹੋਇਆ ਸੀ?
- ਅਤੇ ਫਿਰ ਇਹ ਵੀ ਮੁਸ਼ਕਿਲ ਹੈ ਕਿ ਬਾਈਬਲ ਦੇ ਪੁਰਾਣੇ ਨੇਮ ਵਾਲੇ ਭਾਗ

ਦੇ ਅਧੀਨ ਰਹਿਣ ਵਾਲੇ ਲੋਕਾਂ ਨੂੰ ‘‘**ਪਵਿੱਤਰ ਆਤਮਾ ਦਾ ਦਾਨ**’’ ਦਿੱਤੇ ਜਾਣ ਦੀ ਗੱਲ ਕਦੇ ਨਹੀਂ ਕੀਤੀ ਗਈ। ਖ਼ੁਦਾ ਦਾ ਵਚਨ ਉਨ੍ਹਾਂ ਦੇ ਅੰਦਰ ਵਾਸ ਕਰਦਾ ਸੀ ਤਾਂ ਫਿਰ ਇਹ ਕਦੇ ਕਿਉਂ ਨਹੀਂ ਆਖਿਆ ਗਿਆ ਕਿ ਪਵਿੱਤਰ ਆਤਮਾ ਇਸਰਾਏਲ ਕੌਮ ਦੇ ਅੰਦਰ ‘‘ਵਾਸ ਕਰਦਾ’’ ਸੀ?

- ਅਤੇ ਅਖੀਰ ਵਿਚ ਕੁਝ ਲੋਕ ਜ਼ਿੰਦਗੀ ਭਰ ਬਾਈਬਲ ਦੀ ਵੱਖੋ ਵੱਖ ਮਾਤਰਾਂ ਨੂੰ ਆਤਮਸਾਤ ਕਰਦੇ ਹਨ। ਜੇ ਉਨ੍ਹਾਂ ਦੇ ਮਨਾਂ ਵਿਚ ਸਿਰਫ਼ ਵਚਨ ਹੀ ‘‘ਵਾਸ ਕਰਦਾ ਹੈ’’ ਤਾਂ ਭਲਾ ਕਿਸੇ ਵਿਚ 20 ਫ਼ੀਸਦੀ ਕਿਸੇ ਵਿਚ 35 ਫ਼ੀਸਦੀ ਆਤਮਾ ਹੋਵੇਗਾ ਅਤੇ ਉਨ੍ਹਾਂ ਵਿਚ ਕਿੰਨਾਂ ਹੋਵੇਗਾ ਜਿਨ੍ਹਾਂ ਨੇ ਬਾਈਬਲ ਦੇ ਜ਼ਿਆਦਾਤਰ ਹਿੱਸੇ ਨੂੰ ਯਾਦ ਕੀਤਾ ਹੋਇਆ ਹੈ। ਪਰ ਰਸੂਲਾਂ ਦੇ ਕਰਤੱਬ 2:38 ਵਿਚ ਦਿੱਤੀਆਂ ਹਦਾਇਤਾਂ ਦੇ ਮੁਤਾਬਿਕ ਕਦੇ ਵਚਨ ਦੇ ਮੁਤਾਬਿਕ ਬਪਤਿਸਮਾ ਨਹੀਂ ਲਿਆ? ਉਨ੍ਹਾਂ ਦੇ ਦਿਮਾਗ ਵਿਚ ਤਾਂ ਬਾਈਬਲ ਅਸਲ ਵਿਚ ਉਨ੍ਹਾਂ ਨਾਲੋਂ ਕਿਤੇ ਵੱਧ ਹੋਵੇਗੀ ਜਿਹੜੇ ਖ਼ੁਦਾ ਦੇ ਪਰਿਵਾਰ ਦਾ ਭਾਗ ਹਨ। ਤਾਂ ਇਹਦਾ ਮਤਲਬ ਇਹ ਹੋਇਆ ਕਿ ਭਾਵੇਂ ਉਨ੍ਹਾਂ ਨੇ ਕਦੇ ਉਹ ਨਹੀਂ ਮੰਨਿਆ ਜੋ ਖ਼ੁਦਾ ਨੇ ਚਾਹਿਆ ਜੋ ਸਭ ਤੋਂ ਪਹਿਲਾਂ ‘‘ਪਵਿੱਤਰ ਆਤਮਾ ਦਾ ਦਾਨ’’ ਪਾਉਣ ਲਈ ਆਦਮੀ ਲਈ ਕਰਨਾ ਜ਼ਰੂਰੀ ਹੈ, ਉਨ੍ਹਾਂ ਦੇ ਅੰਦਰ ਆਤਮਾ ਦਾ ਵਾਸ ਬਹੁਤ ਹੈ?

## ਭਲਾ “ਪਵਿੱਤਰ ਆਤਮਾ ਦਾ ਦਾਨ” ਚਮਤਕਾਰੀ ਸੀ ?

ਬਹੁਤੇ ਲੋਕ ਮੰਨਦੇ ਹਨ ਕਿ ਪਵਿੱਤਰ ਆਤਮਾ ਨਾਲ ਜਿਸ ਵੀ ਕਿਸੇ ਚੀਜ਼ ਦਾ ਸਬੰਧ ਹੈ, ਉਹ ਚਮਤਕਾਰੀ ਹੀ ਹੁੰਦਾ ਹੈ। ਉਦਾਹਰਣ ਲਈ, ਉਹ ਸੋਚਦੇ ਹਨ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਪਵਿੱਤਰ ਆਤਮਾ ਦਾ ਹੱਥ ਰੱਖਣ ਦਾ ਮਾਪ ਉਸ ਦੇ ਪਾਉਣ ਵਾਲਿਆਂ ਨੂੰ ਚਮਤਕਾਰੀ ਕੰਮ ਕਰਨ ਦੇ ਯੋਗ ਬਣਾ ਦਿੰਦਾ ਹੈ, ਅਤੇ ਉਹ ਸਹੀ ਹਨ। ਰਸੂਲਾਂ ਨੂੰ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਪਵਿੱਤਰ ਆਤਮਾ ਦੀ ਚਮਤਕਾਰੀ ਸ਼ਕਤੀ ਮਿਲੀ ਪਰ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਪਵਿੱਤਰ ਆਤਮਾ ਦਾ ਖ਼ਾਸ ਮਾਪ ਪਾਉਣ ਵਾਲੇ ਸਿਰਫ਼ ਉਹੀ ਲੋਕ ਸਨ। ਅੱਜ ਦੇ ਸਮੇਂ ਵਿਚ ਕੋਈ ਆਦਮੀ ਨਹੀਂ ਜਿਸ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੋਵੇ ਕਿਉਂਕਿ ਸਿਰਫ਼ ਰਸੂਲਾਂ ਨੂੰ ਅਤੇ ਕੁਰਨੇਲਿਉਸ ਦੇ ਪਰਿਵਾਰ ਨੂੰ ਹੀ ਪਵਿੱਤਰ ਆਤਮਾ ਦਾ ਇਹ ਮਾਪ ਮਿਲਿਆ ਸੀ, ਅਤੇ ਉਹ ਸਭ ਸਦੀਆਂ ਪਹਿਲਾਂ ਮਰ ਗਏ ਸਨ। ਫਿਰ ਅੱਜ ਉਨ੍ਹਾਂ ਵਿੱਚੋਂ ਵੀ ਕੋਈ ਜ਼ਿੰਦਾ

ਨਹੀਂ ਹੈ ਜਿਨ੍ਹਾਂ ਉੱਤੇ ਹੱਥ ਰੱਖੇ ਗਏ ਸਨ ਕਿਉਂਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਚਮਤਕਾਰੀ ਸ਼ਕਤੀ ਰਸੂਲਾਂ ਦੇ ਹੱਥ ਰੱਖਣ ਨਾਲ ਮਿਲੀ ਸੀ ਜੋ ਰਸੂਲ ਸਦੀਆਂ ਪਹਿਲਾਂ ਮਰ ਗਏ, ਤਾਂ ਕੁਦਰਤੀ ਹੀ ਹੈ ਕਿ ਸੈਂਕੜੇ ਸਾਲਾਂ ਤੋਂ ਹੱਥ ਰੱਖਣ ਵਾਲਾ ਕੋਈ ਨਹੀਂ ਹੈ।

ਪਰ ਅੱਜ ਬਹੁਤ ਸਾਰੇ ਲੋਕ ਹਨ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਰਸੂਲਾਂ ਦੇ ਕਰਤੱਬ 2:38 ਵਿਚ ਜੋ ਪਵਿੱਤਰ ਆਤਮਾ ਦਾ ਜ਼ਿਕਰ ਕੀਤਾ ਗਿਆ ਹੈ ਉਹ ਹੀ ਪਵਿੱਤਰ ਆਤਮਾ ਦਾ ਚਮਤਕਾਰੀ ਮਾਪ ਹੈ। ਇਹ ਸੱਚ ਹੈ ਕਿ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਵੀ ਦਾਨ ਕਿਹਾ ਗਿਆ ਹੈ, ਜਿਵੇਂ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ। ਪਰ ਪਤਰਸ ਨੇ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਨੂੰ ਮਿਲਣ ਵਾਲੇ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਹੀ ਦਾਨ ਨਹੀਂ ਕਿਹਾ ਸਗੋਂ ਉਸ ਨੇ ਰਸੂਲਾਂ ਨੂੰ ਮਿਲਣ ਵਾਲੇ ਉਸ ਬਪਤਿਸਮੇ ਨੂੰ ਵੀ ਦਾਨ ਹੀ ਕਿਹਾ ਸੀ। ਉਸ ਨੇ ਕਿਹਾ, ‘‘**ਇਸ ਲਈ ਜਦ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਹੋ ਜਿਹੀ ਦਾਤ ਦਿੱਤੀ ਜਿਹੀ ਸਾਨੂੰ ਵੀ ਦਿੱਤੀ ਜਦ ਅਸੀਂ ਪ੍ਰਭੂ ਯਿਸੂ ਉੱਤੇ ਨਿਹਚਾ ਕੀਤੀ ਤਾਂ ਫਿਰ ਮੈਂ ਕੌਣ ਸਾਂ ਜੋ ਪਰਮੇਸ਼ੁਰ ਨੂੰ ਰੋਕ ਸਕਦਾ?**’’ (ਰਸੂਲਾਂ ਦੇ ਕਰਤੱਬ 11:17)। ਪਤਰਸ ਇੱਥੇ ਦੱਸ ਰਿਹਾ ਹੈ ਕਿ ਕੁਰਨੇਲਿਉਸ ਅਤੇ ਉਸ ਦੇ ਪਰਿਵਾਰ ਨੂੰ ਪਵਿੱਤਰ ਅਤਾਮਾ ਦਾ ਬਪਤਿਸਮਾ ਦੇ ਕੇ ਪਰਮੇਸ਼ੁਰ ਇਹ ਦੱਸਣਾ ਚਾਹੁੰਦਾ ਸੀ ਕਿ ਉਸ ਨੇ ਯਹੂਦੀਆਂ ਦੇ ਨਾਲ-ਨਾਲ ਪਰਾਈਆਂ ਕੌਮਾਂ ਨੂੰ ਵੀ ਕਬੂਲ ਲਿਆ ਹੈ।

ਬੇਸ਼ੱਕ, ਪਵਿੱਤਰ ਆਤਮਾ ਦਾ ਬਪਤਿਸਮਾ ਇਕ ਦਾਤ ਸੀ, ਅਤੇ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦੇਣ ਦਾ ਮਾਪ ਵੀ। ਪਰ ਰਸੂਲਾਂ ਦੇ ਕਰਤੱਬ 2:38 ਵਿਚਲੀ ਪਵਿੱਤਰ ਆਤਮਾ ਦੀ ਦਾਤ ਇਸ ਦਾਤ ਨਾਲੋਂ ਫ਼ਰਕ ਹੈ। ਅਤੇ ਇਸ ਜਗ੍ਹਾ ਪਵਿੱਤਰ ਆਤਮਾ ਦਾ ਇਹ ਦਾਨ ਗੈਰ ਚਮਤਕਾਰੀ ਸੀ। ਪਰ ਸਾਨੂੰ ਇਹ ਕਿਵੇਂ ਪਤਾ ਲੱਗਿਆ? ਤੁਸੀਂ ਉਹ ਹਵਾਲਾ ਪੜ੍ਹ ਕੇ ਜਾਣ ਸਕਦੇ ਹੋ ਕਿ ਰਸੂਲਾਂ ਦੇ ਕਰਤੱਬ 2:38 ਵਿਚ ਜਿਨ੍ਹਾਂ ਨੇ ਪਵਿੱਤਰ ਆਤਮਾ ਦਾ ਦਾਨ ਪਾਇਆ ਕੀ ਉਹ ਇਹ ਦਾਨ ਪਾਕੇ ਚਮਤਕਾਰ ਕਰਨ ਅਤੇ ਹੋਰ ਬੋਲੀਆਂ ਬੋਲਣ ਦੇ ਯੋਗ ਹੋਏ ਸਨ?

ਹੁਣ ਧਿਆਨ ਵਿਚ ਰੱਖੋ ਕਿ ਜਦ ਤਕ ਅਸੀਂ ਰਸੂਲਾਂ ਦੇ ਕਰਤੱਬ 6 ਅਧਿਆਇ ਤਕ ਪਹੁੰਚਦੇ ਹਾਂ ਜਿੱਥੇ ਰਸੂਲਾਂ ਨੇ ਸੱਤ ਚੇਲਿਆਂ ਨੂੰ ਚੁਣ ਕੇ ਪਵਿੱਤਰ ਆਤਮਾ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖੇ ਸਨ ਤਾਂ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲੇ ਤਦ ਤਕ ਕਈ ਹਜ਼ਾਰਾਂ ਨੇ ਖ਼ੁਦਾ ਦਾ ਹੁਕਮ ਮੰਨ ਲਿਆ ਸੀ ਅਤੇ ਇਸ ਕਾਰਣ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਦਾਨ ਮਿਲਿਆ ਹੋਇਆ ਸੀ। ਇਸ ਦਾ ਅਰਥ

ਫਿਰ ਇਹ ਹੋਇਆ ਕਿ ਜੇ ਪਵਿੱਤਰ ਆਤਮਾ ਦਾ ਦਾਨ ਚਮਤਕਾਰੀ ਸੀ, ਅਤੇ ਇਸ ਦੇ ਪ੍ਰਾਪਤ ਕਰਨ ਵਾਲੇ ਚਮਤਕਾਰ ਕਰ ਸਕਦੇ ਸਨ, ਤਾਂ ਫਿਰ ਇਸ ਵਕਤ ਸੱਤ ਆਦਮੀਆਂ ਨੂੰ ਚੁਣਨ ਦੀ ਕੀ ਲੋੜ ਸੀ, ਅਤੇ ਰਸੂਲਾਂ ਨੂੰ ਉਨ੍ਹਾਂ ਉੱਤੇ ਹੱਥ ਰੱਖਣ ਦੀ ਲੋੜ ਕਿਉਂ ਪਈ?

ਮਿਹਰਬਾਨੀ ਕਰਕੇ ਇਹ ਵੀ ਧਿਆਨ ਦਿਓ ਕਿ ਰਸੂਲਾਂ ਨੇ ਚਾਹਿਆ ਕਿ ਚੇਲਿਆਂ ਵਿੱਚੋਂ ਸੱਤ ਆਦਮੀ ਚੁਣੇ ਜਾਣ ਅਤੇ ਉਨ੍ਹਾਂ ਵਿਚ ਖਾਸ ਯੋਗਤਾ ਇਹ ਹੋਣੀ ਜ਼ਰੂਰੀ ਸੀ ਕਿ ਉਹ ਪਵਿੱਤਰ ਆਤਮਾ ਨਾਲ ਭਰਪੂਰ ਹੋਣ। ਜੇ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਅਰਥ ਚਮਤਕਾਰ ਕਰਨ ਦੇ ਯੋਗ ਹੋਣਾ ਸੀ ਤਾਂ ਫਿਰ ਰਸੂਲਾਂ ਨੂੰ ਉਨ੍ਹਾਂ ਉੱਤੇ ਹੱਥ ਰੱਖਣ ਦੀ ਕੋਈ ਲੋੜ ਨਹੀਂ ਸੀ। ਪਰ ਸਪੱਸ਼ਟ ਹੈ ਕਿ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਇਹ ਅਰਥ ਨਹੀਂ ਕਿ ਉਨ੍ਹਾਂ ਨੂੰ ਚਮਤਕਾਰ ਕਰਨ ਦੀ ਸ਼ਕਤੀ ਵੀ ਮਿਲੀ ਸੀ। ਫਿਰ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਕੀ ਅਰਥ ਸੀ? ਇਸ ਦਾ ਸਿੱਧਾ ਜਿਹਾ ਅਰਥ ਹੈ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਦਾਨ ਪ੍ਰਾਪਤ ਹੋਇਆ ਸੀ ਅਰਥਾਤ ਜਿਨ੍ਹਾਂ ਨੇ ਪ੍ਰਭੂ ਦਾ ਹੁਕਮ ਮੰਨਿਆ ਸੀ ਉਨ੍ਹਾਂ ਨੂੰ ਪਵਿੱਤਰ ਆਤਮਾ ਦਿੱਤਾ ਗਿਆ ਸੀ। ਕਿਉਂਕਿ ਉਹ ਉਨ੍ਹਾਂ 3 ਹਜ਼ਾਰ ਜਣਿਆਂ ਵਿੱਚੋਂ ਸਨ ਜਿਨ੍ਹਾਂ ਨੇ ਬਪਤਿਸਮਾ ਲੈ ਕੇ ਪ੍ਰਭੂ ਦਾ ਹੁਕਮ ਮੰਨਿਆ ਸੀ।

ਬਾਈਬਲ ਦੇ ਬਹੁਤ ਸਾਰੇ ਹਵਾਲੇ ਹਨ ਜੋ ਸਾਨੂੰ ਦੱਸਦੇ ਹਨ ਕਿ ਜਿਹੜੇ ਖ਼ੁਦਾ ਦਾ ਹੁਕਮ ਮੰਨ ਲੈਂਦੇ ਹਨ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਦਾਨ ਮਿਲਦਾ ਹੈ, ਅਤੇ ਉਹ ਪਵਿੱਤਰ ਆਤਮਾ ਸਾਡੇ ਸਰੀਰ ਦੇ ਅੰਦਰ ਰਹਿੰਦਾ ਹੈ, ਜੋ ਪਰਮੇਸ਼ੁਰ ਦੀ ਹੈਕਲ ਹੈ, ਅਤੇ ਖ਼ੁਦਾ ਸਾਡੇ ਵਿਚ ਰਹਿੰਦਾ ਹੈ, ਅਤੇ ਮਸੀਹ ਸਾਡੇ ਵਿਚ ਰਹਿੰਦਾ ਹੈ। ਇਸ ਵਿਚ ਕੁਝ ਵੀ ਅਲੌਕਿਕ, ਭਾਵ ਚਮਤਕਾਰੀ ਨਹੀਂ ਹੈ। ਦੁਬਾਰਾ ਜਨਮ ਕਿਵੇਂ ਹੁੰਦਾ ਹੈ? ਮਸੀਹ ਦਾ ਲਹੂ ਸਾਡੇ ਪਾਪਾਂ ਨੂੰ ਕਿਵੇਂ ਧੋਂਦਾ ਹੈ?ਖ਼ੁਦਾ ਦੀ ਕਿਰਪਾ ਸਾਨੂੰ ਕਿਵੇਂ ਬਚਾਉਂਦੀ ਹੈ? ਵਿਸ਼ਵਾਸ ਸਾਡੇ ਮਨਾਂ ਦੇ ਅੰਦਰ ਕਿਵੇਂ ਕੰਮ ਕਰਦਾ ਹੈ? ਕਈਆਂ ਨੂੰ ਇਨ੍ਹਾਂ ਸਭ ਗੱਲਾਂ ਵਿਚ ਚਮਤਕਾਰ ਲਗਦੇ ਹਨ, ਪਰ ਉਹ ਚਮਤਕਾਰ ਨਹੀਂ ਹਨ, ਬਲਕਿ ਖ਼ੁਦਾ ਦੇ ਠਹਿਰਾਏ ਹੋਏ ਆਤਮਿਕ ਨਿਅਮਾਂ ਦੇ ਮੁਤਾਬਕ ਹੁੰਦੇ ਹਨ।

ਇਹੀ ਲੋਕ ਸਰੀਰਕ ਜਨਮ, ਜਾਂ ਕਾਰ ਐਕਸੀਡੈਂਟ ਵਿਚ ਮੌਤ ਤੋਂ ਬਚਾਅ, ਆਪਰੇਸ਼ਨ ਹੋਣ, ਜਾਂ ਭਿਆਨਕ ਬਿਮਾਰੀ ਤੋਂ ਛੁਟਕਾਰੇ ਨੂੰ ਚਮਤਕਾਰ ਮੰਨਦੇ ਹਨ। ਪਰ ਇਨ੍ਹਾਂ ਵਿੱਚੋਂ ਕੋਈ ਵੀ ਚਮਤਕਾਰ ਨਹੀਂ ਹੈ। ਖ਼ੁਦਾ ਨੇ ਸਰੀਰਕ ਅਤੇ ਆਤਮਿਕ ਨਿਅਮ ਠਹਿਰਾਏ ਹਨ ਅਤੇ ਸਭ ਕੁਝ ਉਨ੍ਹਾਂ ਨਿਅਮਾਂ ਦੇ ਮੁਤਾਬਕ ਚਲਦਾ ਹੈ। ਸਚਿਆਈ ਇਹ ਹੈ ਕਿ ਖ਼ੁਦਾ ਨੇ ਚਮਤਕਾਰ ਦੇ ਰਾਹੀਂ ਸਰੀਰਕ ਅਤੇ

ਆਤਮਿਕ ਦੋਹਾਂ ਹੀ ਚੀਜ਼ਾਂ ਦੀ ਸ਼ੁਰੂਆਤ ਕੀਤੀ। ਇਸ ਕਰਕੇ ਬੱਚਿਆਂ ਦਾ ਜਨਮ ਚਮਤਕਾਰ ਨਾਲ ਨਹੀਂ ਬਲਕਿ ਕੁਦਰਤ ਦੇ ਨਿਅਮ ਦੇ ਅਨੁਸਾਰ ਹੁੰਦਾ ਹੈ ਅਤੇ ਇਹੀ ਗੱਲ ਹੋਰਨਾਂ ਸਭ ਸਰੀਰਕ ਚੀਜ਼ਾਂ ਲਈ ਲਾਗੂ ਹੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰੂਹਾਨੀ ਖੇਤਰ ਵਿਚ ਇਹ ਸਾਬਤ ਕਰਨ ਲਈ ਕਿ ਬੋਲਣ ਵਾਲਾ ਵਿਅਕਤੀ ਅਤੇ ਉਸਦਾ ਸੰਦੇਸ਼ ਖ਼ੁਦਾ ਵੱਲੋਂ ਹੀ ਸੀ, ਮਸੀਹ ਨੇ ਚਮਤਕਾਰ ਦਿਖਾਏ, ਰਸੂਲਾਂ ਨੇ ਅਤੇ ਚੁਣਿੰਦਾ ਚੇਲਿਆਂ ਨੇ ਵੀ ਜਿਨ੍ਹਾਂ ਨੂੰ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦੀ ਚਮਤਕਾਰ ਕਰਨ ਦੀ ਸ਼ਕਤੀ ਦਿੱਤੀ ਗਈ ਸੀ, ਇਕ ਖ਼ਾਸ ਸਮੇਂ ਤਕ ਅਤੇ ਖਾਸ ਮਕਸਦ ਦੇ ਪੂਰਾ ਹੋ ਜਾਣ ਤਕ ਚਮਤਕਾਰ ਕੀਤੇ। ਪਰ ਫਿਰ ਮਨੁੱਖ ਦੀ ਅਗਵਾਈ ਕਰਨ ਲਈ ਖ਼ੁਦਾ ਦੇ ਵਚਨ ਦੇ ਪਰਕਾਸ਼ ਦੇ ਮੁਕੰਮਲ ਹੋ ਜਾਣ ਨਾਲ ਮੋਅਜਜ਼ਿਆਂ ਦਾ ਯੁਗ ਖ਼ਤਮ ਹੋ ਗਿਆ।

ਦੂਜੀ ਹੱਦ ਉਦੋਂ ਹੋ ਜਾਂਦੀ ਹੈ ਜਦ ਕੁਝ ਲੋਕ ਇਸ ਸੰਸਾਰ ਦੀਆਂ ਘਟਨਾਵਾਂ ਨੂੰ ਪ੍ਰਭਾਵਿਤ ਕਰਨ ਦੇ ਵਿਚਾਰ ਦਾ ਇੱਥੋਂ ਤਕ ਵਿਰੋਧ ਕਰਦੇ ਹਨ ਕਿ ਉਹ ਇਹ ਮੰਨਣ ਤੋਂ ਇੱਥੋਂ ਤਕ ਇਨਕਾਰ ਕਰ ਦਿੰਦੇ ਹਨ ਕਿ ਪਵਿੱਤਰ ਆਤਮਾ ਅੱਜ *ਕੋਈ* ਕੰਮ ਕਰਦਾ ਹੈ। ਦੂਜੇ ਸ਼ਬਦਾਂ ਵਿਚ, ਉਹ ਇਸ ਵਿਚਾਰ ਤੋਂ ਤਿਊੜੀਆਂ ਚੜ੍ਹਾਉਂਦੇ ਹਨ ਕਿ ਆਤਮਾ ਸਚਮੁਚ ਇਕ ਮਸੀਹੀ ਦੇ ਅੰਦਰ ਰਹਿੰਦਾ ਹੈ ਜਾਂ ਖ਼ੁਦਾ ਅਤੇ ਮਸੀਹ ਵੀ ਮਸੀਹੀ ਵਿਅਕਤੀ ਦੇ ਅੰਦਰ ਰਹਿੰਦੇ ਹਨ। ਉਹ ਦੁਆ ਨੂੰ ਅਤੇ ਰੱਬੀ ਇੰਤਜ਼ਾਮ ਨੂੰ ਸਿਰਫ਼ ਅਲੰਕਾਰ ਤਕ ਹੀ ਸੀਮਤ ਕਰਕੇ ਇਸ ਨੂੰ ਸਚਮੁਚ ਵਿਚ ਖ਼ੁਦਾ ਦਾ ਵਾਅਦਾ ਨਹੀਂ ਮੰਨਦੇ। ਉਹ ਕਿਸੇ ਵੀ ਵਿਅਕਤੀ ਨੂੰ ਜਿਹੜਾ ਇਹ ਮੰਨਦਾ ਹੈ ਕਿ ਆਤਮਾ ਮਸੀਹੀ ਵਿਅਕਤੀ ਦੇ ਅੰਦਰ ਵਾਸ ਕਰਦਾ ਹੈ, ਕਰਿਸ਼ਮਾਈ ਜਾਂ ਪੈਂਟੀਕਾਸਟਲ ਆਖ ਦਿੰਦੇ ਹਨ। ਅਜਿਹੇ ਲੋਕ ਗਲਤਫ਼ਹਿਮੀ ਵਿਚ ਹਨ ਅਤੇ ਬਾਈਬਲ ਵਿਚ ਦਿੱਤੇ ਪਰਮੇਸ਼ੁਰ ਦੇ ਵਚਨ ਦਾ ਸਾਫ਼ ਇਨਕਾਰ ਕਰਦੇ ਹਨ। ਉਨ੍ਹਾਂ ਦੇ ਵਿਚਾਰ ਸਚਿਆਈ ਤੇ ਅਧਾਰਿਤ ਨਹੀਂ ਬਲਕਿ ਝੂਠੀ ਸਿੱਖਿਆ ਦੀ ਪ੍ਰਤੀਕਿਰਿਆ ਕਰਕੇ ਹਨ ਅਤੇ ਇਹ ਪ੍ਰਤੀਕਿਰਿਆ ਉਵੇਂ ਹੀ ਝੂਠੀ ਸਿੱਖਿਆ ਵਾਂਗਰ ਹੈ। ਉਨ੍ਹਾਂ ਲਈ ‘‘ਭਗਤੀ ਦਾ ਰੂਪ ਧਾਰ ਕੇ ਵੀ ਉਹ ਦੀ ਸ਼ਕਤੀ ਦੇ ਇਨਕਾਰੀ ਹੋਣਗੇ’’ ਕਹਿਣਾ ਢੁਕਦਾ ਹੈ (2 ਤਿਮੋਥਿਉਸ 3:5)।

ਪਵਿੱਤਰ ਆਤਮਾ ਦਾ ਦਾਨ ਬੇਸ਼ੱਕ ਚਮਤਕਾਰੀ ਨਹੀਂ ਹੈ, ਪਰ ਪਵਿੱਤਰ ਆਤਮਾ ਹਰ ਉਸ ਵਿਅਕਤੀ ਨੂੰ ਮਿਲਦਾ ਹੈ ਜਿਹੜਾ ਖ਼ੁਦਾ ਦੇ ਹੁਕਮ ਨੂੰ ਮੰਨ ਲੈਂਦਾ ਹੈ। ਸੋ ਮਸੀਹੀ ਵਿਅਕਤੀ ਨੂੰ ਪਵਿੱਤਰ ਆਤਮਾ, ਉਸ ਦੇ ਬਚਾਏ ਹੋਏ ਹੋਣ ਦੇ ਸਬੂਤ ਜਾਂ ਸਾਈ ਵਜੋਂ ਦਿੱਤਾ ਜਾਂਦਾ ਹੈ।

**‘‘ਉਹ ਨੇ ਸਾਡੇ ਉੱਤੇ ਮੋਹਰ ਵੀ ਲਾਈ ਅਤੇ ਸਾਡਿਆਂ ਮਨਾਂ ਵਿਚ ਸਾਨੂੰ ਆਤਮਾ**

ਦੀ ਸਾਈ ਦਿੱਤੀ'' (2 ਕੁਰਿੰਥੀਆਂ 1:22)।

''ਅਤੇ ਜਿਹ ਨੇ ਸਾਨੂੰ ਇਸ ਗੱਲ ਲਈ ਤਿਆਰ ਕੀਤਾ ਸੋ ਪਰਮੇਸ਼ੁਰ ਹੈ ਜਿਹ ਨੇ ਸਾਨੂੰ ਆਤਮਾ ਦੀ ਸਾਈ ਦਿੱਤੀ'' (2 ਕੁਰਿੰਥੀਆਂ 5:5)।

''ਇਹ ਪਰਮੇਸ਼ੁਰ ਦੇ ਨਿੱਜ ਦਿਆਂ ਲੋਕਾਂ ਦੇ ਨਿਸਤਾਰੇ ਦੇ ਲਈ ਸਾਡੇ ਅਧਕਾਰ ਦੀ ਸਾਈ ਹੈ ਕਿ ਉਹ ਦੀ ਮਹਿਮਾ ਦੀ ਉਸਤਤ ਹੋਵੇ'' (ਅਫ਼ਸੀਆਂ 1:14)।

ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਪ੍ਰਭੂ ਵਿਚ ਹਾਂ, ਇਸ ਕਰਕੇ ਪ੍ਰਭੂ ਸਾਡੇ ਵਿਚ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਖ਼ੁਦਾ ਸਾਡੀਆਂ ਦੁਆਵਾਂ ਨੂੰ ਸੁਣਦਾ ਹੈ ਅਤੇ ਉਨ੍ਹਾਂ ਦਾ ਜਵਾਬ ਦਿੰਦਾ ਹੈ ਅਤੇ ਸਾਡੀਆਂ ਲੋੜਾਂ ਨੂੰ ਪੂਰਿਆਂ ਕਰਦਾ ਹੈ।

ਇਸ ਦੇ ਨਾਲ ਹੀ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਆਤਮਾ, ਪ੍ਰਾਰਥਨਾ, ਲੋੜ ਵੇਲੇ ਮਦਦ, ਅਤੇ ਸਭ ਕੁਝ ਜੋ ਪਵਿੱਤਰ ਅਤੇ ਰੱਬੀ ਹੈ, ਉਹ ਸਭ ਆਤਮਾ ਦੇ ਵਚਨ, ਅਰਥਾਤ ਖ਼ੁਦਾ ਦੇ ਵਚਨ ਦੀ ਏਕਤਾ ਦੇ ਵਿਚ ਰਹਿ ਕੇ ਹੀ ਹੁੰਦਾ ਹੈ ਅਤੇ ਉਹ ਸਭ ਨਵੇਂ ਨੇਮ ਵਿਚ ਦਰਜ ਹੈ। ਜੋ ਕੁਝ ਪਵਿੱਤਰ ਬਾਈਬਲ ਵਿਚ ਲਿਖਿਆ ਹੈ ਉਸ ਦੇ ਉਲਟ ਇਕ ਸ਼ਬਦ ਨਹੀਂ, ਇਕ ਸ਼ਬਦ ਵੀ ਨਹੀਂ ਸਿਖਾਇਆ ਜਾ ਸਕਦਾ। ਖ਼ੁਦਾ ਅੱਜ ਕੰਮ ਕਰਦਾ ਹੈ ਅਤੇ ਆਤਮਾ ਅੱਜ ਸਾਡੇ ਵਿਚ ਵਾਸ ਕਰਦਾ ਹੈ, ਪਰ ਇਹ ਉਸ ਸਾਂਚੇ ਵਿਚ ਰਹਿਕੇ ਕੰਮ ਕਰਦਾ ਹੈ ਜਿਸ ਦਾ ਨਮੂਨਾ ਉਸ ਦੇ ਵਚਨ ਵਿਚ ਦਿੱਤਾ ਗਿਆ ਹੈ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਹਰ ਮਸੀਹੀ ਨੂੰ ਕੀ ਵਾਅਦਾ ਦਿੱਤਾ ਗਿਆ?
2. ਪਿਛਲੇ ਪਾਠਾਂ ਤੋਂ ਪਵਿੱਤਰ ਆਤਮਾ ਦੇ ''ਮਾਪਾਂ'' ਵਿਚ ਫ਼ਰਕ ਸਮਝਾਓ।
3. ਰਸੂਲਾਂ ਦੇ ਕਰਤੱਬ 6 ਵਿਚੇ ''ਰਸੂਲਾਂ ਨੇ ਮਸੀਹੀ ਲੋਕਾਂ ਨੂੰ ਕਲੀਸੀਆ ਦੀ ਦੇਖਭਾਲ ਵਿਚ ਮਦਦ ਲਈ ...................... ਅਤੇ ...................... ਭਰਪੂਰ ਪੁਰਖਾਂ ਨੂੰ ਚੁਣ ਲੈਣ ਲਈ ਆਖਿਆ।
4. ਭਲਾ ਇਨ੍ਹਾਂ ਸੱਤਾਂ ਪੁਰਖਾਂ ਨੂੰ ''ਪਵਿੱਤਰ ਆਤਮਾ'' ਮਿਲਿਆ ਹੋਇਆ ਸੀ?
5. ਰਸੂਲਾਂ ਦੇ ਦੁਆ ਕਰਕੇ ਉਨ੍ਹਾਂ ਉੱਤੇ ਹੱਥ ਰੱਖਣ ਦੇ ਬਾਅਦ ਕੀ ਹੋਇਆ? (ਰਸੂਲਾਂ ਦੇ ਕਰਤੱਬ 6:8)।
6. 1 ਥੱਸਲੁਨੀਕੀਆਂ 4:1–9 ਮਸੀਹੀ ਲੋਕਾਂ ਨੂੰ ਪਵਿੱਤਰ ਬਣਨ ਲਈ ਆਖਦਾ ਹੈ ਕਿਉਂ ਜੋ ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ ਭਈ

ਤੁਸੀਂ ''............. .......... ............ ...........।''

7. ਸਾਡੀਆਂ ਦੇਹਾਂ ਨੂੰ ................. ................. ਦੀ .................... (ਯੂਨਾਨੀ *naos*) ਆਖਿਆ ਗਿਆ ਹੈ ਕਿਉਂ ਜੋ ਪਰਮੇਸ਼ੁਰ ਦਾ ................. ਤੁਹਾਡੇ ਵਿਚ .......... .......... ਹੈ'' (1 ਕੁਰਿੰਥੀਆਂ 3:16, 17)।
8. ਅਫ਼ਸੀਆਂ 3:17; ਰੋਮੀਆਂ 8:9 ਜ਼ਬਾਨੀ ਦੱਸੋ; ਪਵਿੱਤਰ ਆਤਮਾ ਬਾਰੇ ਇਹ ਆਇਤਾਂ ਕੀ ਦੱਸਦੀਆਂ ਹਨ?
9. ਜੇ ਅਸੀਂ ਆਤਮਾ ਦੇ ''ਵਾਸ'' ਨੂੰ ਸਿਰਫ਼ ''ਵਚਨ ਦੇ ਰਾਹੀਂ'' ਤਕ ਸੀਮਿਤ ਕਰ ਦਿੰਦੇ ਹਾਂ ਤਾਂ ਸਾਨੂੰ ਬਾਈਬਲ ਵਿਚ ਬਰੈਕਟ ਵਿਚ ਕੀ ਜੋੜਨਾ ਪਵੇਗਾ?
10. 2 ਕੁਰਿੰਥੀਆਂ 2:21, 22 ਪਵਿੱਤਰ ਆਤਮਾ ਦੇ ਸਬੰਧ ਵਿਚ ਕੀ ਆਖਦਾ ਹੈ?

## ਪਾਠ 6

# ਆਤਮਿਕ ਦਾਤਾਂ



ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਪਵਿੱਤਰ ਆਤਮਾ ਦੇ ਹੱਥ ਰੱਖਣ ਦੇ ਮਾਪ ਦੀ ਗੱਲ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ। ਅਸੀਂ ਪਵਿੱਤਰ ਆਤਮਾ ਦੇ ਦਾਨ ਦੇ ਗੈਰ ਚਮਤਕਾਰੀ ਹੋਣ ਦੀ ਗੱਲ ਵੀ ਕੀਤੀ ਸੀ। ਆਤਮਾ ਦੀਆਂ ਦਾਤਾਂ ਦੀ ਗੱਲ ਕਰਨ ਲੱਗਿਆਂ ਅਸੀਂ ਪਵਿੱਤਰ ਆਤਮਾ ਦੇ ਮੋਅਜਜ਼ੇ ਵਾਲੇ ਮਾਪ ਨਾਲ ਮਿਲਣ ਵਾਲੇ ਚਮਤਕਾਰੀ ਦਾਨਾਂ ਦੀ ਗੱਲ ਕਰਾਂਗੇ।

ਅਸਲ ਵਿਚ, ਰਸੂਲਾਂ ਕੋਲ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਸਨ, ਸਿਰਫ਼ ਉਨ੍ਹਾਂ ਕੋਲ ਹੀ ਚਮਤਕਾਰੀ ਆਤਮਿਕ ਦਾਤਾਂ ਸਨ। ਅਤੇ ਮੋਅਜਜ਼ੇ ਕਰਨ ਦੇ ਦਾਨ ਹੋਰ ਕਿਸੇ ਨੂੰ ਅੱਗੇ ਸਿਰਫ਼ ਰਸੂਲ ਦੇ ਸਕਦੇ ਸਨ। ਰਸੂਲ ਹੋਣ ਦੇ ਨਾਤੇ, ਪੌਲੁਸ ਨੇ ਰੋਮ ਵਿਚਲੇ ਆਪਣੇ ਭਾਈਆਂ ਨੂੰ ਲਿਖਿਆ, **''ਕਿਉਂ ਜੋ ਮੈਂ ਤੁਹਾਡੇ ਦਰਸ਼ਨ ਨੂੰ ਬਹੁਤ ਤਰਸਦਾ ਹਾਂ ਭਈ ਜਾਣੋ ਕੋਈ ਆਤਮਕ ਦਾਨ ਤੁਹਾਨੂੰ ਦੁਆਵਾਂ, ਕਿ ਤੁਸੀਂ ਤਕੜੇ ਹੋ ਜਾਵੋ''** (ਰੋਮੀਆਂ 1: 11)। ਦੂਜੇ ਸ਼ਬਦਾਂ ਵਿਚ ਉਹ ਉਨ੍ਹਾਂ ਵਿੱਚੋਂ ਕਈਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਮੋਅਜਜ਼ੇ ਕਰਨ ਦੇ ਦਾਨ ਦੇਣ ਲਈ ਉਨ੍ਹਾਂ ਨੂੰ ਮਿਲਣਾ ਚਾਹ ਰਿਹਾ ਸੀ, ਕਿਉਂ ਜੋ ਓਸ ਵਕਤ ਤਕ ਨਵਾਂ ਨੇਮ ਅਜੇ ਪੂਰਾ ਨਹੀਂ ਲਿਖਿਆ ਗਿਆ ਸੀ। ਜਿਸ ਕਰਕੇ ਰੋਮ ਵਿਚਲੀ ਨਵੀਂ-ਨਵੀਂ ਬਣੀ ਕਲੀਸੀਆ ਨੂੰ ਆਤਮਾ ਦੀ ਪ੍ਰਰਣਾ ਪਾਏ ਹੋਏ ਲੋਕਾਂ ਦੇ ਰਾਹੀਂ ਪ੍ਰਚਾਰ ਕੀਤੇ ਜਾਣ ਅਤੇ ਸਿੱਖਿਆ ਦਿੱਤੇ ਜਾਣ ਲਈ ਰੂਹਾਨੀ ਅਗਵਾਈ ਦੀ ਲੋੜ ਸੀ।

ਵੱਖੋ-ਵੱਖ ਦਾਨ ਦੇਣ ਦਾ ਉਦੇਸ਼ ਵੱਖੋ-ਵੱਖਰਾ ਸੀ। ਪੌਲੁਸ ਨੇ ਕਿਹਾ, **''ਪ੍ਰੇਮ ਦੇ ਮਗਰ ਲੱਗੋ। ਤਾਂ ਵੀ ਆਤਮਕ ਦਾਨਾਂ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ**। ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਬੋਲਦਾ ਹੈ ਇਸ ਲਈ ਜੋ ਕੋਈ ਨਹੀਂ ਸਮਝਦਾ ਹੈ ਪਰ ਉਹ ਆਤਮਾ ਵਿਚ ਭੇਤ ਦੀਆਂ ਗੱਲਾਂ ਕਰਦਾ ਹੈ। ਪਰ ਜਿਹੜਾ ਅਗੰਮ ਵਾਕ ਕਰਦਾ

ਹੈ ਉਹ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੀਆ ਗੱਲਾਂ ਮਨੁੱਖਾਂ ਨਾਲ ਕਰਦਾ ਹੈ। **ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਆਪ ਹੀ ਲਾਭ ਲੈਂਦਾ ਹੈ ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ ਕਲੀਸੀਆ ਨੂੰ ਲਾਭ ਦਿੰਦਾ ਹੈ। ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ ਪਰ ਇਸ ਤੋਂ ਵਧੀਕ ਇਹ, ਜੋ ਤੁਸੀਂ ਅਗੰਮ ਵਾਕ ਕਰੋ। ਜਿਹੜਾ ਪਰਾਈਆਂ ਭਾਖਿਆਂ ਬੋਲਣ ਵਾਲਾ ਹੈ ਜੇਕਰ ਉਹ ਅਰਥ ਨਾ ਕਰੇ ਜਿਸ ਤੋਂ ਕਲੀਸੀਆ ਲਾਭ ਉਠਾਵੇ ਤਾਂ ਅਗੰਮ ਵਾਕ ਕਰਨ ਵਾਲਾ ਉਸ ਨਾਲੋਂ ਉੱਤਮ ਹੈ''** (1 ਕੁਰਿੰਥੀਆਂ 14: 1—5)।

ਪੌਲੁਸ ਇੱਥੇ ਸਮਝਾ ਰਿਹਾ ਸੀ ਕਿ ਨਬੂਵਤ ਦਾ ਦਾਨ ਹੋਰਨਾਂ ਦਾਨਾਂ ਨਾਲੋਂ ਵੱਡਾ ਸੀ ਕਿਉਂ ਜੋ ਇਸ ਦੇ ਰਾਹੀਂ ਪਰਮੇਸ਼ੁਰ ਦੀ ਇੱਛਾ ਪਰਗਟ ਹੋ ਰਹੀ ਸੀ। ਬੋਲੀਆਂ ਜਾਂ ਭਾਸ਼ਾਵਾਂ ਬੋਲਣਾ ਵੀ ਅਹਿਮ ਸੀ ਪਰ ਇਹ ਕੀਤੀ ਜਾ ਰਹੀ ਨਬੂਵਤ ਜਾਂ ਦਿੱਤੀ ਜਾ ਰਹੀ ਸਿੱਖਿਆ ਨੂੰ ਸੁਣਨ ਵਾਲਿਆਂ ਉੱਤੇ ਜ਼ਾਹਿਰ ਕਰਨ ਲਈ ਇਕ ਜ਼ਰੀਆ ਸੀ। ਇਸ ਵਚਨ ਤੋਂ ਅਸੀਂ ਇਹ ਵੇਖ ਸਕਦੇ ਹਾਂ ਕਿ ਅਜਿਹੇ ਸਮੇਂ ਵੀ ਸਨ ਜਦ ਕਿਸੇ ਨੂੰ ਕੋਈ ਖ਼ਾਸ ਰੂਹਾਨੀ ਦਾਨ ਮਿਲਿਆ ਹੁੰਦਾ ਸੀ। ਜਿਵੇਂ ਮੰਨ ਲਓ ਕਿ ਕਿਸੇ ਦੀ ਮਾਂ ਬੋਲੀ ਅਰਾਮੀ ਭਾਸ਼ਾ ਹੋਵੇ ਪਰ ਉਸ ਨੂੰ ਬਿਨਾਂ ਸਿੱਖਿਆਂ ਯੂਨਾਨੀ ਭਾਸ਼ਾ ਬੋਲਣ ਦਾ ਦਾਨ ਦਿੱਤਾ ਗਿਆ ਹੋਵੇ। ਯੂਨਾਨੀ ਭਾਸ਼ੀ ਸੰਸਾਰ ਵਿਚ ਇਹ ਦਾਨ ਅਣਮੁੱਲਾ ਹੋਣਾ ਸੀ ਪਰ ਸਤਾਅ ਤੋਂ ਭੱਜਦੇ—ਭੱਜਦੇ ਜੇ ਉਹ ਫਾਰਸ ਦੇਸ਼ ਵਿਚ ਚਲਿਆ ਜਾਂਦਾ ਤਾਂ ਫਾਰਸੀ ਭਾਸ਼ਾ ਵਿਚ ਸਮਝਾਉਣ ਲਈ ਉਸ ਨੂੰ ਅਨੁਵਾਦਕ ਦੀ ਲੋੜ ਹੋਣੀ ਸੀ। ਜੇ ਫਾਰਸੀ ਬੋਲਣ ਵਾਲਾ ਉੱਥੇ ਨਾ ਮਿਲਦਾ ਤਾਂ ਉਸ ਨੂੰ ਯੂਨਾਨੀ ਭਾਸ਼ਾ ਵਿਚ ਉਪਦੇਸ਼ ਦੇਣਾ ਸ਼ੁਰੂ ਨਹੀਂ ਕਰਨਾ ਚਾਹੀਦਾ ਸੀ, ਕਿਉਂ ਜੋ ਕਿਸੇ ਨੂੰ ਸਮਝ ਨਹੀਂ ਆਉਣਾ ਸੀ।

ਪੌਲੁਸ ਨੇ ਇਸ ਮੁਸ਼ਕਿਲ ਦਾ ਹੱਲ ਕੱਢਿਆ, **''ਉਪਰੰਤ ਜੇ ਸਾਰੀ ਕਲੀਸੀਆ ਇਕ ਥਾਂ ਇਕੱਠੀ ਹੋਵੇ ਅਰ ਸੱਭੇ ਅੱਡੋ-ਅੱਡੀ ਭਾਖਿਆ ਬੋਲਣ** [ਕਲੀਸੀਆ ਦੇ ਅੱਡੋ—ਅੱਡ ਲੋਕ ਜਿਨ੍ਹਾਂ ਨੂੰ ਅੱਡੋ ਅੱਡ ਭਾਸ਼ਾਵਾਂ ਬੋਲਣ ਦੇ ਮੋਅਜਜ਼ੇ ਕਰਨ ਦੇ ਦਾਨ ਮਿਲੇ ਹਨ ਅਤੇ ਸਾਰੇ ਉਨ੍ਹਾਂ ਨੂੰ ਦਿੱਤੀ ਗਈ ਭਾਸ਼ਾ ਵਿਚ ਕੋਈ ਨਾ ਕੋਈ ਆਤਮਿਕ ਸਬਕ ਦੇਣ] **ਅਤੇ ਨਾ ਵਾਕਫ਼ ਅਥਵਾ ਨਿਹਚਾਹੀਣ ਲੋਕ ਅੰਦਰ ਆਉਣ ਤਾਂ ਭਲਾ, ਓਹ ਨਹੀਂ ਆਖਣਗੇ, ਭਲਾ, ਤੁਸੀਂ ਪਾਗਲ ਹੋ? ਪਰ ਜੇ ਸੱਭੇ ਅਗੰਮ ਵਾਕ ਬੋਲਣ ਅਤੇ ਕੋਈ ਨਿਹਚਾਹੀਣ ਅਥਵਾ ਨਾ ਵਾਕਫ਼ ਅੰਦਰ ਆਵੇ ਤਾਂ ਸਭਨਾਂ ਤੋਂ ਕਾਇਲ ਕੀਤਾ ਜਾਵੇਗਾ, ਸਭਨਾਂ ਤੋਂ ਜਾਚਿਆ ਜਾਵੇਗਾ। ਉਹ ਦੇ ਮਨ ਦੀਆਂ ਗੁਪਤ ਗੱਲਾਂ ਪਰਗਟ ਹੋਣਗੀਆਂ ਅਤੇ ਇਉਂ ਮੂਧੇ ਪੈ ਕੇ ਉਹ ਪਰਮੇਸ਼ੁਰ ਨੂੰ ਮੱਥਾ ਟੇਕੇਗਾ ਅਤੇ ਆਖੇਗਾ ਭਈ ਸੱਚੀ ਮੁੱਚੀ ਪਰਮੇਸ਼ੁਰ ਏਹਨਾਂ ਦੇ ਵਿਚ ਹੈ। ਸੋ ਭਰਾਵੋ, ਗੱਲ ਕੀ ਹੈ? ਜਾਂ ਤੁਸੀਂ ਇਕੱਠੇ ਹੁੰਦੇ ਹੋ ਤਾਂ ਕਿਸੇ ਦੇ ਕੋਲ ਭਜਨ,**

**ਕਿਸੇ ਦੇ ਕੋਲ ਸਿੱਖਿਆ, ਕਿਸੇ ਦੇ ਕੋਲ ਅਗੰਮ ਗਿਆਨ, ਕਿਸੇ ਦੇ ਕੋਲ ਪਰਾਈ ਭਾਖਿਆ, ਕਿਸੇ ਦੇ ਕੋਲ ਅਰਥ ਹੈ। ਸੱਭੋ ਕੁਝ ਲਾਭ ਦੇ ਲਈ ਹੋਣਾ ਚਾਹੀਦਾ ਹੈ। ਜੇ ਕੋਈ ਪਰਾਈ ਭਾਖਿਆ ਬੋਲੇ** [ਉਸ ਇਲਾਕੇ ਦੇ ਲੋਕਾਂ ਦੇ ਸਮਝ ਨਾ ਆਉਣ ਵਾਲੀ ਬੋਲੀ] ਤਾਂ ਦੋ ਦੋ ਅਥਵਾ ਵੱਧ ਤੋਂ ਵੱਧ ਤਿੰਨ ਤਿੰਨ ਕਰਕੇ ਬੋਲਣ ਸੋ ਭੀ ਵਾਰੋ ਵਾਰੀ ਅਤੇ ਇਕ ਜਣਾ ਅਰਥ ਕਰੇ। ਪਰ ਜੇ ਕੋਈ ਅਰਥ ਕਰਨ ਵਾਲਾ ਨਾ ਹੋਵੇ ਤਾਂ ਉਹ ਕਲੀਸੀਆ ਵਿਚ ਚੁੱਪ ਕਰ ਰਹੇ ਅਤੇ ਆਪਣੇ ਨਾਲ ਅਤੇ ਪਰਮੇਸ਼ੁਰ ਨਾਲ ਬੋਲੇ। [ਪੈਂਟੀਕਾਸਟਲ ਕਲੀਸੀਆਵਾਂ ਵਿਚ ਦਾਅਵਾ ਕੀਤਾ ਜਾਂਦਾ ਹੈ ਕਿ ਪਰਾਈ ਭਾਖਿਆ ਸੁਰਗੀ ਬੋਲੀ ਹੈ ਜਿਸ ਨੂੰ ਕੇਵਲ ਖ਼ੁਦਾ ਹੀ ਸਮਝ ਸਕਦਾ ਹੈ; ਇਹ ਹਵਾਲਾ ਦੱਸਦਾ ਹੈ ਕਿ ਜੇ ਉੱਥੇ ਵਿਆਖਿਆ ਕਰਨ ਵਾਲਾ ਕੋਈ ਨਾ ਹੋਵੇ, (ਜਿਸ ਤੋਂ ਭਾਵ ਇਹ ਹੋਇਆ ਕਿ ਉਸ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ) ਤਾਂ ਬੋਲਣ ਵਾਲਾ ਖਾਮੋਸ਼ ਹੋ ਜਾਵੇ। ਇਸ ਤਰ੍ਹਾਂ ਦੀ **ਪੈਂਟੀਕਾਸਟਲ ਲੋਕਾਂ ਦੀ ਅਜਿਹੀ ਜ਼ਬਰਦਸਤੀ ਬਾਈਬਲ ਦੀ ਸਪੱਸ਼ਟ ਸਿੱਖਿਆ ਦਾ ਉਲੰਘਣ ਹੈ।**] ਅਤੇ ਨਬੀਆਂ ਵਿੱਚੋਂ ਦੋ ਅਥਵਾ ਤਿੰਨ [ਜਿਨ੍ਹਾਂ ਨੂੰ ਆਤਮਾ ਦੀ ਪ੍ਰੇਰਣਾ ਨਾਲ ਡਾਕਟ੍ਰਿਨ ਜਾਂ ਉਪਦੇਸ਼ ਦੀ ਗੱਲ ਮਿਲੀ ਹੋਵੇ] **ਬੋਲਣ। ਅਤੇ ਬਾਕੀ ਦੇ ਪਰਖਣ। ਪਰ ਜੇ ਦੂਏ ਉੱਤੇ ਜੋ ਕੋਲ ਬੈਠਾ ਹੋਇਆ ਹੈ ਕਿਸੇ ਗੱਲ ਦਾ ਪਰਕਾਸ਼ ਹੋਇਆ ਹੋਵੇ ਤਾਂ ਪਹਿਲਾ ਚੁੱਪ ਹੋ ਰਹੇ। ਕਿਉਂ ਜੋ ਤੁਸੀਂ ਸਾਰੇ ਇਕ ਇਕ ਕਰਕੇ ਅਗੰਮ ਵਾਕ ਕਰ ਸੱਕਦੇ ਹੋ ਭਈ ਸਾਰੇ ਸਿੱਖਣ ਅਤੇ ਸਾਰੇ ਦਿਲਾਸਾ ਪਾਉਣ। ਅਤੇ ਨਬੀਆਂ ਦੇ ਆਤਮੇ ਨਬੀਆਂ ਦੇ ਵੱਸ ਵਿਚ ਹਨ। ਕਿਉਂ ਜੋ ਪਰਮੇਸ਼ੁਰ ਘਮਸਾਣ ਦਾ ਨਹੀਂ ਸਗੋਂ ਸ਼ਾਂਤੀ ਦਾ ਹੈ। ਜਿਵੇਂ ਸੰਤਾਂ ਦੀਆਂ ਸਾਰੀਆਂ ਕਲੀਸੀਆਂ ਵਿਚ ਹੈ''** (1 ਕੁਰਿੰਥੀਆਂ 14:23–33)।

ਆਤਮਾ ਨੇ ਕਲੀਸੀਆ ਦੀ ਸਭਾ ਵਿਚ ਸਚਿਆਈ ਦਾ ਸੰਦੇਸ਼ ਦੇ ਕੇ ਬੋਲਣ ਦੀ ਕੁਝ ਲੋਕਾਂ ਨੂੰ ਪ੍ਰੇਰਣਾ ਕਿਉਂ ਦੇਣੀ ਸੀ? ਤਾਂ ਜੋ ਮੰਡਲੀਆਂ ਇਕ ਜਾਂ ਦੋ ਬੰਦਿਆਂ ਦੇ ਕਬਜ਼ੇ ਵਿਚ ਨਾ ਆ ਜਾਣ। ਬਹੁਤ ਸਾਰੇ ਲੋਕਾਂ ਨੂੰ ਸਿਖਾਏ ਜਾਣ ਵਾਲੇ ਸਬਕਾਂ ਨੂੰ ਦੇਣ ਲਈ ਪ੍ਰੇਰਣਾ ਦਿੱਤੀ ਗਈ ਤਾਂ ਜੋ ਮਸੀਹੀ ਲੋਕ ਇਕ ਦੂਜੇ ਤੇ ਨਿਰਭਰ ਹੋਣ ਅਤੇ ਸਿਖਾਉਣ ਅਤੇ ਸਭ ਲੋਕ ਕਲੀਸੀਆ ਦੇ ਸਿਖਾਉਣ ਦੇ ਕੰਮ ਵਿਚ ਯੋਗਦਾਨ ਦੇਣ।

ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਪੌਲੁਸ ਨੇ ਲਿਖਿਆ, **''ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਆਤਮਕ ਦਾਤਾਂ ਦੇ ਵਿਖੇ ਅਣਜਾਣ ਰਹੋ। ਤੁਸੀਂ ਜਾਣਦੇ ਹੋ ਭਈ ਜਦ ਤੁਸੀਂ ਪਰਾਈ ਕੌਮ ਵਾਲੇ ਸਾਓ ਤਦ ਗੁੰਗੀਆਂ ਮੂਰਤੀਆਂ ਦੀ ਵੱਲ ਜਿਵੇਂ ਤੋਰੇ ਜਾਂਦੇ ਤਿਵੇਂ ਤੁਰਦੇ ਸਾਓ। ਸੋ ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਪਰਮੇਸ਼ੁਰ ਦੇ ਆਤਮਾ ਦੇ ਰਾਹੀਂ ਬੋਲ ਕੇ ਕੋਈ ਨਹੀਂ ਆਖਦਾ ਹੈ, 'ਯਿਸੂ ਸਰਾਪਤ ਹੈ,' ਨਾ ਕੋਈ ਕਹਿ ਸੱਕਦਾ ਹੈ, 'ਯਿਸੂ ਪ੍ਰਭੂ ਹੈ' ਪਰ ਨਿਰਾ ਪਵਿੱਤਰ ਆਤਮਾ ਦੇ ਰਾਹੀਂ।**

**ਦਾਤਾਂ ਅਨੇਕ ਪਰਕਾਰ ਦੀਆਂ ਹਨ ਪਰ ਆਤਮਾ ਇੱਕੋ ਹੈ। ਅਤੇ ਸੇਵਾ ਅਨੇਕ ਪਰਕਾਰ ਦੀਆਂ ਹਨ ਪਰ ਪ੍ਰਭੂ ਇੱਕੋ ਹੈ। ਅਤੇ ਕਾਰਜ ਅਨੇਕ ਪਰਕਾਰ ਦੇ ਹਨ ਪਰੰਤੂ ਪਰਮੇਸ਼ੁਰ ਇੱਕੋ ਜਿਹੜਾ ਸਭਨਾਂ ਵਿਚ ਸਭ ਅਸਰ ਕਰਦਾ ਹੈ।**

**ਪਰ ਆਤਮਾ ਦਾ ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ ਇਕ ਇਕ ਨੂੰ ਦਿੱਤਾ ਜਾਂਦਾ ਹੈ। ਇਕ ਨੂੰ ਤਾਂ ਆਤਮਾ ਦੇ ਰਾਹੀਂ ਗਿਆਨ ਦੀ ਗੱਲ ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ ਅਨੁਸਾਰ ਵਿੱਦਿਆ ਦੀ ਗੱਲ। ਅਤੇ ਹੋਰ ਕਿਸੇ ਨੂੰ ਓਸੇ ਆਤਮਾ ਤੋਂ ਨਿਹਚਾ ਅਤੇ ਹੋਰ ਕਿਸੇ ਨੂੰ ਓਸੇ ਇੱਕੋ ਆਤਮਾ ਤੋਂ ਨਰੋਇਆਂ ਕਰਨ ਦੀਆਂ ਦਾਤਾਂ। ਅਤੇ ਹੋਰ ਕਿਸੇ ਨੂੰ ਕਰਾਮਾਤਾਂ ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ ਅਗੰਮ ਵਾਕ ਅਤੇ ਹੋਰ ਕਿਸੇ ਨੂੰ ਆਤਮਿਆਂ ਦੀ ਪਛਾਣ ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ ਭਾਸ਼ਾਵਾਂ ਅਤੇ ਹੋਰ ਕਿਸੇ ਨੂੰ ਭਾਸ਼ਾਵਾਂ ਦਾ ਅਰਥ ਕਰਨਾ। ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇਕ ਇਕ ਕਰਕੇ ਵੰਡ ਦਿੰਦਾ ਹੈ''** (1 ਕੁਰਿੰਥੀਆਂ 12: 1—11)।

ਉੱਪਰ ਦਿੱਤੀਆਂ ਆਇਤਾਂ ਤੋਂ ਅਸੀਂ ਸਾਫ਼ ਵੇਖ ਸਕਦੇ ਹਾਂ ਕਿ ਪੌਲੁਸ ***ਆਤਮਾ ਦੇ ਮੋਅਜਜ਼ੇ*** ਦੇ ਦਾਨਾਂ ਦੀ ਗੱਲ ਕਰ ਰਿਹਾ ਹੈ। ਉਹ ਬੁੱਧ, ਗਿਆਨ। ਨਿਹਚਾ, ਚੰਗਿਆਈ, ਮੋਅਜਜ਼ਿਆਂ, ਨਬੂਵਤ, ਰੂਹਾਂ ਨੂੰ ਪਰਖਣ, ਵੱਖੋ—ਵੱਖ ਤਰ੍ਹਾਂ ਦੀਆਂ ਬੋਲੀਆਂ ਬੋਲਣ ਅਤੇ ਬੋਲੀਆਂ ਦਾ ਅਰਥ ਦੱਸਣ ਦੇ ਦਾਨਾਂ ਦੀ ਗੱਲ ਕਰਦਾ ਹੈ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਨਿੱਜੀ ਤੌਰ ਤੇ ਮਸੀਹੀ ਲੋਕਾਂ ਨੂੰ ਨਿੱਜੀ ਦਾਨ ਮਿਲਦੇ ਸਨ। ਪਾਉਣ ਵਾਲਿਆਂ ਦੇ ਮਨਾਂ, ਆਤਮਾ ਦੇ ਜਾਚਣ ਅਤੇ ਉਨ੍ਹਾਂ ਦੀ ਕਾਬਲੀਅਤ ਮੁਤਾਬਿਕ ਜਿਵੇਂ ਕਿ ਅਸੀਂ ਪਹਿਲਾਂ ਸਿੱਖਿਆ ਸੀ ਕਿ ਸ਼ਮਊਨ ਜਾਦੂਗਰ ਭਾਵੇਂ ਬਪਤਿਸਮਾ ਪਾਇਆ ਹੋਇਆ ਵਿਸ਼ਵਾਸੀ ਸੀ। ਪਰ ਇਹ ਸਾਫ਼ ਹੋ ਜਾਂਦਾ ਹੈ ਕਿ **ਹਰ ਮਸੀਹੀ ਨੂੰ ਇਹ ਖ਼ਾਸ ਦਾਨ ਨਹੀਂ ਦਿੱਤੇ ਗਏ ਸਨ।**

**ਇਨ੍ਹਾਂ ਆਇਤਾਂ ਨੂੰ ਧਿਆਨ ਨਾਲ ਵਿਸ਼ਲੇਸ਼ਣ ਕਰਨ ਤੇ ਪਤਾ ਲਗਦਾ ਹੈ:**

- ਆਤਮਾ ਦੇ ''ਹੱਥ ਰੱਖਣ'' ਦੇ ਮਾਪ ਰਾਹੀਂ ਆਤਮਾ ਪਾਉਣ ਵਾਲੇ ਨੂੰ ਅਜਿਹਾ ਨਹੀਂ ਹੈ ਕਿ ਜੋ ਵੀ ਲੋੜ ਹੋਵੇ ਉਹ ਮੋਅਜਜ਼ਾ ਕਰਨ ਦੀ ਸ਼ਕਤੀ ਮਿਲ ਜਾਂਦੀ ਹੋਵੇ। ਇਸ ਦੀ ਥਾਂ ਇਕ ਜਣੇ ਨੂੰ ਕਿਸੇ ਖ਼ਾਸ ਭਾਸ਼ਾ ਵਿਚ ਬੋਲਣ ਦੀ ਚਮਤਕਾਰੀ ਸ਼ਕਤੀ ਮਿਲਦੀ ਸੀ। ਜਦ ਕਿ ਕਿਸੇ ਹੋਰ ਨੂੰ ਉਸ ਭਾਸ਼ਾ ਦਾ ਅਰਥ ਦੱਸਣ ਦੀ ਖੂਬੀ ਦਿੱਤੀ ਜਾਂਦੀ ਸੀ; ਕਿਸੇ ਹੋਰ ਨੂੰ ਖ਼ੁਦਾ ਦਾ ਸੰਦੇਸ਼ ਸੁਨਾਉਣ ਦੀ ਖੂਬੀ ਦਿੱਤੀ ਜਾਂਦੀ ਸੀ ਜਦ ਕਿ ਕਿਸੇ ਹੋਰ ਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਬੁੱਧ, ਕਿਸੇ ਨੂੰ ਇਲਹਾਮ ਨਾਲ ਨਿਹਚਾ, ਕਿਸੇ ਨੂੰ ਚੰਗਿਆਈ ਦੇਣ ਦੀ ਸਮਰੱਥਾ, ਜਦ ਕਿ ਕਿਸੇ ਹੋਰ ਨੂੰ ਹੋਰ ਮੋਅਜਜ਼ੇ ਕਰਨ ਦੀ।

- ਇਸ ਸਭ ਵਿਚ ਪੌਲੁਸ ਵੱਖੋ–ਵੱਖ ਦਾਨ ਪਾਏ ਹੋਏ ਵੱਖੋ–ਵੱਖ ਚੇਲਿਆਂ ਦੀ ਮੁਸ਼ਕਿਲ ਨਾਲ ਨਜਿੱਠ ਰਿਹਾ ਸੀ ਅਤੇ ਉਨ੍ਹਾਂ ਨੂੰ ਸਮਝਾ ਰਿਹਾ ਸੀ ਕਿ ਉਹ ਉਨ੍ਹਾਂ ਦੀ ਵਰਤੋਂ ਇਵੇਂ ਕਰਨ ਜਿਸ ਨਾਲ ਉਨ੍ਹਾਂ ਨੂੰ ਅਤੇ ਹੋਰਨਾਂ ਨੂੰ ਇਸ ਦਾ ਫ਼ਾਇਦਾ ਮਿਲ ਸਕੇ। ਦੂਜੇ ਸ਼ਬਦਾਂ ਵਿਚ ਜੇ ਕਿਸੇ ਸੰਗਤੀ ਵਿਚ ਕੋਈ ਬੰਦਾ ਕਿਸੇ ਅਣਜਾਣ ਭਾਸ਼ਾ ਵਿਚ ਬੋਲ ਰਿਹਾ ਹੋਵੇ ਜਿਸ ਨੂੰ ਮੰਡਲੀ ਦੇ ਲੋਕ ਨਾ ਜਾਣਦੇ ਹੋਣ ਅਤੇ ਉਸ ਦਾ ਅਰਥ ਦੱਸਣ ਲਈ ਉੱਥੇ ਰੂਹਾਨੀ ਦਾਨ ਪ੍ਰਾਪਤ ਕੋਈ ਹੋਰ ਨਾ ਹੋਵੇ ਤਾਂ ਉਸ ਆਦਮੀ ਲਈ ਖਾਮੋਸ਼ ਰਹਿਣਾ ਹੀ ਬੇਹਤਰ ਹੋਣਾ ਸੀ। ਰੂਹਾਨੀ ਦਾਨਾਂ ਦੀ ਵਰਤੋਂ ਸਿੱਖਿਆ ਅਤੇ ਤਰੱਕੀ ਲਈ ਕੀਤੀ ਜਾਣੀ ਸੀ ਨਾ ਕਿ ਉਲਝਣ ਪੈਦਾ ਕਰਨ ਲਈ।
- ਇਨ੍ਹਾਂ ਸਭ ਦਾਨਾਂ ਦਾ ਮਕਸਦ ਵਚਨ ਨੂੰ ਸਾਬਤ ਕਰਨਾ, ਵਿਸ਼ਵਾਸੀ ਬਣਾਉਣਾ ਅਤੇ ਕਲੀਸੀਆ ਨੂੰ ਸੁਧਾਰਨਾ ਸੀ। ਸਾਨੂੰ ਮੰਨਣਾ ਪਵੇਗਾ ਕਿ ਇਸ ਸਮੇਂ ਤਕ ਨਵਾਂ ਨੇਮ ਲਿਖਤੀ ਰੂਪ ਵਿਚ ਅਜੇ ਨਹੀਂ ਮਿਲਿਆ ਸੀ। ਸੋ ਜਦ ਤਕ ਨਵਾਂ ਨੇਮ ਪੂਰਾ ਨਹੀਂ ਲਿਖਿਆ ਜਾਂਦਾ ਤਦ ਤਕ ਇਨ੍ਹਾਂ ਦਾਨਾਂ ਤੇ ਨਿਰਭਰ ਰਹਿਣਾ ਪੈਣਾ ਸੀ। ਇੱਥੋਂ ਤਕ ਕਿ ਜਿਹੜੇ ਚਮਤਕਾਰ ਯਿਸੂ ਨੇ ਕੀਤੇ ਉਹ ਵੀ ਵਚਨ ਨੂੰ ਪੱਕਿਆ ਕਰਨ ਲਈ ਹੀ ਸਨ। ਅਸੀਂ ਪੜ੍ਹਦੇ ਹਾਂ ਕਿ ''ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਏਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ'' (ਯੂਹੰਨਾ 20:30,31)। ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਜਦ ਪ੍ਰਭੂ ਪਿਤਾ ਕੋਲ ਸੁਰਗ ਵਿਚ ਵਾਪਸ ਜਾਣ ਲੱਗਾ ਤਾਂ ਰਸੂਲਾਂ ਬਾਰੇ ਬਾਈਬਲ ਦੱਸਦੀ ਹੈ, ''... ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪ੍ਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਨੂੰ ਉਨ੍ਹਾਂ ਨਿਸ਼ਾਨਾਂ ਦੇ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ'' (ਮਰਕੁਸ 16:20)।

ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਕਿਹਾ, **''ਇਸ ਕਾਰਨ ਚਾਹੀਦਾ ਹੈ ਜੋ ਅਸੀਂ ਉਨ੍ਹਾਂ ਗੱਲਾਂ ਦਾ ਜਿਹੜੀਆਂ ਸੁਣੀਆਂ ਹੋਰ ਵੀ ਧਿਆਨ ਰੱਖੀਏ ਅਜਿਹਾ ਨਾ ਹੋਵੇ ਭਈ ਕਿਤੇ ਅਸੀਂ ਉਨ੍ਹਾਂ ਤੋਂ ਵਹਿ ਕੇ ਦੂਰ ਹੋ ਜਾਈਏ। ਜਦੋਂ ਉਹ ਵਚਨ ਜਿਹੜਾ ਦੂਤਾਂ ਦੀ ਜ਼ਬਾਨੀ ਆਖਿਆ ਗਿਆ ਸੀ ਦ੍ਰਿੜ੍ਹ ਠਹਿਰਿਆ ਅਤੇ ਹਰੇਕ ਅਪਰਾਧ ਅਤੇ ਅਣਆਗਿਆਕਾਰੀ ਦਾ ਠੀਕ ਠੀਕ ਬਦਲਾ ਮਿਲਿਆ। ਤਾਂ ਅਸੀਂ**

**ਕਿੱਕੁਰ ਬਚ ਨਿੱਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ ਜੋ ਪਹਿਲਾਂ ਪ੍ਰਭੂ ਦੇ ਰਾਹੀਂ ਆਖੀ ਗਈ ਸੀ ਅਤੇ ਸੁਣਨ ਵਾਲਿਆਂ ਤੋਂ ਸਾਨੂੰ ਸਾਬਤ ਹੋਈ? ਪਰਮੇਸ਼ੁਰ ਵੀ ਨਿਸ਼ਾਨੀਆਂ ਅਤੇ ਅਚੰਭਿਆਂ ਅਤੇ ਨਾਨਾ ਪਰਕਾਰ ਦੀਆਂ ਕਰਾਮਾਤਾਂ ਅਤੇ ਪਵਿੱਤਰ ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ'**' (ਇਬਰਾਨੀਆਂ 2: 1–4)।

ਅੰਤ ਵਿਚ ਪੌਲੁਸ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਲਿਖਿਆ, '**'ਪਰ ਅਸਾਂ ਵਿੱਚੋਂ ਹਰੇਕ ਉੱਤੇ ਮਸੀਹ ਦੇ ਦਾਨ ਦੇ ਅੰਦਾਜ਼ੇ ਦੇ ਅਨੁਸਾਰ ਕਿਰਪਾ ਕੀਤੀ ਗਈ'**' (ਅਫ਼ਸੀਆਂ 4: 7)। ਫਿਰ ਆਤਮਿਕ ਦਾਨਾਂ ਦੇ ਸਬੰਧ ਵਿਚ ਉਹ ਕਹਿੰਦਾ ਹੈ ਕਿ '**'ਉਹ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪ੍ਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ। ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉਸਰਦੀ ਜਾਵੇ। ਜਦੋਂ ਤੀਕ ਅਸੀਂ ਸੱਭੇ ਨਿਹਚਾ ਦੀ ਅਤੇ ਪਰਮੇਸ਼ੁਰ ਦੇ ਪੁੱਤਰ ਦੀ ਪਛਾਣ ਦੀ ਏਕਤਾ ਅਤੇ ਪੂਰੇ ਮਰਦਊਪੁਣੇ ਤੀਕ ਅਰਥਾਤ ਮਸੀਹ ਦੀ ਪੂਰੀ ਡੀਲ ਦੇ ਅੰਦਾਜ਼ੇ ਤੀਕ ਨਾ ਪਹੁੰਚੀਏ। ਭਈ ਅਸੀਂ ਅਗਾਹਾਂ ਨੂੰ ਇਵਾਣੇ ਨਾ ਰਹੀਏ ਜਿਹੜੇ ਮਨੁੱਖਾਂ ਦੀ ਠੱਗ ਵਿੱਦਿਆ ਅਤੇ ਭੁਲਾਉਣ ਵਾਲੀ ਛਲ ਛਿੱਦਰ ਰੂਪੀ ਚਤਰਾਈ ਨਾਲ ਸਿੱਖਿਆ ਦੇ ਹਰੇਕ ਬੁੱਲੇ ਨਾਲ ਐਧਰ ਉੱਧਰ ਡੋਲਦੇ ਫਿਰਦੇ ਹਨ। ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਉਸ ਵਿਚ ਜੋ ਸਿਰ ਹੈ ਅਰਥਾਤ ਮਸੀਹ ਵਿਚ ਹਰ ਤਰਾਂ ਵਧਦੇ ਜਾਈਏ। ਜਿਸ ਤੋਂ ਸਾਰੀ ਦੇਹੀ ਹਰੇਕ ਜੋੜ ਦੀ ਮਦਦ ਨਾਲ ਠੀਕ ਠੀਕ ਜੁੜ ਕੇ ਅਤੇ ਇਕ ਸੰਗ ਮਿਲ ਕੇ ਇਕ ਇਕ ਅੰਗ ਦੇ ਵਲ ਕੰਮ ਕਰਨ ਅਨੁਸਾਰ ਆਪਣੇ ਆਪ ਨੂੰ ਵਧਾਈ ਜਾਂਦੀ ਹੈ ਭਈ ਉਹ ਪ੍ਰੇਮ ਵਿਚ ਆਪਣੀ ਉਸਾਰੀ ਕਰੇ**'' (ਅਫ਼ਸੀਆਂ 4: 11–16)।

ਸੋ ਆਤਮਾ ਦੇ ਇਹ ਦਾਨ ਆਰਜ਼ੀ ਸਨ, ਤਾਂ ਜੋ ਨਵੇਂ ਨੇਮ ਦੇ ਲਿਖਤੀ ਰੂਪ ਵਿਚ ਮਿਲਣ ਤੋਂ ਪਹਿਲਾਂ ਇਹ ਕਲੀਸੀਆ ਦੇ ਵਧਣ ਅਤੇ ਫੈਲਣ ਵਿਚ ਮਦਦਗਾਰ ਹੋਣ। ਜਦ ਨਵਾਂ ਨੇਮ ਲਿਖਿਆ ਜਾ ਚੁਕਿਆ ਤਾਂ ਮੋਅਜਜ਼ੇ ਕਰਨ ਦੇ ਇਹ ਦਾਨ ਮਿਲਣੇ ਬੰਦ ਹੋ ਗਏ।

# ਵਿਚਾਰ ਕੀਤੇ ਜਾਣ ਲਈ ਸਵਾਲ

1. ''ਆਤਮਾ ਦੇ ਦਾਨਾਂ'' ਦੀ ਚਰਚਾ ਕਰਦਿਆਂ ਅਸੀਂ ਉਨ੍ਹਾਂ .................... ਤੇ ਵਿਚਾਰ ਕਰ ਰਹੇ ਹਾਂ ਜਿਹੜੇ ਰਸੂਲਾਂ ਦੇ ਹੱਥ ਰੱਖਣ ਨਾਲ ਮਿਲਦੇ ਸਨ।
2. ਸਪੱਸ਼ਟੀਕਰਣ: ਰਸੂਲਾਂ ਦੇ ਕਰਤੱਬ 2:38 ਵਿਚ ਬਪਤਿਸਮਾ ਪਾਏ ਹੋਏ ਨਿਹਚਾ ਕਰਨ ਵਾਲਿਆਂ ਨੂੰ ''ਪਵਿੱਤਰ ਆਤਮਾ ਦਾ ਦਾਨ'' ਜਾਂ ਦਾਨ ਦੇ ਰੂਪ ਵਿਚ ਆਤਮਾ ਦੇਣ ਦਾ ਵਾਅਦਾ ਕੀਤਾ ਗਿਆ ਸੀ। 1 ਕੁਰਿੰਥੀਆਂ 14:1–5 ਵਿਚ ਦਿੱਤੇ ਗਏ ਰੂਹਾਨੀ ਦਾਨ (ਆਤਮਾ ਦੇ ਦਾਨ) ਸਿਰਫ਼ ਰਸੂਲਾਂ ਦੇ ਦੁਆ ਕਰਨ ਅਤੇ ਹੱਥ ਰੱਖਣ ਦੇ ਰਾਹੀਂ ਦਿੱਤੇ ਗਏ ਚਮਤਕਾਰੀ ਦਾਨ ਸਨ।
3. ਇਨ੍ਹਾਂ ਚਮਤਕਾਰੀ ਦਾਨਾਂ ਵਿੱਚੋਂ 8 ਦੇ ਨਾਂਅ ਦੱਸੋ (1 ਕੁਰਿੰਥੀਆਂ 12:1–11)।
4. ਪੌਲੁਸ ਨੇ ਰੋਮ ਦੀ ਕਲੀਸੀਆ ਨੂੰ ਆਖਿਆ ਕਿ ਉਹ ਉਨ੍ਹਾਂ ਨੂੰ ਮਿਲਣ ਆਉਣਾ ਚਾਹੁੰਦਾ ਸੀ ਤਾਂ ਜੋ ਉਹ ਉਨ੍ਹਾਂ ਨੂੰ ਰੂਹਾਨੀ ਦਾਨ ਦੇ ਸਕੇ। ਇਹ ਇਸ ਗੱਲ ਦਾ ਪਤਾ ਦੱਸਦਾ ਹੈ ਕਿ ਉੱਥੇ ਕਲੀਸੀਆ ਦੇ ਸ਼ੁਰੂ ਵਿਚ ਕਿਸੇ ਨੂੰ ਕੋਈ ................ .............. ਨਹੀਂ ਮਿਲਿਆ ਸੀ।
5. ਪੌਲੁਸ ਨੇ ਕੀ ਦੱਸਿਆ ਕਿ ਦਾਨਾਂ ਦਾ ਮਕਸਦ ਕੀ ਸੀ? ''ਭਈ ਜਾਣੋ ਕੋਈ ਆਤਮਕ ਦਾਨ ਤੁਹਾਨੂੰ ਦੁਆਵਾਂ ਤਾਂ ਜੋ ਤੁਸੀਂ ................. ......................'' (ਰੋਮੀਆਂ 1:1)।
6. ਮੰਡਲੀ ਦੇ ਕੁਝ ਚੋਣਵੇਂ ਲੋਕਾਂ ਨੂੰ ਚਮਤਕਾਰੀ ਦਾਨ ਦਿੱਤਾ ਜਾਂਦਾ ਸੀ। ਹਰ ਮਸੀਹੀ ਨੂੰ ਇਹ ਖ਼ਾਸ ਦਾਨ ਨਹੀਂ ਦਿੱਤਾ ਜਾਂਦਾ ਸੀ।

   ਸਹੀ ਜਾਂ ਗਲਤ ਦੱਸੋ
7. ਮੰਡਲੀ ਦੇ ਲੋਕਾਂ ਨੂੰ ਵੱਖੋ–ਵੱਖ ਦਾਨਾਂ ਨਾਲ ਮੰਡਲੀ ਦੀ ਤਰੱਕੀ ਅਤੇ ਮਜ਼ਬੂਤੀ ਕਿਵੇਂ ਹੁੰਦੀ ਸੀ।
8. ਦਾਨ ਜ਼ਰੂਰੀ ਕਿਉਂ ਸਨ? ਕਲੀਸੀਆਵਾਂ ਦੀ ਅਗਵਾਈ ਲਈ ਕੀ ਮੌਜੂਦ ਨਹੀਂ ਸੀ।
9. ਅਫ਼ਸੀਆਂ 4:11–16 ਦੇ ਮੁਤਾਬਿਕ ਦਾਨ ਉਦੋਂ ਤਕ ਰਹਿਣੇ ਸਨ ਜਦੋਂ ਤਕ ''ਅਸੀਂ ਸੱਭੇ ................. ਅਤੇ ਪਰਮੇਸ਼ੁਰ ਦੇ ਪੁੱਤਰ ਦੀ ................ ਦੀ ਏਕਤਾ ਅਤੇ ਪੂਰੇ ਮਰਦਊਪੁਣੇ ਤੀਕ'' ਨਹੀਂ ਪਹੁੰਚ ਜਾਂਦੇ।
10. ਮੋਅਜਜ਼ੇ ਕਰਨ ਦੇ ਦਾਨ ਮਿਲਣੇ ਕਦੋਂ ਬੰਦ ਹੋ ਗਏ?

## ਪਾਠ 7

# ਮੋਅਜਜ਼ਿਆਂ ਦੇ ਨਿਸ਼ਾਨ: ਪਹਿਲੀ ਸਦੀ ਜਾਂ ਅੱਜ?



## ਬਦਰੂਹਾਂ ਨੂੰ ਕੱਢਣਾ

ਅਜੋਕੇ ਸਮੇਂ ਵਿਚ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਲਗਦਾ ਹੈ ਕਿ ਬਦਰੂਹਾਂ, ਭੂਤ, ਜਾਂ ਦੁਸ਼ਟ ਆਤਮਾਵਾਂ ਲੋਕਾਂ ਨੂੰ ਜਕੜਦੀਆਂ ਹਨ। ਉਹ ਇਹ ਵੀ ਮੰਨਦੇ ਹਨ ਕਿ ਇਹ ਰੂਹਾਂ ਲੋਕਾਂ ਦੀ ਇਜਾਜ਼ਤ ਦੇ ਬਗੈਰ ਹੀ ਉਨ੍ਹਾਂ ਦੇ ਅੰਦਰ ਦਾਖਲ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਹਨ। ਅਖੀਰ ਵਿਚ ਉਨ੍ਹਾਂ ਦਾ ਮੰਨਣਾ ਹੁੰਦਾ ਹੈ ਕਿ ਮਸੀਹ ਵਿਚ ਯਕੀਨ ਕਰਨ ਵਾਲੇ ਕਿਸੇ ਵਿਸ਼ਵਾਸੀ ਦੀ ਮਦਦ ਨਾਲ ਹੀ ਉਨ੍ਹਾਂ ਨੂੰ ਕੱਢਿਆ ਜਾ ਸਕਦਾ ਹੈ। ਭਲਾ ਬਾਈਬਲ ਇਹ ਦੱਸਦੀ ਹੈ?

ਅਸੀਂ ਜਾਣਦੇ ਹਾਂ ਕਿ ਮਸੀਹ ਦੇ ਅਤੇ ਰਸੂਲਾਂ ਦੇ ਸਮੇਂ ਲੋਕਾਂ ਨੂੰ ਭੂਤ ਚੰਬੜੇ ਹੁੰਦੇ ਸਨ। ਮਸੀਹ ਨੇ ਖੁਦ ਬਹੁਤ ਸਾਰੇ ਮੌਕਿਆਂ ਤੇ ਲੋਕਾਂ ਵਿੱਚੋ ਬਦਰੂਹਾਂ ਕੱਢੀਆਂ ਸਨ।

**‘‘ਓਹ ਝੀਲ ਦੇ ਪਾਰ ਗਿਰਸੇਨੀਆਂ ਦੇ ਦੇਸ ਵਿਚ ਪਹੁੰਚੇ। ਅਰ ਜਾਂ ਉਹ ਬੇੜੀ ਉੱਤੋਂ ਉਤਰਿਆ ਤਾਂ ਓਵੇਂ ਇਕ ਮਨੁੱਖ ਜਿਹ ਦੇ ਵਿਚ ਭਰਿਸ਼ਟ ਆਤਮਾ ਸੀ ਕਬਰਾਂ ਵਿੱਚੋਂ ਨਿੱਕਲ ਕੇ ਉਹ ਨੂੰ ਆ ਮਿਲਿਆ। ਉਹ ਕਬਰਾਂ ਵਿਚ ਰਹਿੰਦਾ ਸੀ ਅਤੇ ਹੁਣ ਕੋਈ ਉਹ ਨੂੰ ਸੰਗਲਾਂ ਨਾਲ ਵੀ ਜਕੜ ਨਹੀਂ ਸੀ ਸੱਕਦਾ। ਉਹ ਤਾਂ ਕਈ ਵਾਰੀ ਬੇੜੀਆਂ ਅਤੇ ਸੰਗਲਾਂ ਨਾਲ ਜਕੜਿਆ ਗਿਆ ਸੀ ਪਰ ਉਹ ਨੇ ਸੰਗਲ ਤੋੜ ਸੁੱਟੇ ਅਰ ਬੇੜੀਆਂ ਦੇ ਟੋਟੇ ਟੋਟੇ ਕਰ ਦਿੱਤੇ ਸਨ ਅਤੇ ਕੋਈ ਉਹ ਨੂੰ ਕਾਬੂ ਨਹੀਂ ਕਰ ਸੱਕਦਾ ਸੀ। ਉਹ ਰਾਤ ਦਿਨ ਨਿੱਤ ਕਬਰਾਂ ਅਤੇ ਪਹਾੜਾਂ ਵਿਚ ਚੀਕਾਂ ਮਾਰਦਾ ਅਰ ਆਪਣੇ ਆਪ ਨੂੰ ਪੱਥਰਾਂ ਨਾਲ ਵੱਢਦਾ ਹੁੰਦਾ ਸੀ।**

**ਜਾਂ ਉਸਨੇ ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜ ਕੇ ਆਇਆ ਅਤੇ ਉਹ ਨੂੰ ਮੱਥਾ ਟੇਕਿਆ ਅਰ ਉੱਚੀ ਅਵਾਜ਼ ਨਾਲ ਪੁਕਾਰ ਕੇ ਬੋਲਿਆ, ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤਰ ਤੇਰਾ ਮੇਰੇ ਨਾਲ ਕੀ ਕੰਮ? ਮੈਂ ਤੈਨੂੰ ਪਰਮੇਸ਼ੁਰ ਦੀ ਸਹੁੰ ਦਿੰਦਾ ਹਾਂ, ਮੈਨੂੰ ਦੁੱਖ ਨਾ ਦਿਹ! ਕਿਉਂ ਜੋ ਉਸ ਨੇ ਉਹ ਨੂੰ ਕਿਹਾ ਸੀ ਕਿ ਹੇ ਭ੍ਰਿਸ਼ਟ ਆਤਮਾ, ਇਸ ਮਨੁੱਖ ਵਿੱਚੋਂ ਨਿੱਕਲ ਜਾਹ! ਫੇਰ ਉਹ ਨੇ ਉਹ ਨੂੰ ਪੁੱਛਿਆ, ਤੇਰਾ ਕੀ ਨਾਉਂ ਹੈ? ਉਹ ਨੇ ਉਸਨੂੰ ਕਿਹਾ, ਮੇਰਾ ਨਾਉਂ ਲਸ਼ਕਰ ਹੈ ਕਿਉਂ ਜੋ ਅਸੀਂ ਬਹੁਤੇ ਹਾਂਗੇ। ਅਤੇ ਉਹ ਨੇ ਉਸ ਦੀਆਂ ਬਹੁਤ ਮਿੰਨਤਾਂ ਕੀਤੀਆਂ ਕਿ ਸਾਨੂੰ ਇਸ ਦੇਸ ਵਿੱਚੋਂ ਨਾ ਕੱਢ! ਉੱਥੇ ਪਹਾੜ ਦੇ ਨੇੜੇ ਸੂਰਾਂ ਦਾ ਇਕ ਵੱਡਾ ਇੱਜੜ ਚੁਗਦਾ ਸੀ। ਅਤੇ ਉਨ੍ਹਾਂ ਨੇ ਉਸ ਦੀ ਮਿੰਨਤ ਕੀਤੀ ਕਿ ਸਾਨੂੰ ਸੂਰਾਂ ਵਿਚ ਘੱਲ ਦਿਹ ਤਾਂ ਜੋ ਅਸੀਂ ਉਨ੍ਹਾਂ ਵਿਚ ਜਾ ਵੜੀਏ। ਅਤੇ ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ। ਤਾਂ ਭ੍ਰਿਸ਼ਟ ਆਤਮੇ ਨਿੱਕਲ ਕੇ ਸੂਰਾਂ ਵਿਚ ਜਾ ਵੜੇ ਅਤੇ ਇੱਜੜ ਢਾਹੇ ਉੱਤੋਂ ਸਿਰਤੋੜ ਭੱਜ ਕੇ ਝੀਲ ਵਿਚ ਆ ਪਿਆ। ਓਹ ਗਿਣਤੀ ਵਿਚ ਦੋਕੁ ਹਜ਼ਾਰ ਸਨ ਅਤੇ ਓਹ ਝੀਲ ਵਿਚ ਡੁੱਬ ਮੋਏ।**

**ਤਦ ਉਨ੍ਹਾਂ ਦੇ ਚੁਗਾਉਣ ਵਾਲਿਆਂ ਨੇ ਨੱਠ ਕੇ ਨਗਰ ਅਤੇ ਪਿੰਡਾਂ ਵਿਚ ਖਬਰ ਪੁਚਾਈ ਅਰ ਲੋਕ ਇਹ ਵੇਖਣ ਨਿੱਕਲੇ ਜੋ ਕੀ ਹੋਇਆ ਹੈ। ਅਤੇ ਯਿਸੂ ਦੇ ਕੋਲ ਆਣ ਕੇ ਉਸ ਭੂਤ ਵਾਲੇ ਨੂੰ ਜਿਸ ਉੱਤੇ ਲਸ਼ਕਰ ਦਾ ਸਾਯਾ ਸੀ ਕੱਪੜੇ ਪਹਿਨੀ ਅਤੇ ਸੁਰਤ ਸਮ੍ਹਾਲੀ ਬੈਠਾ ਵੇਖਿਆ ਅਤੇ ਓਹ ਡਰ ਗਏ। ਤਾਂ ਵੇਖਣ ਵਾਲਿਆਂ ਨੇ ਉਸ ਭੂਤ ਵਾਲੇ ਦੀ ਵਾਰਤਾ ਅਤੇ ਸੂਰਾਂ ਦਾ ਹਵਾਲਾ ਉਨ੍ਹਾਂ ਨੂੰ ਦੱਸਿਆ। ਤਦ ਓਹ ਉਸ ਦੀ ਮਿੰਨਤ ਕਰਨ ਲੱਗੇ ਜੋ ਸਾਡੀ ਹੱਦੋਂ ਬਾਹਰ ਨਿੱਕਲ ਜਾਓ। ਅਤੇ ਜਿਉਂ ਉਹ ਬੇੜੀ ਉੱਤੇ ਚੜ੍ਹਨ ਲਗਾ ਤਾਂ ਉਸ ਭੂਤ ਵਾਲੇ ਨੇ ਉਸ ਦੇ ਨਾਲ ਰਹਿਣ ਲਈ ਉਸ ਦੇ ਅੱਗੇ ਬੇਨਤੀ ਕੀਤੀ। ਉਸਨੇ ਉਹ ਨੂੰ ਰਹਿਣ ਨਾ ਦਿੱਤਾ ਪਰ ਉਹ ਨੂੰ ਆਖਿਆ, ਆਪਣੇ ਘਰ ਆਪਣੇ ਸਾਕਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਰ ਤੇਰੇ ਉੱਤੇ ਦਯਾ ਕੀਤੀ। ਤਾਂ ਉਹ ਚੱਲਿਆ ਗਿਆ ਅਰ ਦਿਕਾਪੁਲਿਸ ਵਿਚ ਪ੍ਰਚਾਰ ਕਰਨ ਲੱਗਾ ਜੋ ਯਿਸੂ ਨੇ ਮੇਰੇ ਲਈ ਕੇਡੇ ਕੰਮ ਕੀਤੇ ਤਾਂ ਸਾਰੇ ਲੋਕ ਹੈਰਾਨ ਹੋਏ''** (ਮਰਕੁਸ 5:1–20)।

ਬੇਸ਼ੱਕ ਉਹ ਇੱਕੋ ਹੀ ਮੌਕਾ ਨਹੀਂ ਸੀ ਜਦ ਯਿਸੂ ਨੇ ਬਦਰੂਹਾਂ ਨੂੰ ਕੱਢਿਆ ਹੋਵੇਗਾ। ਰਸੂਲਾਂ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਨਾਲ ਭੂਤ ਕੱਢਣ ਦੀ ਸ਼ਕਤੀ ਮਿਲੀ ਸੀ (ਮਰਕੁਸ 16:17)। ਇੱਥੋਂ ਤਕ ਕਿ ਜਿਨ੍ਹਾਂ ਉੱਤੇ ਰਸੂਲਾਂ ਨੇ ਹੱਥ ਰੱਖੇ ਸਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਮਿਲੇ, ਉਹ ਵੀ ਬਦਰੂਹਾਂ ਨੂੰ ਕੱਢ ਸਕਦੇ ਸਨ। ਉਦਾਹਰਣ ਲਈ, ਜਦ ਫ਼ਿਲਿੱਪੁਸ ਸਾਮਰੀਆ ਵਿਚ ਪ੍ਰਚਾਰ ਕਰਨ ਲਈ ਗਿਆ, ਤਾਂ ਬਾਈਬਲ ਦੱਸਦੀ ਹੈ, **''ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇਕ ਮਨ ਹੋ ਕੇ ਫ਼ਿਲਿੱਪੁਸ**

**ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਹਨਾ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ''** (ਰਸੂਲਾਂ ਦੇ ਕਰਤੱਬ 8:6, 7)। ਇਵੇਂ ਲਗਦਾ ਹੈ ਕਿ ਜਿਵੇਂ ਮਸੀਹ ਅਤੇ ਰਸੂਲਾਂ ਦੇ ਦਿਨਾਂ ਵਿਚ ਖ਼ੁਦਾ ਨੇ ਉਸ ਸਮੇਂ ਦੌਰਾਨ ਸ਼ੈਤਾਨ ਨੂੰ ਕੁਝ ਖ਼ਾਸ ਅਜ਼ਾਦੀ ਦਿੱਤੀ ਸੀ। ਉਸ ਨੇ ਕੁਝ ਲੋਕਾਂ ਵਿਚ ਜਾਣ ਦੀ ਉਸ ਨੂੰ ਖੁੱਲ੍ਹ ਦੇ ਦਿੱਤੀ ਜਦ ਤਕ ਮਸੀਹ ਉਸ ਦੇ ਰਸੂਲਾਂ ਜਾਂ ਜਿਨ੍ਹਾਂ ਉੱਤੇ ਰਸੂਲਾਂ ਨੇ ਹੱਥ ਰੱਖੇ ਸਨ ਆਣ ਕੇ ਉਹ ਨੂੰ ਕੱਢ ਨਾ ਦੇਣ। ਇਸ ਨੇ ਸਾਬਤ ਕੀਤਾ ਕਿ ਪ੍ਰਭੂ ਸ਼ੈਤਾਨ ਨਾਲੋਂ ਸ਼ਕਤੀਸ਼ਾਲੀ ਹੈ।

ਪਰ ਐਹੋ ਜਿਹੇ ਲੋਕ ਵੀ ਹੈ ਸਨ ਜੋ ਮਸੀਹ ਉੱਤੇ ਦੋਸ਼ ਲਾਉਂਦੇ ਸਨ ਕਿ ਉਹ ਬਆਲਜ਼ਬੂਲ ਦੀ ਸ਼ਕਤੀ ਨਾਲ ਭੂਤਾਂ ਨੂੰ ਕੱਢਦਾ ਹੈ। ਬਾਈਬਲ ਦੱਸਦੀ ਹੈ, **''ਤਦ ਲੋਕ ਇਕ ਅੰਨ੍ਹਾਂ ਗੁੰਗਾ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਉਹ ਦੇ ਕੋਲ ਲਿਆਏ ਅਤੇ ਉਸ ਨੇ ਉਹ ਨੂੰ ਅਜਿਹਾ ਚੰਗਾ ਕੀਤਾ ਜੋ ਗੁੰਗਾ ਬੋਲਣ ਵੇਖਣ ਲੱਗਾ। ਅਤੇ ਸਾਰੇ ਲੋਕ ਅਚਰਜ ਹੋਕੇ ਬੋਲੇ, ਭਲਾ, ਇਹੋ ਦਾਊਦ ਦਾ ਪੁੱਤਰ ਨਹੀਂ ਹੈ? ਪਰ ਫ਼ਰੀਸੀਆਂ ਨੇ ਸੁਣ ਕੇ ਕਿਹਾ ਜੋ ਇਹ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਸਹਾਇਤਾ ਬਿਨਾ ਭੂਤਾਂ ਨੂੰ ਨਹੀਂ ਕੱਢਦਾ।**

**ਪਰ ਉਸ ਨੇ ਉਨ੍ਹਾਂ ਦੀ ਸੋਚ ਵਿਚਾਰ ਜਾਣ ਕੇ ਉਨ੍ਹਾਂ ਨੂੰ ਆਖਿਆ ਭਈ ਜਿਸ ਕਿਸੇ ਰਾਜ ਵਿਚ ਫੁੱਟ ਪੈਂਦੀ ਹੈ ਸੋ ਵਿਰਾਨ ਜੋ ਜਾਂਦਾ ਹੈ ਅਤੇ ਜਿਸ ਕਿਸੇ ਨਗਰ ਅਥਵਾ ਘਰ ਵਿਚ ਫੁੱਟ ਪੈਂਦੀ ਹੈ ਉਹ ਕਾਇਮ ਨਾ ਰਹੇਗਾ। ਅਤੇ ਸ਼ੈਤਾਨ ਹੀ ਸ਼ੈਤਾਨ ਨੂੰ ਕੱਢਦਾ ਹੈ ਤਾਂ ਉਹ ਦੇ ਆਪਣੇ ਆਪ ਵਿਚ ਹੀ ਫੁੱਟ ਪੈ ਗਈ ਹੈ। ਫੇਰ ਉਹਦਾ ਰਾਜ ਕਿੱਕੁਰ ਕਾਇਮ ਰਹੇ? ਅਰ ਜੇ ਮੈਂ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਣਾ ਹਾਂ ਤਾਂ ਤੁਹਾਡੇ ਪੁੱਤਰ ਕਿਹ ਦੀ ਸਹਾਇਤਾ ਨਾਲ ਕੱਢਦੇ ਹਨ? ਇਸ ਲਈ ਤੁਹਾਡਾ ਨਿਆਉਂ ਕਰਨ ਵਾਲੇ ਓਹੋ ਹੋਣਗੇ। ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ। ਅਥਵਾ ਕੋਈ ਕਿਸੇ ਜੋਰਾਵਰ ਦੇ ਘਰ ਵਿਚ ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸਕਦਾ ਹੈ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹ ਦਾ ਘਰ ਲੁੱਟੇਗਾ। ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਇਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ''** (ਮੱਤੀ 12:22—30)।

ਸਚਿਆਈ ਇਹ ਹੈ ਕਿ ਯਿਸੂ ਖ਼ੁਦਾ ਦੀ ਸ਼ਕਤੀ ਨਾਲ ਬਦਰੂਹਾਂ ਨੂੰ ਕੱਢਦਾ ਸੀ ਅਤੇ ਰਸੂਲਾਂ ਨੇ ਅਤੇ ਜਿਨ੍ਹਾਂ ਉੱਤੇ ਹੱਥ ਰੱਖੇ, ਉਹ ਵੀ ਇਹੀ ਕਰਦੇ ਸਨ। ਜੇ ਉਹ ਸ਼ੈਤਾਨ ਦੇ ਵੱਲੋਂ ਹੁੰਦੇ ਤਾਂ ਕੁਦਰਤੀ ਹੀ ਹੈ ਕਿ ਉਹ ਸ਼ੈਤਾਨ ਨੂੰ ਨਹੀਂ ਕੱਢ ਸਕਦੇ ਸਨ। ਮਿਹਰਬਾਨੀ ਕਰਕੇ ਇਸ ਨੂੰ ਦਿਮਾਗ਼ ਵਿਚ ਰੱਖੋ ਅਤੇ ਹੁਣ ਅਸੀਂ

ਆਪਣੇ ਸਮੇਂ ਦੀ ਗੱਲ ਕਰਦੇ ਹਾਂ।

ਜਦ ਰਸੂਲ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਸਨ, ਸਭ ਮਰ ਗਏ ਤਾਂ ਉਨ੍ਹਾਂ ਦੇ ਮਰਨ ਨਾਲ ਹੀ ਚਮਤਕਾਰੀ ਯੁੱਗ ਬੀਤ ਗਿਆ। ਫਿਰ ਸ਼ੈਤਾਨ ਨੂੰ ਕੋਈ ਇਖ਼ਤਿਆਰ ਨਹੀਂ ਸੀ ਕਿ ਉਹ ਬਿਨਾਂ ਕਿਸੇ ਦੀ ਇਜਾਜ਼ਤ ਦੇ ਉਸ ਦੇ ਅੰਦਰ ਦਾਖਲ ਹੋਵੇ।

ਇਸ ਦਾ ਅਰਥ ਇਹ ਹੋਇਆ ਕਿ ਮਸੀਹ ਅਤੇ ਰਸੂਲਾਂ ਦੇ ਦਿਨਾਂ ਵਾਂਗ ਲੋਕਾਂ ਵਿਚ ਬਦਰੂਹਾਂ, ਭੂਤ ਜਾਂ ਬੁਰੀਆਂ ਆਤਮਾਵਾਂ ਨਹੀਂ ਰਹਿੰਦੀਆਂ। ਐਹੋ ਜਿਹੇ ਲੋਕ ਹਨ ਜੋ ਆਖਦੇ ਹਨ ਕਿ ਸ਼ੈਤਾਨ ਅੱਜ ਵੀ ਲੋਕਾਂ ਨੂੰ ਜਕੜਦਾ ਹੈ, ਅਤੇ ਅਜਿਹੇ ਲੋਕ ਵੀ ਹਨ ਜੋ ਆਖਦੇ ਹਨ ਕਿ ਉਨ੍ਹਾਂ ਨੂੰ ਭੂਤ ਕੱਢਣ ਦੀ ਸ਼ਕਤੀ ਮਿਲੀ ਹੋਈ ਹੈ। ਪਰ ਇਹ ਲੋਕ ਕੌਣ ਹਨ? ਇਹ ਉਹ ਲੋਕ ਹਨ ਜਿਨ੍ਹਾਂ ਦੇ ਧਰਮ ਦਾ ਬਾਈਬਲ ਵਿਚ ਜ਼ਿਕਰ ਨਹੀਂ ਹੈ। ਉਹ ਅਜਿਹੇ ਪ੍ਰਚਾਰਕ ਹਨ ਜੋ ਆਪਣੇ ਆਪ ਨੂੰ ਕਦੇ ਮਸੀਹ ਦੀ ਕਲੀਸੀਆ ਦੇ ਮੈਂਬਰ ਨਹੀਂ ਮੰਨਦੇ, ਉਹ ਪ੍ਰਭੂ ਦਾ ਨਾਮ ਨਹੀਂ ਪਹਿਨਦੇ ਅਤੇ ਉਹ ਬਾਈਬਲ ਦੀ ਸਿੱਖਿਆ ਦੇ ਉਲਟ ਸਿੱਖਿਆ ਦਿੰਦੇ ਹਨ। ਦੂਜੇ ਸ਼ਬਦਾਂ ਵਿਚ, ਆਪਣੀ ਪਛਾਣ ਦੇ ਸਾਰੇ ਨਿਸ਼ਾਨਾਂ ਤੋਂ ਲਗਦਾ ਹੈ ਕਿ ਜਿਵੇਂ ਉਹ ਸ਼ੈਤਾਨ ਦੇ ਹੋਣ। ਜਿਵੇਂ ਕਿ ਯਿਸੂ ਨੇ ਆਖਿਆ ਸੀ, ਸ਼ੈਤਾਨ ਨੂੰ ਸ਼ੈਤਾਨ ਕਿਵੇਂ ਕੱਢ ਸਕਦਾ ਹੈ?

ਨਹੀਂ, ਅੱਜ ਲੋਕ ਉਸ ਤਰ੍ਹਾਂ ਸ਼ੈਤਾਨ ਦੀ ਜਕੜ ਵਿਚ ਨਹੀਂ ਹਨ, ਜਿਵੇਂ ਉਹ ਮਸੀਹ ਅਤੇ ਰਸੂਲਾਂ ਦੇ ਸਮੇਂ ਦੌਰਾਨ ਸਨ। ਸ਼ੈਤਾਨ ਬਹੁਗਿਣਤੀ ਲੋਕਾਂ ਵਿਚ ਹੈ, ਪਰ ਉਨ੍ਹਾਂ ਉਸ ਨੂੰ ਆਪਣੇ ਅੰਦਰ ਆਪ ਬੁਲਾਇਆ, ਉਹ ਆਪ ਉਸ ਨੂੰ ਆਪਣੇ ਨਾਲ ਰਹਿਣ ਲਈ ਆਖਦੇ ਹਨ, ਅਤੇ ਬਦੀ ਤੋਂ ਪ੍ਰਭਾਵਿਤ ਹੁੰਦੇ ਹਨ, ਪਰ ਓਹ ਉਨ੍ਹਾਂ ਦੀ ਮਰਜ਼ੀ ਦੇ ਬਗ਼ੈਰ ਉਨ੍ਹਾਂ ਦੇ ਅੰਦਰ ਨਹੀਂ ਆਉਂਦਾ। ਨਾਲੇ ਉਹ ਕਿਸੇ ਵੀ ਸਮੇਂ ਆਪਣੇ ਪਾਪਾਂ ਤੋਂ ਤੌਬਾ ਕਰਕੇ ਅਤੇ ਖ਼ੁਦਾ ਦਾ ਹੁਕਮ ਮੰਨ ਕੇ ਆਪ ਨਿੱਜੀ ਤੌਰ ਤੇ ਸ਼ੈਤਾਨ ਕੋਲੋਂ ਪਿੱਛਾ ਛੁਡਾ ਸਕਦੇ ਹਨ।

ਖ਼ੁਦਾ ਦੇ ਵਚਨ ਤੋਂ ਅਣਜਾਣ ਅਤੇ ਝੂਠੇ ਗੁਰੂਆਂ ਦੇ ਭੁਲੇਖੇ ਵਿਚ ਪਏ ਲੋਕਾਂ ਨੂੰ ਆਮ ਤੌਰ ਤੇ ਧਾਰਮਿਕ ਆਗੂਆਂ ਵੱਲੋ ਇਹ ਦੱਸਿਆ ਜਾਂਦਾ ਹੈ ਕਿ ਸ਼ੈਤਾਨ ਅੱਜ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਜਕੜ ਸਕਦਾ ਹੈ। ਕਈ ਵਾਰ ਸਰੀਰਕ ਤੌਰ ਤੇ ਕਿਸੇ ਅਪਾਹਿਜ ਜਾਂ ਬਿਮਾਰ, ਜਾਂ ਦਿਮਾਗੀ ਤੌਰ ਤੇ ਬਿਮਾਰ ਨੂੰ ਆਖਿਆ ਜਾਂਦਾ ਹੈ ਕਿ ਉਹਦੇ ਵਿਚ ਭੂਤ ਹੈ, ਪਰ ਇਹ ਸਚਿਆਈ ਨਹੀਂ ਹੈ। ਅਜਿਹੇ ਪ੍ਰਚਾਰਕ ਅਤੇ ''ਸਿਆਣੇ'' ਹੁੰਦੇ ਹਨ ਜੋ ਲੋਕਾਂ ਦੀ ਅਗਿਆਨਤਾ ਅਤੇ ਅੰਧਵਿਸ਼ਵਾਸ ਦਾ ਫ਼ਾਇਦਾ ਚੁੱਕਦੇ ਹਨ। ਉਨ੍ਹਾਂ ਦਾ ਮਕਸਦ ਸੁਣਨ ਵਾਲਿਆਂ ਨੂੰ ਯਕੀਨ ਦੁਆਉਣਾ ਹੁੰਦਾ ਹੈ ਕਿ ਕਿਸੇ ਵਿਚ ਭੂਤ ਹੈਨ ਅਤੇ ਕੁਝ ਕੀਮਤ ਵਸੂਲ

ਕੇ ਉਹ ਉਨ੍ਹਾਂ ਨੂੰ ਕੱਢ ਸਕਦੇ ਹਨ। ਅੰਦਾਜ਼ਾ ਲਗਾਓ ਕਿ ਓਹ ''ਕੀਮਤ'' ਕੌਣ ਚੁਕਾਉਂਦਾ ਹੈ?! ਇਹ ਸਾਫ਼ ਹੈ ਕਿ ਇਨ੍ਹਾਂ ਰੂਹਾਨੀ ਝੂਠਾਂ ਦਾ ਮਕਸਦ ਪਾਵਰ ਅਤੇ ਪੈਸਾ ਹੈ।

ਸਾਨੂੰ ਸ਼ੈਤਾਨ ਤੋਂ ਅਤੇ ਉਸ ਦੀਆਂ ਸਭ ਚਾਲਾਂ ਤੋਂ ਅਤੇ ਹਰ ਤਰ੍ਹਾਂ ਦੇ ਬੁਰੇ ਪ੍ਰਭਾਵ ਤੋਂ ਡਰਨਾ ਚਾਹੀਦਾ ਹੈ, ਪਰ ਸਾਨੂੰ ਹਮੇਸ਼ਾ ਮਨ ਵਿਚ ਰਖਣਾ ਚਾਹੀਦਾ ਹੈ ਕਿ ਜਦ ਤਕ ਅਸੀਂ ਉਸ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੰਦੇ ਤਦ ਤਕ ਉਹ ਸਾਡੇ ਅੰਦਰ ਨਹੀਂ ਆ ਸਕਦਾ। ਫੇਰ, **ਅਸੀਂ ਸਿਰਫ਼ ਰਸੂਲਾਂ ਦੇ ਕਰਤੱਬ 2:38 ਵਿਚ ਦੱਸੇ ਮੁਤਾਬਕ ਪ੍ਰਭੂ ਤੇ ਨਿਹਚਾ ਕਰਕੇ, ਆਪਣੇ ਪਾਪਾਂ ਤੋਂ ਤੌਬਾ ਕਰਕੇ, ਮਸੀਹ ਨੂੰ ਖ਼ੁਦਾ ਦਾ ਪੁੱਤਰ ਮੰਨ ਕੇ ਅਤੇ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈ ਕੇ, ਜਦ ਚਾਹੀਏ ਉਸ ਤੋਂ ਖਹਿੜਾ ਛੁਡਾ ਸਕਦੇ ਹਾਂ। ਹੁਕਮ ਮੰਨਣ ਦੇ ਰਾਹੀਂ ਅਸੀਂ ਸ਼ੈਤਾਨ ਦੀ ਥਾਂ ਮਸੀਹ ਨੂੰ ਆਪਣੀਆਂ ਜ਼ਿੰਦਗੀਆਂ ਦਾ ਪ੍ਰਭੂ ਬਣਾ ਲੈਂਦੇ ਹਾਂ।**

# ਚਮਤਕਾਰੀ ਚੰਗਿਆਈ

ਮਸੀਹ ਵਿਚ ਵਿਸ਼ਵਾਸ ਕਰਨ ਵਾਲੇ ਲੋਕਾਂ ਦੀ ਇਕ ਵੱਡੀ ਜਮਾਤ ਵਿਚ ਆਮ ਮੰਨਿਆ ਜਾਂਦਾ ਹੈ ਕਿ ਅੱਜ ਵੀ ਮਸੀਹ ਦੇ ਨਾਮ ਵਿਚ ਮੋਅਜਜ਼ੇ ਹੁੰਦੇ ਹਨ। ਅਜਿਹੇ ਪ੍ਰਚਾਰਕ ਅਤੇ ਅਜਿਹੀਆਂ ਗੱਲਾਂ ਨੂੰ ਮੰਨਣ ਵਾਲੇ ਲੋਕ ਆਮ ਤੌਰ ਬੇਹੱਦ ਜਜ਼ਬਾਤੀ ਹੁੰਦੇ ਹਨ। ਉਹ ਮਸੀਹ ਵੱਲੋਂ ਕੀਤੇ ਮੋਅਜਜ਼ੇ ਗਿਣਾਉਂਦੇ ਹਨ, ਅਤੇ ਬਾਈਬਲ ਦੇ ਹਵਾਲੇ ਵਿਖਾਉਂਦੇ ਹਨ ਜਿੱਥੇ ਮੋਅਜਜ਼ਿਆਂ ਦੀ ਗੱਲ ਮਿਲਦੀ ਹੋਵੇ। ਉਹ ਇਬਰਾਨੀਆਂ 13:8 ਵਰਗੀਆਂ ਆਇਤਾਂ ਦਾ ਹਵਾਲਾ ਵੀ ਦਿੰਦੇ ਹਨ, ਜੋ ਦੱਸਦੀਆਂ ਹਨ ਕਿ **''ਯਿਸੂ ਮਸੀਹ ਅੱਜ ਕੱਲ੍ਹ ਅਤੇ ਭਲਕੇ ਇੱਕੋ ਜਿਹਾ ਹੈ।''** ਇਹ ਸੱਚ ਹੈ, ਪਰ ਇਸ ਦਾ ਆਪਣੇ ਆਪ ਵਿਚ ਇਹ ਅਰਥ ਨਹੀਂ ਕਿ ਉਹ ਅੱਜ ਵੀ ਚਮਤਕਾਰ ਕਰਦਾ ਹੈ। ਪਹਿਲਾ ਮਰਦ ਅਤੇ ਪਹਿਲੀ ਔਰਤ ਚਮਤਕਾਰ ਨਾਲ ਹੀ ਬਣਾਏ ਗਏ ਸਨ ਅਤੇ ਉਤਪਤ 1:26, 27 ਅਨੁਸਾਰ ਸੰਸਾਰ ਦੀ ਰਚਨਾ ਵਿਚ ਵੀ ਮਸੀਹ ਨੇ ਹਿੱਸਾ ਪਾਇਆ ਸੀ। ਪਰ ਅੱਜ ਉਹ ਇਸ ਤਰ੍ਹਾਂ ਨਹੀਂ ਕਰ ਰਿਹਾ। ਸੋ ਇਹ ਕਾਫ਼ੀ ਨਹੀਂ ਹੈ ਕਿ ਕਿਸੇ ਆਇਤ ਨੂੰ ਲੈ ਕੇ ਅਸੀਂ ਉਸ ਨੂੰ ਆਪਣੇ ਅਰਥ ਮੁਤਾਬਕ ਇਹ ਦੱਸਣ ਲਈ ਵਰਤੀਏ ਕਿ ਇਹ ਉਹੀ ਦੱਸਦੀ ਹੈ ਜਿਸ ਦੀ ਅਸੀਂ ਸਿੱਖਿਆ ਦਿੰਦੇ ਹਾਂ। ਸਗੋਂ ਸਾਨੂੰ ਚਮਤਕਾਰਾਂ ਉੱਤੇ ਝਾਤ ਮਾਰਨੀ ਚਾਹੀਦੀ ਹੈ ਅਤੇ ਵੇਖਣਾ ਚਾਹੀਦਾ ਹੈ ਕਿ ਉਹ ਕਿਹਨੇ ਕੀਤੇ, ਉਨ੍ਹਾਂ ਦਾ ਮਕਸਦ ਕੀ ਸੀ, ਅਤੇ ਕੀ ਪ੍ਰਭੂ ਦੀ ਇੱਛਾ ਹੈ ਕਿ ਉਹ ਅੱਜ ਵੀ ਕੀਤੇ ਜਾਣ।

ਨਾਲੇ, ਉਹ ਜਿਹੜੇ ਇਹ ਸਿੱਖਿਆ ਦਿੰਦੇ ਹਨ ਕਿ ਚਮਤਕਾਰ ਸਾਡੇ ਯੁੱਗ

ਦੇ ਲੋਕਾਂ ਲਈ ਹਨ ਉਹ ਬਿਮਾਰਾਂ ਲਈ, ਲੂਲ੍ਹਿਆਂ ਲਈ, ਮਰਨ ਵਾਲਿਆਂ ਅਤੇ ਹੋਰਨਾਂ ਲਈ ਜਿਨ੍ਹਾਂ ਨੂੰ ਆਸ ਹੁੰਦੀ ਹੈ ਕਿ ਕਿਸੇ ਚਮਤਕਾਰ ਨਾਲ ਉਹ ਠੀਕ ਹੋ ਜਾਣ ਜਾਂ ਜਿੰਦਾ ਰਹਿਣ, ਜਜ਼ਬਾਤੀ ਖਿੱਚ ਦਾ ਕਾਰਣ ਬਣਦੇ ਹਨ। ਬਹੁਤ ਸਾਰੇ ਪ੍ਰਚਾਰਕ ਮਸ਼ਹੂਰ ਅਤੇ ਅਮੀਰ ਹੋਣ ਲਈ ਇਸੇ ਹੀ ਸਾਧਨ ਦੀ ਵਰਤੋਂ ਕਰਦੇ ਹਨ। ਉਨ੍ਹਾਂ ਦਾ ਪ੍ਰਚਾਰ ਕੁੱਲ ਮਿਲਾ ਕੇ ਚਮਤਕਾਰਾਂ ਉੱਤੇ ਹੀ ਹੁੰਦਾ ਹੈ ਜਿਹੜੇ ਯਿਸੂ ਨੇ ਕੀਤੇ। ਅਤੇ ਇਹ ਕਿ ਅੱਜ ਬਿਮਾਰ ਅਤੇ ਲਾਚਾਰ ਵੀ ਆਪਣੇ ਜੀਵਨ ਵਿਚ ਚਮਤਕਾਰ ਵੇਖ ਸਕਦੇ ਹਨ ਜੇ ਉਹ ਸਿਰਫ਼ ਯਿਸੂ ਮਸੀਹ ਵਿਚ ਵਿਸ਼ਵਾਸ ਕਰਨ। ਪਰ, ਹਸਪਤਾਲ ਅਜੇ ਵੀ ਬਿਮਾਰਾਂ ਨਾਲ ਭਰੀ ਜਾ ਰਹੇ ਹਨ, ਆਪ੍ਰੇਸ਼ਨ ਅਜੇ ਵੀ ਹੋਈ ਜਾ ਰਹੇ ਹਨ, ਆਦਮੀ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਦਵਾਈਆਂ ਰੋਜ਼ ਵਿਕ ਰਹੀਆਂ ਹਨ, ਅਤੇ ਲੋਕ ਰੋਜ਼ ਮਰੀ ਜਾ ਰਹੇ ਹਨ। ਜੇ ਉਹ ਚਮਤਕਾਰ ਅੱਜ ਵੀ ਹੁੰਦੇ ਹੋਣ ਜਿਹੜੇ ਯਿਸੂ ਦੇ ਦਿਨਾਂ ਵਿਚ ਹੁੰਦੇ ਸਨ ਫਿਰ ਤਾਂ ਸਭ ਕੁਝ ਬਦਲ ਜਾਣਾ ਚਾਹੀਦਾ ਹੈ।

ਪਰ ਇਹ ਕਿਹਾ ਜਾ ਸਕਦਾ ਹੈ ਕਿ ਯਿਸੂ ਦੇ ਸਮੇਂ ਵੀ ਉਸ ਵੱਲੋਂ ਕੀਤੇ ਚਮਤਕਾਰਾਂ ਦੇ ਬਾਵਜੂਦ ਸਾਰੇ ਬਿਮਾਰ, ਰੋਗੀ, ਮਾਂਦੇ ਠੀਕ ਨਹੀਂ ਹੋਏ ਸਨ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਾਰੇ ਬਿਮਾਰਾਂ ਅਤੇ ਰੋਗੀਆਂ ਨੂੰ ਚੰਗਾ ਕਰਨ ਨਹੀਂ ਸੀ ਆਇਆ। ਉਹ ਸਾਰੇ ਲੂਲ੍ਹਿਆਂ ਨੂੰ ਚੰਗਾ ਕਰਨ, ਸਾਰੇ ਬੋਲ਼ਿਆਂ ਨੂੰ ਠੀਕ ਕਰਨ ਅਤੇ ਸਾਰੇ ਮੁਰਦਿਆਂ ਨੂੰ ਜ਼ਿੰਦਾ ਕਰਨ ਨਹੀਂ ਆਇਆ ਸੀ। ਜੇ ਉਹ ਇਸ ਮਕਸਦ ਨਾਲ ਆਇਆ ਹੁੰਦਾ ਤਾਂ ਉਸ ਨੇ ਸਭ ਨੂੰ ਠੀਕ ਕਰਨਾ ਸੀ। ਪਰ ਉਹ ਤਾਂ ਆਇਆ ਹੀ ਗੁਆਚਿਆਂ ਹੋਇਆਂ ਨੂੰ ਲੱਭਣ ਅਤੇ ਬਚਾਉਣ ਲਈ ਸੀ (ਲੂਕਾ 19:10)!

ਜੇ ਤੁਸੀਂ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਨੂੰ ਪੜ੍ਹੋ ਤਾਂ ਤੁਸੀਂ ਵੇਖੋਗੇ ਕਿ ਬਾਰ ਬਾਰ ਲੋਕਾਂ ਵੱਲੋਂ ਉਨ੍ਹਾਂ ਮੋਅਜਜ਼ਿਆਂ ਨੂੰ ਵੇਖਣ ਤੇ ਜਿਹੜੇ ਉਹਨੇ ਕੀਤੇ ਸਨ, ਯਕੀਨ ਕਰਨ ਤੇ ਜ਼ੋਰ ਦਿੱਤਾ ਗਿਆ। ਉਦਾਹਰਣ ਲਈ, ਅਸੀਂ ਪੜ੍ਹਦੇ ਹਾਂ, **''ਜਾਂ ਉਹ ਪਸਾਹ ਦੇ ਤਿਉਹਾਰ ਦੇ ਵੇਲ਼ੇ ਯਰੂਸ਼ਲਮ ਵਿਚ ਸੀ ਤਾਂ ਬਹੁਤ ਲੋਕਾਂ ਨੇ ਉਨ੍ਹਾਂ ਨਿਸ਼ਾਨਾਂ ਨੂੰ ਜਿਹੜੇ ਉਸ ਨੇ ਵਿਖਾਏ ਸਨ ਵੇਖ ਕੇ ਉਹਦੇ ਨਾਮ ਉੱਤੇ ਨਿਹਚਾ ਕੀਤੀ''** (ਯੂਹੰਨਾ 2:23)। ਬਾਅਦ ਵਿਚ ਯੂਹੰਨਾ ਨੇ ਲਿਖਿਆ, **''ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਏਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ''** (ਯੂਹੰਨਾ 20:30, 31)।

ਸੋ, ਯਿਸੂ ਨੇ ਵਿਸ਼ਵਾਸੀ ਬਣਾਉਣ ਲਈ ਚਮਤਕਾਰ ਕੀਤੇ। ਜਿਨ੍ਹਾਂ ਨੂੰ

ਚੰਗਿਆਈ ਆਦਿ ਮਿਲੀ, ਉਨ੍ਹਾਂ ਨੂੰ ਜਿਸਮਾਨੀ ਲਾਭ ਮਿਲਿਆ, ਇਹ ਸੱਚ ਹੈ, ਪਰ ਉਨ੍ਹਾਂ ਨੂੰ ਚੰਗਿਆਈ ਦੇਣ ਦਾ ਅਸਲ ਮਕਸਦ ਇਹ ਨਹੀਂ ਸੀ। ਨਾਲੇ, ਸਹੀ ਮਕਸਦ ਇਨ੍ਹਾਂ ਚਮਤਕਾਰਾਂ ਦੀ ਗਵਾਹੀ ਨਾਲ ਲੋਕਾਂ ਨੂੰ ਵਿਸ਼ਵਾਸੀ ਬਣਾਉਣਾ ਸੀ। ਅੱਜ ਦੇ ਸ਼ਿਫ਼ਾ ਦੇਣ ਵਾਲੇ ਇਹ ਪ੍ਰਭਾਅ ਦਿੰਦੇ ਹਨ ਕਿ ਪ੍ਰਭੂ ਦਾ ਲੋਕਾਂ ਨੂੰ ਚੰਗੇ ਕਰਨਾ ਸਿਰਫ਼ ਉਨ੍ਹਾਂ ਦੀ ਤੰਦਰੁਸਤੀ ਲਈ ਸੀ। ਜਿਨ੍ਹਾਂ ਗੱਲਾਂ ਦੀ ਉਹ ਵਕਾਲਤ ਕਰਦੇ ਹਨ ਉਸ ਅਨੁਸਾਰ ਤਾਂ ਕੋਈ ਬਿਮਾਰ ਹੋਣਾ ਹੀ ਨਹੀਂ ਚਾਹੀਦਾ ਅਤੇ ਨਾ ਹੀ ਕੋਈ ਮਰਨਾ ਹੀ ਚਾਹੀਦਾ ਹੈ, ਅਤੇ ਜੇ ਮਰ ਵੀ ਜਾਵੇ ਤਾਂ ਉਨ੍ਹਾਂ ਨੂੰ ਦੁਬਾਰਾ ਜ਼ਿੰਦਾ ਕੀਤਾ ਜਾ ਸਕਦਾ ਹੈ। ਪਰ ਹੈਰਾਨੀ ਦੀ ਗੱਲ ਹੈ, ਉਨ੍ਹਾਂ ਦੇ ਸਾਰੇ ਦਾਅਵਿਆਂ ਦੇ ਬਾਵਜੂਦ, ਸਭ ਕੁਝ ਉਸੇ ਤਰ੍ਹਾਂ ਹੀ ਰਹਿੰਦਾ ਹੈ।

ਮੈਂ ਤੁਹਾਨੂੰ ਇਨ੍ਹਾਂ ਅਖੌਤੀ ਸ਼ਿਫ਼ਾ ਦੇਣ ਵਾਲਿਆਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਹ ਕਿੰਨੇ ਵਧੀਆ ਮੌਕੇ ਹੱਥੋਂ ਗੁਆਉਂਦੇ ਹਨ। ਉਦਾਹਰਣ ਲਈ, ਜਦ ਭਾਰਤ ਦੀ ਪ੍ਰਧਾਨਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ ਤਾਂ ਭਲਾ ਇਹ ਚੰਗਾ ਨਹੀਂ ਹੋਣਾ ਸੀ ਕਿ ਇਨ੍ਹਾਂ ਵਿੱਚੋਂ ਕੋਈ ਜਣਾ ਦਿੱਲੀ ਜਾ ਕੇ ਉਸ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦਿੰਦਾ? ਕਈ ਸਾਲ ਪਹਿਲਾਂ ਜਦ ਅਮਰੀਕਾ ਦੇ ਰਾਸ਼ਟਰਪਤੀ ਜੌਨ ਐੱਫ਼. ਕੈਨੇਡੀ ਨੂੰ ਮਾਰ ਦਿੱਤਾ ਗਿਆ ਤਾਂ ਕੋਰਲ ਰੌਬਰਟਸ ਵਰਗਿਆਂ ਵਿੱਚੋਂ ਕੋਈ ਨਹੀਂ ਗਿਆ ਕਿ ਜਾ ਕੇ ਉਹਦੀ ਲਾਸ਼ ਉੱਤੇ ਦੁਆ ਕਰੇ ਅਤੇ ਉਹਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦੇਵੇ?

ਬੇਸ਼ੱਕ ਸ਼ਿਫ਼ਾ ਦੇਣ ਵਾਲਿਆਂ ਲਈ ਹੋਰ ਵੀ ਬਹੁਤ ਚੰਗੇ ਮੌਕੇ ਆਉਂਦੇ ਹਨ। ਅਸੀਂ ਇਨ੍ਹਾਂ ਵਿਸ਼ਵ ਪ੍ਰਸਿੱਧ ਹਸਤੀਆਂ ਦੀ ਗੱਲ ਕਿਉਂ ਕਰ ਰਹੇ ਹਾਂ? ਕਿਉਂਕਿ ਜੇ ਇਨ੍ਹਾਂ ਨੂੰ ਜ਼ਿੰਦਾ ਕੀਤਾ ਜਾਂਦਾ ਤਾਂ ਅੰਦਾਜ਼ਾ ਲਾਓ ਕਿ ਕਿੰਨੀ ਪ੍ਰਸਿੱਧੀ ਮਿਲ ਸਕਦੀ ਸੀ। ਹਰ ਥਾਂ ਲੋਕ ਇਨ੍ਹਾਂ ਚਮਤਕਾਰਾਂ ਕਾਰਣ ਮਸੀਹ ਦੇ ਵਿਸ਼ਵਾਸੀ ਬਣ ਜਾਣੇ ਸਨ। ਪਰ ਤੁਹਾਨੂੰ ਪਤਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਸਿੱਧੀ ਗੱਲ ਹੈ ਕਿ ਉਹ ਇਸ ਤਰ੍ਹਾਂ ਕਰ ਹੀ ਨਹੀਂ ਸਕਦੇ ਸਨ, ਅਤੇ ਇਹ ਪ੍ਰਭੂ ਦੀ ਇੱਛਾ ਨਹੀਂ ਸੀ ਕਿ ਉਹ ਇਸ ਤਰ੍ਹਾਂ ਕਰਦੇ। ਬੇਸ਼ੱਕ ਉਹ ਹਰ ਤਰ੍ਹਾਂ ਦੇ ਬਹਾਨੇ ਬਣਾਉਣਗੇ। ਉਹ ਆਖਣਗੇ ਕਿ ਇਹ ਚਮਤਕਾਰ ਉਹ ਨਹੀਂ, ਬਲਕਿ ਮਸੀਹ ਕਰਦਾ ਹੈ।

ਹਾਂ, ਉਹ ਦਾਅਵਾ ਕਰਦੇ ਹਨ ਕਿ ਮਸੀਹ ਉਨ੍ਹਾਂ ਦੇ ਰਾਹੀਂ ਕੰਮ ਕਰਦਾ ਹੈ। ਉਹ ਆਖਣਗੇ ਕਿ ਖ਼ੁਦਾ ਦਾ ਇਮਤਿਹਾਨ ਨਹੀਂ ਲੈ ਸਕਦੇ। ਜੇ ਪ੍ਰਭੂ ਉਨ੍ਹਾਂ ਵਿਚ ਕੰਮ ਕਰਦਾ ਹੈ ਤਾਂ ਪੂਰੀ ਦੁਨੀਆਂ ਨੂੰ ਵਿਸ਼ਵਾਸੀ ਬਣਾਉਣ ਲਈ ਇਹ ਤਾਂ ਬਹੁਤ ਵਧੀਆ ਜ਼ਰੀਆ ਸੀ, ਫਿਰ ਇਹ ਪ੍ਰਭੂ ਨੂੰ ਪਰਤਾਉਣਾ ਕਿਵੇਂ ਹੋਇਆ? ਨਾਲੇ, ਉਹ ਇਹ ਕੰਮ ਨਹੀਂ ਕਰ ਸਕਦੇ, ਅਤੇ ਉਹ ਜਾਣਦੇ ਹਨ ਕਿ ਉਹ ਨਹੀਂ ਕਰ ਸਕਦੇ।

ਉਹ ਤਾਂ, ਪਿੱਠ ਦਰਦ, ਦਿਲ ਦੀ ਦਰਦ, ਸਿਰ ਦਰਦ, ਢਿੱਡ ਪੀੜ, ਬੁਖ਼ਾਰ, ਅਤੇ ਹੋਰ ਅਜਿਹੀਆਂ ਤਕਲੀਫ਼ਾਂ ਨੂੰ ਠੀਕ ਕਰਨ ਦਾ ਦਾਅਵਾ ਕਰਦੇ ਹਨ, ਪਰ ਡਾਕਟਰ ਤੁਹਾਨੂੰ ਦੱਸਣਗੇ ਕਿ ਬਹੁਤੀਆਂ ਬਿਮਾਰੀਆਂ ਆਦਮੀ ਦੇ ਆਪਣੇ ਮਨ ਦੇ ਅੰਦਰ ਹੀ ਹੁੰਦੀਆਂ ਹਨ, ਅਤੇ ਇਨ੍ਹਾਂ ਛੋਟੀਆਂ–ਛੋਟੀਆਂ ਤਕਲੀਫ਼ਾਂ ਵਿਚ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਚੰਗੇ ਹੋ ਸਕਦੇ ਹਨ ਜੇ ਕੋਈ ਉਨ੍ਹਾਂ ਨੂੰ ਯਕੀਨ ਦੁਆ ਦਵੇ ਕਿ ਉਹ ਉਨ੍ਹਾਂ ਨੂੰ ਚੰਗਾ ਕਰ ਸਕਦਾ ਹੈ। ਪਰ ਅਸੀਂ ਉਡੀਕ ਕਰਦੇ ਹਾਂ ਜਦ ਇਹ ਲੋਕ ਕਿਸੇ ਨੂੰ ਲੱਤਾਂ, ਬਾਹਾਂ, ਨਜ਼ਰ ਅਤੇ ਕੋਈ ਹੋਰ ਅਜਿਹੀ ਚੀਜ਼ ਦੇਣ, ਤਦ ਬਹੁਤ ਲੋਕਾਂ ਦਾ ਧਿਆਨ ਉਨ੍ਹਾਂ ਦੀ ਗੱਲ ਵੱਲ ਜਾਵੇਗਾ।

ਪਰ ਚਮਤਕਾਰ ਹੈ ਕੀ? **ਕਿਸੇ ਨੇ ਇਸ ਦੀ ਵਿਆਖਿਆ ਕੀਤੀ ਹੈ ਕਿ ਜੋ ਕੁਝ ਕੁਦਰਤ ਦੇ ਨਿਯਮ ਦੇ ਉਲਟ ਹੈ ਉਹ ਚਮਤਕਾਰ ਹੈ। ਜਿਵੇਂ ਜਿੱਥੇ ਕੁਝ ਵੀ ਨਾ ਹੋਵੇ ਉੱਥੋਂ ਕੁਝ ਬਣਾਉਣਾ, ਜਾਂ ਕਿਸੇ ਲੰਗੜੇ ਨੂੰ ਲੱਤ ਦੇਣਾ, ਜਾਂ ਜਿਹਦੀ ਬਾਂਹ ਨਾ ਹੋਵੇ ਉਹ ਨੂੰ ਬਾਂਹ ਦੇਣਾ, ਮੁਰਦੇ ਨੂੰ ਜ਼ਿੰਦਾ ਕਰਨਾ, ਅਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਗੱਲਾਂ।** ਚਮਤਕਾਰ ਉਹ ਨਹੀਂ ਹੈ ਜਿਸ ਦਾ ਸਾਨੂੰ ਪਤਾ ਹੀ ਨਾ ਲੱਗੇ। ਅਸੀਂ ਬਹੁਤ ਸਾਰੀਆਂ ਗੱਲਾਂ ਨੂੰ ਨਹੀਂ ਸਮਝਦੇ ਕਿ ਉਹ ਕਿਵੇਂ ਹੁੰਦੀਆਂ ਹਨ, ਪਰ ਉਹ ਕੁਦਰਤ ਦੇ ਨਿਯਮ ਦੇ ਮੁਤਾਬਕ ਹੀ ਹੁੰਦੀਆਂ ਹਨ ਜਾਂ ਆਦਮੀ ਦੁਆਰਾ ਈਜਾਦ ਕੀਤੇ ਕਿਸੇ ਨਿਯਮ ਦੇ ਅਨੁਸਾਰ।

ਨਵੇਂ ਨੇਮ ਵਿਚ ਮਸੀਹ, ਰਸੂਲ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਸਨ, ਸਿਰਫ਼ ਇਹੀ ਲੋਕ ਚਮਤਕਾਰ ਕਰ ਸਕਦੇ ਸਨ। ਉਨ੍ਹਾਂ ਨੇ ਚਮਤਕਾਰ ਕੀਤੇ, ਵਿਸ਼ਵਾਸੀ ਬਣਾਉਣ ਲਈ, ਜਿਵੇਂ ਅਸੀਂ ਪਹਿਲਾਂ ਧਿਆਨ ਦਿੱਤਾ ਹੈ। ਇਹ ਸਭ ਨਵੇਂ ਨੇਮ ਦੇ ਲਿਖੇ ਜਾਣ ਤੋਂ ਪਹਿਲਾਂ ਦੀ ਗੱਲ ਹੈ। ਜਦ ਨਵਾਂ ਨੇਮ ਲਿਖਿਆ ਜਾ ਚੁੱਕਿਆ ਅਤੇ ਮਨੁੱਖ ਨੂੰ ਦਿੱਤਾ ਗਿਆ, ਤਾਂ ਚਮਤਕਾਰਾਂ ਦਾ ਯੁੱਗ ਖ਼ਤਮ ਹੋ ਗਿਆ। ਵਿਸ਼ਵਾਸ ਕਰਨ ਲਈ ਸਾਨੂੰ ਚਮਤਕਾਰਾਂ ਦੀ ਲੋੜ ਨਹੀਂ ਹੈ। ਪੌਲੁਸ ਨੇ ਦੱਸਿਆ ਕਿ **''ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ''** (**ਰੋਮੀਆਂ 10: 17**)। ਜੇ ਤੁਸੀਂ ਪਰਮੇਸ਼ੁਰ ਦੇ ਕਹੇ ਵਚਨ ਉੱਤੇ ਯਕੀਨ ਨਹੀਂ ਕਰਦੇ ਤਾਂ ਤੁਸੀਂ ਚਮਤਕਾਰ ਵੇਖ ਕੇ ਵੀ ਯਕੀਨ ਨਹੀਂ ਕਰੋਗੇ।

ਇਹ ਨਹੀਂ ਕਿ ਪ੍ਰਭੂ ਹੁਣ ਚਮਤਕਾਰ ਨਹੀਂ ਕਰ ਸਕਦਾ ਜਾਂ ਉਹਦੇ ਦਾਸ ਨਹੀਂ ਕਰ ਸਕਦੇ ਹਨ; ਇਹ ਵੀ ਨਹੀਂ ਕਿ ਉਸ ਵਿਚ ਸ਼ਕਤੀ ਨਹੀਂ ਰਹੀ ਅਤੇ ਉਸ ਦੇ ਲੋਕਾਂ ਵਿਚ ਸ਼ਕਤੀ ਨਹੀਂ ਹੈ। ਸਚਿਆਈ ਇਹ ਹੈ ਕਿ ਪ੍ਰਭੂ ਕੋਲ ਅਤੇ ਉਸ ਦੇ ਲੋਕਾਂ ਕੋਲ ਅੱਜ ਵੀ ਉਹੀ ਸ਼ਕਤੀ ਹੈ। ਪ੍ਰਭੂ ਨੇ ਹੋਰ ਤਰੀਕਾ ਅਪਣਾਇਆ ਹੈ, ਸਗੋਂ ਇਹ ਕੰਮ ਕਰਨ ਦਾ **ਉੱਤਮ ਤਰੀਕਾ** ਹੈ, ਚਮਤਕਾਰ, ਨਿਸ਼ਾਨ ਅਤੇ ਅਚੰਭੇ ਕੰਮ ਆਰਜ਼ੀ ਸਮੇਂ ਲਈ ਭਾਵ ਥੋੜ੍ਹੀ ਦੇਰ ਲਈ ਸਨ।

ਤੁਸੀਂ ਆਖ ਸਕਦੇ ਹੋ, ਤਾਂ ਫਿਰ ਬੇਹਤਰ ਢੰਗ ਕੀ ਹੈ? ਮੈਂ ਦੱਸਦਾ ਹਾਂ: ਹਿੰਦੂਆਂ ਵਿਚ ''ਸਾਧ'' ਹੁੰਦੇ ਹਨ, ''ਜਾਂ ਮਾਂਦਰੀ'' ਹੁੰਦੇ ਹਨ ਜਿਹੜੇ ਭੂਤ ਕੱਢਣ ਦਾ ਦਾਅਵਾ ਕਰਦੇ ਹਨ ਅਤੇ ਪੈਂਟੀਕਾਸਟਲ ਪ੍ਰਚਾਰਕ ਵੀ ਹਨ ਜੋ ਚਮਤਕਾਰ ਕਰਨ ਦਾ ਦਾਅਵਾ ਕਰਦੇ ਹਨ। ਭਲਾ ਇਹ ਸਾਰੇ ਦਾਅਵੇ ਸੱਚੇ ਹਨ? ਜੇ ਤੁਹਾਨੂੰ ਉਨ੍ਹਾਂ ਤੇ ਯਕੀਨ ਨਹੀਂ ਹੈ ਤਾਂ ਤੁਸੀਂ ਉਨ੍ਹਾਂ ਨੂੰ ਕਿਵੇਂ ਸਾਬਤ ਕਰ ਸਕਦੇ ਜਾਂ ਝੁਠਲਾ ਸਕਦੇ ਹੋ? ਭਲਾ ਤੁਸੀਂ ਇਹ ਜਾਣਨ ਲਈ ਕਿ ਪਰਦੇ ਦੇ ਪਿੱਛੇ ਕੀ ਹੁੰਦਾ ਹੈ ਕੱਲੇ ਕੱਲੇ ਦੇ ਮਗਰ ਘੁੰਮੋਗੇ? ਨਹੀਂ, ਸਚਿਆਈ ਦਾ ਪਤਾ ਲਾਉਣ ਅਤੇ ਝੂਠ ਦਾ ਪਰਦਾ ਖੋਲ੍ਹਣ ਲਈ ਅਸੀਂ ਇਹ ਸਭ ਨਹੀਂ ਕਰ ਸਕਦੇ। ਕਿਸੇ ਗੁਰੂ ਦੀ ਸਿੱਖਆਂ ਨੂੰ ਮੰਨਣ ਜਾਂ ਨਾ ਮੰਨਣ ਲਈ ਅਸੀਂ ਕੀ ਕਰ ਸਕਦੇ ਹਾਂ? **ਉਹਦਾ ਪ੍ਰਚਾਰ ਸੁਣਕੇ ਅਤੇ ਉਹਨੂੰ ਖ਼ੁਦਾ ਦੇ ਵਚਨ ਨਾਲ ਮਿਲਾ ਕੇ।** ਜਦ ਇਨ੍ਹਾਂ ਲੋਕਾ ਦੀ ਹਰ ਸਿੱਖਿਆ ਖ਼ੁਦਾ ਦੇ ਵਚਨ ਦੇ ਉਲਟ ਹੋਵੇ, ਤਾਂ ਅਸੀਂ ਜਾਣ ਸਕਦੇ ਹਾਂ ਕਿ ਉਹ ਸਾਡੇ ਪ੍ਰਭੂ ਦੀ ਸ਼ਕਤੀ ਨਾਲ ਓਹ ਚਮਤਕਾਰ ਨਹੀਂ ਕਰ ਰਹੇ ਹਨ! **ਸਚਿਆਈ ਉੱਤੇ ਯਕੀਨ ਕਰਨ ਦਾ ਖ਼ੁਦਾ ਦਾ ''ਬੇਹਤਰ ਤਰੀਕਾ'' ਦੁਨੀਆਂ ਨੂੰ ਇਲਹਾਮ ਨਾਲ ਦਿੱਤਾ ਗਿਆ ਉਹਦਾ ਕਲਾਮ ਹੈ!**

ਮੋਅਜਜ਼ੇ, ਨਿਸ਼ਾਨ, ਅਤੇ ਅਚੰਭੇ ਕੰਮ ਸਿਰਫ਼ ਥੋੜ੍ਹਾਂ ਦੇਰ ਲਈ ਹੀ ਸਨ। ਅੱਜ ਸਾਨੂੰ ਉਨ੍ਹਾਂ ਤੇ ਨਿਰਭਰ ਰਹਿਣ ਦੀ ਲੋੜ ਨਹੀਂ ਹੈ ਕਿਉਂ ਜੋ ਅੱਜ ਅਸੀਂ ਖ਼ੁਦਾ ਦੇ ਵਚਨ ਨੂੰ ਪੜ੍ਹ ਸਕਦੇ ਹਾਂ, ਉਸਦਾ ਅਧਿਐਨ (ਮੁਤਾਲਿਆ) ਕਰ ਸਕਦੇ ਹਾਂ, ਉਸ ਉੱਤੇ ਯਕੀਨ ਕਰਕੇ ਉਸ ਦੀ ਗੱਲ ਮੰਨ ਸਕਦੇ ਹਾਂ। ਜਦ ਅਸੀਂ ਅਜਿਹਾ ਕਰ ਸਕਦੇ ਹਾਂ, ਤਾਂ ਪ੍ਰਭੂ ਸਾਨੂੰ ਬਚਾਉਂਦਾ ਹੈ, ਅਤੇ ਸਾਨੂੰ ਬਰਕਤ ਦਿੰਦਾ ਹੈ। ਹੋਰ ਸਾਨੂੰ ਕੀ ਚਾਹੀਦਾ ਹੈ?

## ਬੋਲੀਆਂ ਬੋਲਣਾ

ਖ਼ਾਸਕਰ ਪੈਂਟੀਕਾਸਟ ਅਤੇ ਕਰਿਸ਼ਮਾਈ ਵਿਚਾਰਧਾਰਾ ਵਾਲੀਆਂ ਮੰਡਲੀਆਂ ਵਿਚ, ਪਰ ਹੋਰ ਕਈ ਡਿਨੋਮਿਨੇਸ਼ਨਾਂ ਵਿਚ ਵੀ, ਇਹ ਮੰਨਿਆ ਜਾਂਦਾ ਹੈ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਅੱਜ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਦਾ ਹੈ ਅਤੇ ਜਿਨ੍ਹਾਂ ਨੂੰ ਇਹ ਮਿਲਿਆ ਹੁੰਦਾ ਹੈ, ਉਹ ਨਿਸ਼ਾਨ ਵਜੋਂ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ ਹੈ ਗੈਰ ਜ਼ਬਾਨਾਂ ਬੋਲਦੇ ਹਨ। ਗੈਰ ਜ਼ਬਾਨਾਂ ਬੋਲਣ ਤੋਂ ਉਨ੍ਹਾਂ ਦਾ ਭਾਵ ਉਹ ਸਮਝ ਨਾ ਆ ਸਕਣ ਵਾਲੀਆਂ ਅਵਾਜ਼ਾਂ ਹਨ ਜਿਨ੍ਹਾਂ ਨੂੰ ਸਫ਼ਾਈ ਦੇਣ ਲਈ ਸੁਰਗੀ ਬੋਲੀਆਂ ਆਖਦੇ ਹਨ ਜਿਹਨੂੰ ਸਿਰਫ਼ ਖ਼ੁਦਾ ਹੀ ਸਮਝ ਸਕਦਾ ਹੈ। ਕਈ ਵਾਰ ਜਦ ਉਹ ਮੰਨਦੇ ਹਨ ਕਿ ਕਿਸੇ ਨੂੰ ਪਵਿੱਤਰ ਆਤਮਾ ਮਿਲਿਆ ਹੈ ਪਰ ਉਹ ਅਜੇ ਇਹ ਅਵਾਜ਼ਾਂ ਨਹੀਂ ਕੱਢ ਸਕਦਾ, ਤਾਂ ਦਬਾਅ ਹੇਠ ਆ ਕੇ ਉਹ

ਉਸ ਨੂੰ ਆਪਣੇ ਨਾਲ ਮੰਨ ਲੈਂਦੇ ਹਨ। ਇਹ ਇਨ੍ਹਾਂ ਲੋਕਾਂ ਦੀ ਅਲੋਚਨਾ ਨਹੀਂ ਹੈ, ਪਰ ਉਨ੍ਹਾਂ ਦੇ ਲੋਕਾਂ ਨੇ ਹੀ ਉਨ੍ਹਾਂ ਦੀ ਇਸ ਗਲਤੀ ਨੂੰ ਸਾਡੇ ਕੋਲ ਦੱਸਿਆ ਹੈ ਅਤੇ ਇਸ ਕਾਰਣ ਉਹ ਇਸ ਮੂਵਮੈਂਟ ਨੂੰ ਛੱਡ ਗਏ।

ਪਰ ਆਓ ਹੁਣ ਬਾਈਬਲ ਵੱਲ ਚਲੀਏ ਅਤੇ ਦੇਖੀਏ ਕਿ ਬਾਈਬਲ ਇਸ ਵਿਸ਼ੇ ਉੱਤੇ ਕੀ ਕਹਿੰਦੀ ਹੈ। ਮਸੀਹ ਨੇ ਵਾਅਦਾ ਕੀਤਾ ਸੀ ਕਿ ਆਪਣੇ ਜਾਣ ਦੇ ਬਾਅਦ ਉਹ ਆਪਣੇ ਰਸੂਲਾਂ ਉੱਤੇ ਪਵਿੱਤਰ ਆਤਮਾ ਭੇਜੇਗਾ (ਯੂਹੰਨਾ 14:26) । ਜਦ ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਤਾਂ ਉਸ ਦਾ ਇਕ ਨਿਸ਼ਾਨ ਇਹ ਸੀ ਕਿ ਉਹ ''ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ **ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ**'' (ਰਸੂਲਾਂ ਦੇ ਕਰਤੱਬ 2:1–4)। ਬਾਈਬਲ ਅੱਗੇ ਦੱਸਦੀ ਹੈ ਕਿ **''ਹਰੇਕ ਦੇਸ ਵਿੱਚੋਂ ਜੋ ਅਕਾਸ਼ ਦੇ ਹੇਠ ਹੈ ਯਹੂਦੀ ਭਗਤ ਲੋਕ ਯਰੂਸ਼ਲਮ ਵਿਚ ਵੱਸਦੇ ਸਨ। ਸੋ ਜਾਂ ਇਹ ਅਵਾਜ਼ ਆਈ ਤਾਂ ਭੀੜ ਲੱਗ ਗਈ ਅਤੇ ਲੋਕ ਹੱਕੇ ਬੱਕੇ ਰਹਿ ਗਏ ਕਿਉਂ ਜੋ ਹਰੇਕ ਨੇ ਉਨ੍ਹਾਂ ਨੂੰ ਆਪੋ ਆਪਣੀ ਬੋਲੀ ਬੋਲਦੇ ਸੁਣਿਆ**'' (ਰਸੂਲਾਂ ਦੇ ਕਰਤੱਬ 2:5, 6)।

ਜਿਵੇਂ ਇਹ ਕਹਾਣੀ ਅੱਗੇ ਚਲਦੀ ਹੈ, ਉੱਥੇ ਬਹੁਤ ਸਾਰੇ ਦੇਸ਼ਾਂ ਦੇ ਲੋਕ ਇਕੱਠੇ ਹੋਏ ਹੋਏ ਸਨ ਅਤੇ ਉਹ ਹੈਰਾਨ ਹੋ ਗਏ ਅਤੇ ਉਲਝਣ ਵਿਚ ਪੈ ਗਏ ਅਤੇ ਉਨ੍ਹਾਂ ਨੇ ਨਿਚੋੜ ਕੱਢਿਆ ਕਿ ਇਹ ਵਿਚਾਰੇ, ਅਨਪੜ੍ਹ ਜਿਹੇ ਗਲੀਲੀ ਹਨ ਜੋ ਇਹ ਜ਼ੁਬਾਨਾਂ ਬੋਲ ਰਹੇ ਹਨ ਇਨ੍ਹਾਂ ਨੇ ਜ਼ਰੂਰ ਹੀ ਸ਼ਰਾਬ ਪੀਤੀ ਹੋਈ ਹੋਵੇਗੀ। ਪਰ ਪਤਰਸ ਬਿਆਨ ਕਰਦਾ ਹੈ ਕਿ ਜਿਵੇਂ ਉਹ ਸੋਚ ਰਹੇ ਸਨ, ਉਨ੍ਹਾਂ ਨੇ ਸ਼ਰਾਬ ਨਹੀਂ ਪੀਤੀ ਹੋਈ ਸੀ, ਕਿਉਂਕਿ ਅਜੇ ਤਾਂ ਸਵੇਰ ਹੀ ਚੜ੍ਹੀ ਸੀ। ਪਰ ਇਹ ਜੋ ਕੁਝ ਹੋ ਰਿਹਾ ਸੀ ਇਹ ਤਾਂ ਬਹੁਤ ਪਹਿਲਾਂ ਕੀਤੀ ਗਈ ਯੋਏਲ ਨਬੀ ਦੀ ਭਵਿੱਖਬਾਣੀ ਪੂਰੀ ਹੋ ਰਹੀ ਸੀ ਜਿਸ ਵਿਚ ਉਸ ਨੇ ਆਖਿਆ ਸੀ ਕਿ ਅੰਤ ਦੇ ਦਿਨਾਂ ਵਿਚ ਪਰਮੇਸ਼ੁਰ ਨੇ ਆਪਣੇ ਆਤਮਾ ਵਿੱਚੋਂ ਸਭ ਸਰੀਰਾਂ ਉੱਤੇ ਵਹਾਉਣਾ ਸੀ (ਰਸੂਲਾਂ ਦੇ ਕਰਤੱਬ 2:7–17)।

ਜਿਵੇਂ ਧਿਆਨ ਦੁਆਇਆ ਗਿਆ ਹੈ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਦੇ ਬਾਅਦ ਰਸੂਲ ਹੋਰ ਜ਼ਬਾਨਾਂ ਬੋਲਣ ਲੱਗ ਪਏ। ਖ਼ੁਦਾ ਨੂੰ ਪਤਾ ਸੀ ਕਿ ਉਨ੍ਹਾਂ ਨੇ ਆਉਣ ਵਾਲੇ ਦਹਾਕਿਆਂ ਵਿਚ ਦੁਨੀਆਂ ਦੇ ਵੱਖੋ–ਵੱਖ ਭਾਗਾਂ ਵਿਚ ਜਾ ਕੇ ਵੱਖੋ–ਵੱਖ ਜ਼ਬਾਨ ਦੇ ਲੋਕਾਂ ਕੋਲ ਪ੍ਰਚਾਰ ਕਰਨਾ ਸੀ। ਸੋ ਉਹ ਰਸੂਲਾਂ ਨੂੰ ਭਾਂਵੇਂ ਉਹ ਕਿਸੇ ਵੀ ਇਲਾਕੇ ਦੇ ਸਨ ਬਿਨਾਂ ਸਿੱਖੇ ਜਾਂ ਅਨੁਵਾਦਕਾਂ ਉੱਤੇ ਨਿਰਭਰ ਰਹਿਣ ਦੇ ਉੱਥੋਂ ਦੀ ਜ਼ਬਾਨ ਬੋਲਣ ਦੀ ਕਾਬਲੀਅਤ ਦਿੱਤੀ। ਇਸ ਨਾਲ ਲੋਕਾਂ ਨੂੰ ਯਕੀਨ ਵੀ ਹੋ ਜਾਣਾ ਸੀ ਕਿ ਇਨ੍ਹਾਂ ਨੂੰ ਖ਼ੁਦਾ ਵੱਲੋਂ ਉਸ ਦੀ ਇੱਛਾ ਦਾ ਪ੍ਰਚਾਰ ਕਰਨ ਲਈ ਘੱਲਿਆ ਗਿਆ ਸੀ ਅਤੇ ਰਸੂਲਾਂ/ਚੇਲਿਆਂ ਨੂੰ ਖੁਦ ਵੀ ਪ੍ਰਭੂ ਦੀ

ਸਿੱਖਿਆ ਦਾ ਪ੍ਰਸਾਰ ਕਰਨ ਦੇ ਯੋਗ ਹੋ ਜਾਣਾ ਸੀ।

ਪਰ ਉਹ ''ਪਰਾਈ'' ਭਾਖਿਆ ਕੀ ਸੀ? ਇਹ ਇਕ ਆਮ ਬੋਲੀ ਸੀ। ਸਤਾਅ ਦੇ ਕਾਰਣ ਮਸੀਹੀ ਲੋਕ ਭਾਰੀ ਗਿਣਤੀ ਵਿਚ ਇੱਧਰੋਂ ਉੱਧਰ ਅਤੇ ਉੱਧਰੋਂ ਇੱਧਰ ਹੁੰਦੇ ਰਹਿੰਦੇ ਸਨ। ਕਿਸੇ ਨੇ ਨੂੰ ਭਾਵੇਂ ਕੋਈ ਭਾਸ਼ਾ ਜਿਹੜੀ ਉਸ ਨੇ ਵੇਖੀ ਨਾ ਹੋਵੇ ਬੋਲਣ ਦਾ ਚਮਤਕਾਰੀ ਦਾਨ ਮਿਲਿਆ ਹੁੰਦਾ ਸੀ, ਪਰ ਜੇ ਉਹ ਕਿਸੇ ਅਜਿਹੀ ਮੰਡਲੀ ਨਾਲ ਸੰਗਤੀ ਕਰਦਾ ਜਿੱਥੇ ਕਿਸੇ ਨੂੰ ਉਹ ਭਾਸ਼ਾ ਨਹੀਂ ਆਉਂਦੀ ਸੀ ਤਾਂ ਉਸ ਨੂੰ ਉਹ ਭਾਸ਼ਾ ਬੋਲ ਕੇ ਜਿਹੜੀ ਦੂਜਿਆਂ ਲਈ ਓਭੜ ਲੱਗਣੀ ਸੀ, ਜਿਸ ਦਾ ਸੁਣਨ ਵਾਲਿਆਂ ਨੂੰ ਕੋਈ ਲਾਭ ਨਹੀਂ ਹੋਣਾ ਸੀ, ਆਪਣੇ ਦਾਨ ਦਾ ''ਵਿਖਾਵਾ'' ਕਰਨ ਦੀ ਮਨਾਹੀ ਕੀਤੀ ਗਈ। ਜੇ ਉੱਥੇ ਕੋਈ ਅਨੁਵਾਦਕ ਹੁੰਦਾ ਜਿਹੜਾ ਉਹ ਭਾਸ਼ਾ ਬੋਲ ਸਕਦਾ ਅਤੇ ਉਸ ਦਾ ਅਨੁਵਾਦ ਕਰ ਸਕਦਾ ਤਦ ਉਸ ਵਿਅਕਤੀ ਨੂੰ ਬੋਲਣ ਦੀ ਇਜਾਜ਼ਤ ਸੀ। ਨਹੀਂ ਤਾਂ ਉਸ ਨੂੰ ਖਾਮੋਸ਼ ਰਹਿਣ ਲਈ ਆਖਿਆ ਗਿਆ ਸੀ।

ਪੌਲੁਸ ਨੇ ਆਖਿਆ, **''ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ ਜੋ ਮੈਂ ਤੁਸਾਂ ਸਭਨਾਂ ਨਾਲੋਂ ਵਧੀਕ ਪਰਾਈਆਂ ਭਾਖਿਆ ਬੋਲਦਾ ਹਾਂ। ਤਾਂ ਵੀ ਕਲੀਸੀਆ ਵਿਚ ਪੰਜ ਗੱਲਾਂ ਆਪਣੀ ਸਮਝ ਨਾਲ ਬੋਲਣੀਆਂ ਭਈ ਹੋਰਨਾਂ ਨੂੰ ਵੀ ਸਿਖਾਲਾਂ ਇਹ ਮੈਨੂੰ ਇਸ ਨਾਲੋਂ ਬਹੁਤ ਪਸੰਦ ਆਉਂਦਾ ਹੈ ਜੋ ਦਸ ਹਜ਼ਾਰ ਗੱਲਾਂ ਪਰਾਈ ਭਾਖਿਆ ਵਿਚ ਬੋਲਾਂ''** (1 ਕੁਰਿੰਥੀਆਂ 14:18, 19)। ਪੌਲੁਸ ਇੱਥੇ ਕਹਿ ਰਿਹਾ ਹੈ ਕਿ ਉਸ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਬੋਲਣ ਦੀ ਸ਼ਕਤੀ ਮਿਲੀ ਸੀ ਹੋਈ ਪਰ ਉਹ ਦਸ ਹਜ਼ਾਰ ਸ਼ਬਦਾਂ ਨਾਲੋਂ ਜਿਹੜੇ ਸਮਝ ਨਾ ਆ ਸਕਣ, ਪੰਜ ਸ਼ਬਦ ਬੋਲਣ ਨੂੰ ਵਧੇਰੇ ਪਸੰਦ ਹੈ, ਜੋ ਸਮਝੇ ਜਾ ਸਕਣ।

ਪਰ ਜਿਨ੍ਹਾਂ ਨੂੰ ਪਵਿੱਤਰ ਆਤਮਾ ਦਾ ਸਧਾਰਣ ਮਾਪ ਅਰਥਾਤ ਆਤਮਾ ਦਾ ਗੈਰ ਚਮਤਕਾਰੀ ਮਾਪ ਦਿੱਤਾ ਗਿਆ ਜਿਵੇਂ ਰਸੂਲਾਂ ਦੇ ਕਰਤੱਬ 2:38 ਵਿਚ ਕਿਹਾ ਗਿਆ ਹੈ, ਉਨ੍ਹਾਂ ਦਾ ਕੀ ਹੋਵੇਗਾ? ਕੀ ਉਹ ਹੋਰ ਜ਼ਬਾਨਾਂ ਬੋਲ ਸਕਦੇ ਸਨ? ਨਹੀਂ, ਉਹ ਨਹੀਂ ਬੋਲ ਸਕਦੇ ਸਨ, ਅਤੇ ਨਾ ਹੀ ਨਵੇਂ ਨੇਮ ਵਿਚ ਕੋਈ ਉਦਾਹਰਣ ਹੈ ਜਿਸ ਤੋਂ ਪਤਾ ਲੱਗੇ ਕਿ ਉਹ ਬੋਲ ਸਕਦੇ ਸਨ। ਨਾਲੇ, ਹੁਣ ਕਿਉਂਕਿ ਅੱਜ ਰਸੂਲ ਨਹੀਂ ਹਨ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਉਹ ਵੀ ਮਰ ਗਏ, ਫਿਰ ਤਾਂ ਅੱਜ ਕੋਈ ਵੀ ਨਹੀਂ ਹੈ ਜੋ ਚਮਤਕਾਰੀ ਢੰਗ ਨਾਲ ਗੈਰ ਜ਼ਬਾਨ ਬੋਲ ਸਕੇ ਜਿਵੇਂ ਜਿਵੇਂ ਰਸੂਲਾਂ ਦੇ ਦਿਨਾਂ ਵਿਚ ਬੋਲੀਆਂ ਜਾਂਦੀਆਂ ਸਨ। ਅੱਜ ਕੁਝ ਲੋਕ ਹਨ ਜਿਹੜੇ ਦਾਅਵਾ ਕਰਦੇ ਹਨ ਕਿ ਉਹ ਇਸ ਤਰ੍ਹਾਂ ਕਰ ਸਕਦੇ ਹਨ, ਪਰ ਉਹ ਸਿਰਫ਼ ਕੁਝ ਬੁੜਬੜਾਉਂਦੇ ਹਨ ਜਿਸਦੀ ਕਿਸੇ ਨੂੰ ਸਮਝ ਨਹੀਂ ਆ ਸਕਦੀ। ਜਦ ਉਹ ਸੰਸਾਰ ਦੇ ਦੂਜੇ ਹਿੱਸਿਆਂ ਵਿਚ ਜਾਂਦੇ ਹਨ ਜਿੱਥੇ ਹੋਰ ਭਾਸ਼ਾਵਾਂ

ਬੋਲੀਆਂ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ ਉੱਥੋਂ ਦੀ ਭਾਸ਼ਾ ਸਿੱਖਣੀ ਪਵੇਗੀ, ਜਾਂ ਫਿਰ ਕਿਸੇ ਨੂੰ ਉਨ੍ਹਾਂ ਦਾ ਅਨੁਵਾਦ ਕਰਨਾ ਪਵੇਗਾ। ਉਹ ਸਭ ਪ੍ਰਚਾਰਕ ਜੋ ਗੈਰ ਜ਼ਬਾਨਾਂ ਬੋਲਣ ਦਾ ਦਾਅਵਾ ਕਰਦੇ ਹਨ, ਜਦ ਉਹ ਦੂਜੇ ਦੇਸ਼ਾਂ ਵਿਚ ਜਾਂਦੇ ਹਨ ਤਾਂ ਆਪਣੇ ਸੰਦੇਸ਼ ਲਈ ਕਿਸੇ ਅਨੁਵਾਦਕ ਨੂੰ ਲੱਭਦੇ ਹਨ। ਇਸ ਤੋਂ ਸਾਬਤ ਹੋ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਿਆ ਹੋਇਆ ਅਤੇ ਕਿਸੇ ਕਾਰਣ ਵੀ ਉਹ ਰਸੂਲਾਂ ਦੇ ਦਿਨਾਂ ਵਾਂਗ ਵੱਖ–ਵੱਖ ਭਾਸ਼ਾਵਾਂ ਬੋਲਣ ਦੇ ਯੋਗ ਨਹੀਂ ਹਨ।

ਅਖ਼ੀਰ ਵਿਚ, ਪੌਲੁਸ ਨੇ ਆਖਿਆ ਕਿ ਉਹ ਸਮਾਂ ਆਵੇਗਾ ਜਦ ਬੋਲੀਆਂ ਜਾਂਦੀਆਂ ਰਹਿਣਗੀਆਂ। ਯਾਨੀ, ਉਹ ਆਖ ਰਿਹਾ ਸੀ ਕਿ ਉਹ ਸਮਾਂ ਆਵੇਗਾ ਜਦ ਚਮਤਕਾਰੀ ਜ਼ਬਾਨਾਂ ਜਾਂ ਭਾਸ਼ਾਵਾਂ ਖ਼ਤਮ ਹੋ ਜਾਣਗੀਆਂ। ਇਹ ਸਭ ਕਦੋਂ ਹੋਣਾ ਸੀ? ਜਦ ਨਵਾਂ ਨੇਮ ਮੁਕੰਮਲ ਹੋਣ ਤੇ ਮਨੁੱਖ ਨੂੰ ਅੰਤਿਮ ਰੂਪ ਵਿਚ ਦੇ ਦਿੱਤਾ ਜਾਣਾ ਸੀ। ਪੌਲੁਸ ਨੇ ਕਿਹਾ, **''ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਸੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ। ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ। ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ''** (1 ਕੁਰਿੰਥੀਆਂ 13:8–10)। ਭਲਾ ਉਹ ਕਿਸ ਸੰਪੂਰਣ ਦੀ ਗੱਲ ਕਰ ਰਿਹਾ ਹੈ? ਯਾਕੂਬ ਇਸ ਨੂੰ **ਅਜ਼ਾਦੀ ਦੀ ਸੰਪੂਰਣ ਸ਼ਰ੍ਹਾ** ਦੱਸਦਾ ਹੈ, ਜੋ ਕਿ ਨਵਾਂ ਨੇਮ ਹੈ। ਮੋਅਜਜ਼ੇ, ਜ਼ਬਾਨਾਂ ਅਤੇ ਹੋਰ ਅਜਿਹੀਆਂ ਚੀਜ਼ਾਂ, ਮਨੁੱਖ ਨੂੰ ਨਵਾਂ ਨੇਮ ਦੇ ਦਿੱਤੇ ਜਾਣ ਤੋਂ ਪਹਿਲਾਂ ਮਦਦ ਕਰਨ ਲਈ ਸਨ। ਪਰ ਜਦ ਨਵਾਂ ਨੇਮ ਮਿਲ ਗਿਆ, ਤਾਂ ਇਨ੍ਹਾਂ ਹੋਰ ਚੀਜ਼ਾਂ ਦੀ ਕੋਈ ਲੋੜ ਨਹੀਂ ਸੀ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਕਿਸੇ ਵਿਚ ''ਭੂਤ ਹੋਣ'' ਬਾਰੇ ਅੱਜ ਕਈਆਂ ਦਾ ਕੀ ਵਿਸ਼ਵਾਸ ਹੈ? ਕੀ ਮਸੀਹ ਅਤੇ ਰਸੂਲਾਂ ਦੇ ਸਮੇਂ ਵਿਚ ਲੋਕਾਂ ਵਿਚ ''ਭੂਤ ਹੋਣ'' ਦੀਆਂ ਗੱਲਾਂ ਮਿਲਦੀਆਂ ਹਨ?
2. ਭੂਤਾਂ ਨੂੰ ਕੱਢਣ ਦੀ ਮਸੀਹ ਅਤੇ ਰਸੂਲਾਂ ਦੀ ਸ਼ਕਤੀ ਨਾਲ ਕੀ ਸਾਬਿਤ ਹੋਇਆ?
3. ਸ਼ੱਕ ਕਰਨ ਵਾਲਿਆਂ ਨੇ ਪ੍ਰਭੂ ਉੱਤੇ ................ ਦੀ ਮਦਦ ਨਾਲ ............ ਕੱਢਣ ਦਾ ਇਲਜ਼ਾਮ ਲਾਇਆ (ਮੱਤੀ 12:22–30)।
4. ਕੀ ਧਰਮੀ ਪਰਮੇਸ਼ੁਰ ਨੇ ਉਸ ਸਮੇਂ ਜਦੋਂ ਮੋਅਜਜ਼ੇ ਨਹੀਂ ਹੋਣੇ ਸਨ, ਲਾਚਾਰ ਲੋਕਾਂ ਉੱਤੇ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਸ਼ੈਤਾਨ ਨੂੰ ਹਾਵੀ ਹੋਣ ਦੇਣਾ ਸੀ?

5. ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਸ਼ੈਤਾਨ ਅੱਜ ਲੋਕਾਂ ਦੇ ਅੰਦਰ ਹੁੰਦਾ ਹੈ, ਉਹੀ ਲੋਕ ਹਨ ਜਿਹੜੇ ਕੀ ਕੀ ਕਰਨ ਦੇ ਯੋਗ ਹੋਣ ਦਾ ਦਾਅਵਾ ਕਰਦੇ ਹਨ?
6. ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਇਹ ਲੋਕ ਖ਼ੁਦਾ ਦੀ ਸ਼ਕਤੀ ਨਾਲ ਕੁਝ ਨਹੀਂ ਕਰ ਰਹੇ ਹਨ?
7. ਸਾਨੂੰ ਸ਼ੈਤਾਨ ਤੋਂ ਅਤੇ ਉਸ ਦੀਆਂ ਸਭ ............ ਤੋਂ ਅਤੇ ............... ਹਰ ਤਰ੍ਹਾਂ ਦੇ .................. ਤੋਂ ਅਤੇ ਚਾਹੀਦਾ ਹੈ। ਪਰ ਸਾਨੂੰ ਹਮੇਸ਼ਾ ਕੀ ਯਾਦ ਰੱਖਣਾ ਚਾਹੀਦਾ ਹੈ?
8. ਜੇ ਅੱਜ ਦੇ ''ਫ਼ੇਥ ਹੀਲਰ'' (ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲੇ) ਦੁਨੀਆਂ ਦੇ ਕਿਸੇ ਮਸ਼ਹੂਰ ਆਦਮੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦੇਣ ਤਾਂ ਉਸ ਚਮਤਕਾਰ ਦਾ ਦੁਨੀਆਂ ਉੱਤੇ ਕੀ ਅਸਰ ਹੋਵੇਗਾ? ਉਹ ਮੁਰਦਿਆਂ ਨੂੰ ਜ਼ਿੰਦਾ ਕਰਨ ਦੇ ਯੋਗ ਹੋਣ ਦਾ ਦਾਅਵਾ ਕਰਦੇ ਹਨ, ਤਾਂ ਫਿਰ ਕਿਸੇ ਨੂੰ ਜ਼ਿੰਦਾ ਕਿਉਂ ਨਹੀਂ ਕਰਦੇ?
9. ''ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲਾ'' ਜਦ ਕਿਸੇ ਦੂਜੇ ਦੇਸ਼ ਵਿਚ ਜਾਂਦਾ ਹੈ ਜਿੱਥੇ ਕੋਈ ਹੋਰ ਬੋਲੀ ਬੋਲੀ ਜਾਂਦੀ ਹੈ ਤਾਂ ਕੀ ਉਹ ਚਮਤਕਾਰ ਨਾਲ ਉਸ ਬੋਲੀ ਨੂੰ ਬੋਲ ਸਕਦਾ ਹੈ?
10. 1 ਕੁਰਿੰਥੀਆਂ 13:8—10 ਦੇ ਅਨੁਸਾਰ ਉਹ ਸਮਾਂ ਆਉਣਾ ਸੀ ਜਦੋਂ ਚਮਤਕਾਰ ਬੰਦ ਹੋ ਜਾਣੇ ਸਨ। ਇਹ ਕਦੋਂ ਹੋਇਆ? ਅੱਜ ਸੰਸਾਰ ਵਿਚ ਇੱਕੋ ਇਕ ''ਸੰਪੂਰਣ'' ਚੀਜ਼ ਕੀ ਹੈ?

## ਪਾਠ 8

# ਅੱਜ ਖ਼ੁਦਾ ਮਨੁੱਖ ਨਾਲ ਕਿਵੇਂ ਗੱਲ ਕਰਦਾ ਹੈ?



ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਖ਼ੁਦਾ ਅੱਜ ਮਨੁੱਖ ਨਾਲ ਆਪਣੇ ਲਿਖਤੀ ਵਚਨ ਤੋਂ ਅਲਹਿਦਾ ਵੱਖਰੇ ਢੰਗ ਨਾਲ ਸਿੱਧੇ ਗੱਲ ਕਰਦਾ ਹੈ। ਆਮ ਤੌਰ ਤੇ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਖ਼ੁਦਾ ਨੇ ਉਨ੍ਹਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਫਲਾਣੀ ਫਲਾਣੀ ਗੱਲ ਦੱਸੀ ਹੈ। ਜਾਂ ਪ੍ਰਭੂ ਨੇ ਉਨ੍ਹਾਂ ਉੱਤੇ ਪਰਗਟ ਕੀਤਾ ਹੈ ਕਿ ਫਲਾਣੀ ਫਲਾਣੀ ਗੱਲ ਹੋਣ ਵਾਲੀ ਹੈ। ਖ਼ੁਦਾ ਨੇ ਮੇਰੇ ਨਾਲ ਤਾਂ ਕਦੇ ਇਸ ਤਰ੍ਹਾਂ ਗੱਲ ਨਹੀਂ ਕੀਤੀ– ਭਲਾ ਤੁਹਾਡੇ ਨਾਲ ਕੀਤੀ ਹੈ? ਜੇ ਉਹ ਇਕ ਬੰਦੇ ਉੱਤੇ ਕਿਸੇ ਸੱਚਿਆਈ ਨੂੰ ਪਰਗਟ ਕਰਨ ਲਈ ਉਸ ਨਾਲ ਸਿੱਧੇ ਗੱਲ ਕਰਦਾ ਹੈ ਅਤੇ ਦੂਜਿਆਂ ਨਾਲ ਗੱਲ ਨਹੀਂ ਕਰਦਾ ਹੈ ਤਾਂ ਭਲਾ ਇਹਦਾ ਮਤਲਬ ਇਹ ਨਹੀਂ ਹੋਵੇਗਾ ਕਿ ਖ਼ੁਦਾ ਪੱਖਪਾਤੀ ਹੈ? ਆਓ ਵੇਖਦੇ ਹਾਂ ਕਿ ਬਾਈਬਲ ਇਸ ਬਾਰੇ ਕੀ ਦੱਸਦੀ ਹੈ।

ਇਹ ਸੱਚ ਹੈ ਕਿ ਖ਼ੁਦਾ ਨੇ ਵੱਖੋ ਵੱਖ ਸਮਿਆਂ ਤੇ ਵੱਖੋ ਵੱਖ ਤਰੀਕਿਆਂ ਨਾਲ ਗੱਲ ਕੀਤੀ ਹੈ। ਸ਼ੁਰੂ ਵਿਚ ਉਹ ਪੁਰਖਿਆਂ ਦੇ ਨਾਲ ਜਾਂ ਘਰ ਦੇ ਵਡੇਰਿਆਂ ਨਾਲ ਸਿੱਧੇ ਗੱਲ ਕਰਦਾ ਸੀ ਅਤੇ ਉਹ ਆਪਣੇ ਪਰਿਵਾਰਾਂ ਨੂੰ ਦੱਸ ਦਿੰਦੇ ਸਨ ਕਿ ਖ਼ੁਦਾ ਨੇ ਕੀ ਦੱਸਿਆ ਹੈ। ਬਾਅਦ ਵਿਚ ਅਸੀ ਵੇਖਦੇ ਹਾਂ ਕਿ ਖ਼ੁਦਾ ਨਬੀਆਂ ਨਾਲ ਗੱਲ ਕਰਦਾ ਹੈ ਅਤੇ ਉਹ ਉਸ ਜਾਣਕਾਰੀ ਨੂੰ ਲੋਕਾਂ ਤਕ ਪਹੁੰਚਾ ਦਿੰਦੇ ਹਨ। ਅਖੀਰ ਵਿਚ ਖ਼ੁਦਾ ਨੇ ਆਪਣੇ ਪੁੱਤਰ ਮਸੀਹ ਯਿਸੂ ਦੇ ਰਾਹੀਂ ਗੱਲ ਕੀਤੀ ਹੈ। ਇਬਰਾਨੀਆਂ ਦੀ ਕਿਤਾਬ ਦਾ ਲੇਖਕ ਕਹਿੰਦਾ ਹੈ, ‘‘**ਪਰਮੇਸ਼ੁਰ ਨੇ ਜਿਨ ਪਿੱਛਲਿਆਂ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆ ਵਿਚ ਅਤੇ ਕਈ ਤਰਾਂ ਨਾ ਗੱਲ ਕੀਤੀ ਸੀ। ਇਹਨਾਂ ਦਿਨਾਂ ਦੇ ਅੰਤ ਵਿਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ**’’ (ਇਬਰਾਨੀਆਂ 1:1, 2)।

ਪਤਰਸ ਨੇ ਐਲਾਨ ਕੀਤਾ **''ਕਿਉਂ ਜੋ ਅਸਾਂ ਤੁਹਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਅਤੇ ਆਉਣ ਤੋਂ ਮਹਿਰਮ ਜੋ ਕੀਤਾ ਤਾਂ ਚਤਰਾਈ ਦੀਆਂ ਬਣਾਉਟੀ ਕਹਾਣੀਆਂ ਦੇ ਮਗਰ ਲੱਗ ਕੇ ਨਹੀਂ ਸਗੋਂ ਉਹ ਦੀ ਮਹਾਨਤਾ ਨੂੰ ਆਪਣੀ ਅੱਖੀਂ ਵੇਖ ਕੇ ਕੀਤਾ। ਕਿਉਂ ਜੋ ਉਹ ਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ ਜਿਸ ਵੇਲੇ ਓਸ ਡਾਢੇ ਭੜਕ ਵਾਲੇ ਤੇਜ ਤੋਂ ਉਹ ਨੂੰ ਇਹ ਸ਼ਬਦ ਆਇਆ ਭਈ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹ ਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ। ਅਤੇ ਅਗੰਮ ਵਾਕ ਦਾ ਵਚਨ ਸਾਡੇ ਕੋਲ ਹੋਰ ਵੀ ਪੱਕਾ ਕੀਤਾ ਹੋਇਆ ਹੈ ਅਤੇ ਤੁਸੀਂ ਚੰਗਾ ਕਰਦੇ ਹੋ ਜੋ ਓਸ ਵੱਲ ਧਿਆਨ ਲਾਉਂਦੇ ਹੋ ਜਿਵੇਂ ਇਕ ਦੀਵੇ ਵੱਲ ਜੋ ਅਨ੍ਹੇਰੇ ਥਾਂ ਵਿਚ ਚਮਕਦਾ ਹੈ ਜਿੰਨਾ ਚਿਰ ਪਹੁ ਨਾ ਫੁੱਟੇ ਅਤੇ ਦਿਨ ਦਾ ਤਾਰਾ ਤੁਹਾਡਿਆਂ ਹਿਰਦਿਆਂ ਵਿਚ ਨਾ ਚੜ੍ਹ ਆਵੇ। ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ''** (2 ਪਤਰਸ 1: 16—21)।

ਸਭ ਤੋਂ ਪਹਿਲਾਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪਤਰਸ ਉਸ ਵਕਤ ਦੀ ਗੱਲ ਕਰ ਰਿਹਾ ਸੀ ਜਦੋਂ ਪ੍ਰਭੂ ਦਾ ਰੂਪ ਜਲਾਲੀ ਹੋਇਆ ਸੀ, ਅਤੇ ਅਸਮਾਨ ਤੋਂ ਇਹ ਅਵਾਜ਼ ਆਈ ਸੀ ਕਿ **''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ, ਉਹਦੀ ਸੁਣੋ''** (ਮੱਤੀ 5: 17)। ਯੂਹੰਨਾ ਨੇ ਮਸੀਹ ਨੂੰ ਉਹ ਸ਼ਬਦ ਦੱਸਿਆ ਜਿਹੜਾ ਖ਼ੁਦਾ ਦਾ ਸੁਨੇਹਾ ਦੇਣ ਲਈ ਆਇਆ ਸੀ, **''ਆਦ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦ ਵਿਚ ਪਰਮੇਸ਼ੁਰ ਦੇ ਸੰਗ ਸੀ''** (ਯੂਹੰਨਾ 1: 1, 2)। ਅੱਗੇ ਉਸ ਨੇ ਆਖਿਆ ਕਿ **''ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਏਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ''** (ਯੂਹੰਨਾ 20: 30, 31)।

ਫਿਰ 2 ਪਤਰਸ 1: 21 ਇਹ ਦੱਸਦਾ ਹੈ ਕਿ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ। ਪੌਲੁਸ ਸਾਨੂੰ ਦੱਸਦਾ ਹੈ ਕਿ **''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ**

**ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'** ' (2 ਤਿਮੋਥਿਉਸ 3:16–17)। ਪੌਲੁਸ ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਹੋਣ ਦੀ ਗੱਲ ਆਖਦਿਆਂ ਪਵਿੱਤਰ ਆਤਮਾ ਵੱਲੋਂ ਇਸ ਨੂੰ ਲਿਖਵਾਉਣ ਲਈ ਕੁਝ ਲੋਕਾਂ ਨੂੰ ਹਦਾਇਤ ਦੇਣ ਦੀ ਗੱਲ ਕਰ ਰਿਹਾ ਸੀ। ਇਸ ਦੀ ਜ਼ਬਾਨੀ ਪ੍ਰੇਰਣਾ ਦਿੱਤੀ ਗਈ ਇਹ ਖ਼ੁਦਾ ਦਾ ਵਚਨ ਹੈ, ਮਨੁੱਖ ਦਾ ਨਹੀਂ; ਇਸ ਕਰਕੇ ਇਹ ਮਨੁੱਖ ਨੂੰ ਹਰੇਕ ਭਲੇ ਕੰਮ ਲਈ ਤਿਆਰ ਕਰਨ ਲਈ ਗੁਣਕਾਰ ਹੈ। ਖ਼ੁਦਾ ਨੂੰ ਪਤਾ ਸੀ ਕਿ ਮਨੁੱਖ ਨੂੰ ਕੀ ਜਾਣਨ ਦੀ ਲੋੜ ਹੈ। ਅਤੇ ਉਸ ਨੇ ਉਸ ਨੂੰ ਉਹੀ ਦੱਸਿਆ ਅਤੇ ਪਵਿੱਤਰ ਆਤਮਾ ਨੇ ਇਸ ਦੇ ਲਿਖਵਾਉਣ ਦੀ ਪ੍ਰੇਰਣਾ ਜਾਂ ਹਦਾਇਤ ਦਿੱਤੀ। ਪਤਰਸ ਨੇ ਫੇਰ ਲਿਖਿਆ, **' 'ਜਦੋਂ ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਮਸੀਹ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਓਸੇ ਦੇ ਗਿਆਨ ਦੇ ਦੁਆਰਾ ਦਿੱਤਾ ਹੈ ਜਿਹਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ' '** (2 ਪਤਰਸ 1:3)। ਧਿਆਨ ਦਿਓ ਕਿ ਪ੍ਰਭੂ ਨੇ ਸਾਨੂੰ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਣ ਵਾਲੀ ਹਰ ਚੀਜ਼ ਦੇ ਦਿੱਤੀ। ਉਸ ਨੇ ਇਹ ਕਿਵੇਂ ਕੀਤਾ ਹੈ? ਆਪਣੇ ਵਚਨ ਦੇ ਰਾਹੀਂ।

ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ ਅਤੇ ਇਸ ਕਰਕੇ ਉਨ੍ਹਾਂ ਨੇ ਚੁਣੇ ਹੋਏ ਚੇਲਿਆਂ ਉੱਤੇ ਹੱਥ ਰੱਖੇ ਸਨ ਤਾਂ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਮੋਅਜਜ਼ੇ ਕਰਨ ਦੀ ਸ਼ਕਤੀ ਮਿਲ ਜਾਵੇ। ਇਹ ਸਭ ਉਨ੍ਹਾਂ ਨੂੰ ਸਾਰੀ ਸਚਿਆਈ ਵਿਚ ਅਗਵਾਈ ਦੇਣ ਅਤੇ ਹਦਾਇਤ ਦੇਣ ਲਈ ਕੀਤਾ ਗਿਆ ਸੀ ਕਿਉਂ ਜੋ ਉਸ ਵਕਤ ਤਕ ਨਵਾਂ ਨੇਮ ਅਜੇ ਮਕੰਮਲ ਨਹੀਂ ਹੋਇਆ ਸੀ ਅਤੇ ਮਨੁੱਖ ਨੂੰ ਨਹੀਂ ਦਿੱਤਾ ਗਿਆ ਸੀ। ਪੌਲੁਸ ਨੇ ਆਖਿਆ ਕਿ ਜਦੋਂ ਸੰਪੂਰਣ ਆ ਜਾਵੇ– ਨਵੇਂ ਨੇਮ ਦੀ ਗੱਲ ਕਰਦਿਆਂ, ਤਾਂ ਮੋਅਜਜ਼ਿਆਂ ਦੀ ਮਦਦ ਬੰਦ ਹੋ ਜਾਣੀ ਸੀ। ਅਖ਼ੀਰ ਵਿਚ ਵਚਨ ਸੰਪੂਰਣ ਰੂਪ ਵਿਚ ਦੇ ਦਿੱਤਾ ਗਿਆ ਅਤੇ ਯਾਕੂਬ ਨੇ ਐਲਾਨ ਕੀਤਾ, **' 'ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ ਅਜ਼ਾਦੀ ਦੀ ਸ਼ਰਾ ਨੂੰ ਗੋਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ ਉਹ ਉਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿਚ ਧੰਨ ਹੋਵੇਗਾ' '** (ਯਾਕੂਬ 1:25)। ਉਸ ਨੇ ਇਹ ਵੀ ਆਖਿਆ, ' 'ਪਰ ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ' ' (ਯਾਕੂਬ 1:22)।

ਮਸੀਹ ਨੇ ਆਖਿਆ ਕਿ ਇਹ ਵਚਨ ਕਦੇ ਟਲਣਾ ਨਹੀਂ ਸੀ। ਸੁਣੋ ਕਿ ਉਸ ਨੇ ਕੀ ਆਖਿਆ, **' 'ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ' '** (ਮੱਤੀ 24:35)। ਫਿਰ ਪਤਰਸ ਨੇ ਆਖਿਆ, **' 'ਅਤੇ ਇਹ ਉਹੋ ਵਚਨ ਹੈ ਜਿਹ ਦੀ ਖੁਸ਼ ਖਬਰੀ ਤੁਹਾਨੂੰ ਸੁਣਾਈ ਗਈ ਸੀ' '** (1 ਪਤਰਸ 1:25)। ਫਿਰ

ਯੂਹੰਨਾ ਨੇ ਆਖਿਆ, ‘‘ਮੈਂ ਹਰੇਕ ਇਕ ਦੇ ਅੱਗੇ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ। ਜੇ ਕੋਈ ਇਹਨਾਂ ਵਿਚ ਕੁਝ ਵਧਾਵੇ ਤਾਂ ਓਹ ਬਵਾਂ ਜਿਹੜੀਆਂ ਇਸ ਪੋਥੀ ਵਿਚ ਲਿਖੀਆਂ ਹੋਈਆਂ ਹਨ ਪਰਮੇਸ਼ੁਰ ਉਸ ਉੱਤੇ ਵਧਾਵੇਗਾ। ਅਤੇ ਜੇ ਕੋਈ ਇਸ ਅਗੰਮ ਵਾਕ ਦੀ ਪੋਥੀ ਦੀਆਂ ਬਾਣੀਆਂ ਵਿੱਚੋਂ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿੱਚੋਂ ਅਰਥਾਤ ਉਨ੍ਹਾਂ ਗੱਲਾਂ ਵਿੱਚੋਂ ਜਿਹੜੀਆਂ ਇਸ ਪੋਥੀ ਵਿਚ ਲਿਖੀਆਂ ਹੋਈਆਂ ਹਨ ਪਰੇਮਸ਼ੁਰ ਉਹ ਦਾ ਹਿੱਸਾ ਘਟਾਵੇਗਾ’’ (ਪ੍ਰਕਾਸ ਦੀ ਪੋਥੀ 22:18, 19)।

ਆਪਣੇ ਰਾਹੀਂ ਸੁਣਾਈ ਗਈ ਇੰਜੀਲ ਦੇ ਸਬੰਧ ਵਿਚ ਪੌਲੁਸ ਨੇ ਆਖਿਆ, ‘‘ਮੈਂ ਅਚਰਜ ਹੁੰਦਾ ਹਾਂ ਜੋ ਤੁਸੀਂ ਉਸ ਤੋਂ ਜਿਹ ਨੇ ਮਸੀਹ ਦੀ ਕਿਰਪਾ ਵਿਚ ਤੁਹਾਨੂੰ ਸੱਦਿਆ ਐਨੀ ਛੇਤੀ ਹੋਰ ਕਿਸੇ ਖੁਸ਼ਖ਼ਬਰੀ ਦੀ ਵੱਲ ਝੁੱਕਦੇ ਜਾਂਦੇ ਹੋ। ਪਰ ਉਹ ਤਾਂ ਦੂਜੀ ਖੁਸ਼ਖ਼ਬਰੀ ਨਹੀਂ ਪਰੰਤੂ ਕਈਕੁ ਹਨ ਜਿਹੜੇ ਤੁਹਾਨੂੰ ਘਬਰਾਉਂਦੇ ਅਤੇ ਮਸੀਹ ਦੀ ਖੁਸ਼ਖ਼ਬਰੀ ਨੂੰ ਵਿਗਾੜਨਾ ਚਾਹੁੰਦੇ ਹਨ। ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ਖੁਸ਼ਖ਼ਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ਖ਼ਬਰੀ ਤੁਹਾਨੂੰ ਸੁਣਾਵੇ ਤਾਂ ਉਹ ਸਰਾਪਤ ਹੋਵੇ! ਜਿੱਕੁਰ ਅਸਾਂ ਅੱਗੇ ਕਿਹਾ ਹੈ ਤਿੱਕੁਰ ਮੈਂ ਹੁਣ ਫੇਰ ਵੀ ਆਖਦਾ ਹਾਂ ਭਈ ਜੇ ਕੋਈ ਉਸ ਖੁਸ਼ਖ਼ਬਰੀ ਤੋਂ ਬਿਨਾ ਜਿਹੜੀ ਤੁਸਾਂ ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ਖ਼ਬਰੀ ਸੁਣਾਵੇ ਤਾਂ ਉਹ ਸਰਾਪਤ ਹੋਵੇ’’ (ਗਲਾਤੀਆਂ 1:6–9)।

ਇਨ੍ਹਾਂ ਸਭ ਆਇਤਾਂ ਵਿਚ ਲਗਦਾ ਹੈ ਕਿ ਬਾਈਬਲ ਖ਼ੁਦਾ ਵੱਲੋਂ ਦਿੱਤੀ ਗਈ ਹੈ ਅਤੇ ਇਹ ਮਨੁੱਖ ਨੂੰ ਉਸ ਦਾ ਸੰਪੂਰਣ ਰੂਪ ਵਿਚ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਰੂਹਾਨੀ ਜ਼ਿੰਦਗੀ ਲਈ ਇਹਦੀ ਹੀ ਲੋੜ ਹੈ। ਪੌਲੁਸ ਦੱਸਦਾ ਹੈ, ‘‘ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ’’ (ਰੋਮੀਆਂ 10:17)। ਉਹ ‘‘ਮਸੀਹ ਦਾ ਵਚਨ’’ ਕਿਸ ਨੂੰ ਆਖਦਾ ਹੈ? ਖ਼ੁਦਾ ਦੀ ਓਸੇ ਲਿਖਤ ਨੂੰ, ਜਿਹੜੀ ਅੱਜ ਸਾਡੇ ਕੋਲ ਹੈ, ਅਤੇ ਜਿਸਨੂੰ ਨਵੇਂ ਨੇਮ ਵਿਚ ਪਰਗਟ ਕੀਤਾ ਗਿਆ ਹੈ।

ਭਲਾ ਅੱਜ ਖ਼ੁਦਾ ਲੋਕਾਂ ਨੂੰ ਨਵਾਂ ਮੁਕਾਸ਼ਫ਼ਾ ਦਿੰਦਾ ਹੈ? ਭਲਾ ਉਹ ਸਾਡੇ ਵਿੱਚੋਂ ਕੁਝ ਲੋਕਾਂ ਨੂੰ ਉਹ ਕੁਝ ਦੱਸਦਾ ਹੈ ਜਿਹੜਾ ਉਸ ਨੇ ਹੋਰਨਾਂ ਨੂੰ ਨਹੀਂ ਦੱਸਿਆ? ਬਿਲਕੁਲ ਨਹੀਂ। ਜੇ ਸਾਡੇ ਕੋਲ ਖ਼ੁਦਾ ਦਾ ਮੁਕੰਮਲ ਮੁਕਾਸ਼ਫ਼ਾ ਨਹੀਂ ਹੈ ਅਤੇ ਉਹ ਅੱਜ ਵੀ ਮਨੁੱਖ ਨੂੰ ਆਪਣੀ ਇੱਛਾ ਪਰਗਟ ਕਰ ਰਿਹਾ ਹੈ ਤਾਂ ਫਿਰ ਬਾਈਬਲ ਦਾ ਕੀ ਫ਼ਾਇਦਾ? ਜੇ ਉਹ ਅੱਜ ਵੀ ਮਨੁੱਖ ਨਾਲ ਗੱਲ ਕਰਦਾ ਹੈ ਤਾਂ ਸਾਡੇ ਕੋਲ ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਉਹ ਸਾਥੋਂ ਕੀ ਕਰਾਉਣਾ ਚਾਹੁੰਦਾ ਹੈ ਜਾਂ ਸਾਨੂੰ ਸਚਿਆਈ ਕੌਣ ਦੱਸ ਸਕਦਾ ਹੈ ਅਤੇ ਨਵੇਂ ‘‘ਮੁਕਾਸ਼ਫ਼ੇ’’

ਕੌਣ ਘੜ ਸਕਦਾ ਹੈ। ਖ਼ੁਦਾ ਵਾਸਤੇ ਇਕ ਜਣੇ ਨੂੰ ਇਕ ਗੱਲ ਦੱਸਣ ਅਤੇ ਕਿਸੇ ਹੋਰ ਨੂੰ ਕੋਈ ਹੋਰ ਗੱਲ ਦੱਸਣਾ ਬੜਾ ਹੀ ਉਲਝਾਉਣ ਵਾਲਾ ਹੋਵੇਗਾ। ਜੇ ਪ੍ਰਭੂ ਸਾਨੂੰ ਆਪਣੇ ਵਚਨ ਵਿਚ ਜੋੜਨ ਦੀ ਮਨਾਹੀ ਕਰਦਾ ਹੈ ਤਾਂ ਅਸੀਂ ਇਹ ਕਿਵੇਂ ਸੋਚ ਸਕਦੇ ਹਾਂ ਕਿ ਉਹ ਕਿਸੇ ਨੂੰ ਮੁਕਾਸ਼ਫ਼ੇ ਦਾ ਨਵਾਂ ਸੰਦੇਸ਼ ਦੇ ਕੇ ਆਪਣੇ ਹੀ ਹੁਕਮ ਨੂੰ ਤੋੜ ਰਿਹਾ ਹੋਵੇਗਾ?

ਇਸ ਤੋਂ ਸਾਨੂੰ ਯਕੀਨ ਹੋ ਜਾਣਾ ਚਾਹੀਦਾ ਹੈ ਕਿ ਖ਼ੁਦਾ ਆਪਣੇ ਵਚਨ ਤੋਂ ਅਲਹਿਦਾ ਅਤੇ ਅੱਡ ਕਿਸੇ ਵੀ ਵਿਅਕਤੀ ਨਾਲ ਗੱਲ ਨਹੀਂ ਕਰ ਰਿਹਾ। ‘‘ਚਮਤਕਾਰਾਂ,’’ ‘‘ਬੋਲੀਆਂ ਬੋਲਣ’’ ਆਦਿ ਵਾਂਗ ਹੀ, ਧਿਆਨ ਦਿਓ ਕਿ ਇਹ ਦਾਅਵਾ ਕਰਨ ਵਾਲੇ ਕਿ ਖ਼ੁਦਾ ਉਨ੍ਹਾਂ ਨਾਲ ਕੀ ਗੱਲ ਕਰਦਾ ਹੈ, ਇਕ ਦੂਜੇ ਉੱਤੇ ਇਲਜ਼ਾਮ ਲਾਉਂਦਿਆਂ ਕਿ ਉਹ ਖ਼ੁਦਾ ਦੇ ਲੋਕ ਨਹੀਂ ਹਨ, ਇਕ ਦੂਜੇ ਦਾ ਵਿਰੋਧ ਕਰਦੇ ਹਨ, ਹੋਰ ਤੇ ਹੋਰ ਉਹ ਮਨੁੱਖਾਂ ਦੀਆਂ ਬਣਾਈਆਂ ਹੋਈਆਂ ਕਲੀਸੀਆਵਾਂ ਦੇ ਮੈਂਬਰ ਹਨ, ਮਨੁੱਖਾਂ ਵੱਲੋਂ ਦਿੱਤੇ ਨਾਂਅ ਅਪਣਾਉਂਦੇ ਹਨ ਅਤੇ ਉਨ੍ਹਾਂ ਤਰੀਕਿਆਂ ਨਾਲ ਬੰਦਗੀ ਕਰਦੇ ਹਨ ਜਿਨ੍ਹਾਂ ਦਾ ਖ਼ੁਦਾ ਨੇ ਕੋਈ ਇਖ਼ਤਿਆਰ ਨਹੀਂ ਦਿੱਤਾ। ਯਕੀਨਨ ਹੀ ਜੇ ਖ਼ੁਦਾ ਇਨ੍ਹਾਂ ਵਿੱਚੋਂ ਕਿਸੇ ਨਾਲ ਗੱਲ ਕਰ ਰਿਹਾ ਹੁੰਦਾ ਤਾਂ ਉਹਨੇ ਉਨ੍ਹਾਂ ਨੂੰ ਉਹ ਗੱਲਾਂ ਕਰਨ ਲਈ ਨਹੀਂ ਆਖਣਾ ਸੀ ਸਨ ਜਿਹੜੀਆਂ ਨਵੇਂ ਨੇਮ ਵਿਚ ਦਿੱਤੀ ਉਸ ਦੀ ਸਿੱਖਿਆ ਦੇ ਉਲਟ ਹਨ।

## ਪ੍ਰਚਾਰ ਲਈ ਸੱਦੇ ਗਏ

ਕਈ ਕਹਾਣੀਆਂ ਦੱਸੀਆਂ ਜਾਂਦੀਆਂ ਹਨ ਕਿ ਕਿਵੇਂ ਵੱਖ-ਵੱਖ ਲੋਕਾਂ ਨੂੰ ਬੁਲਾਵਾ ਆਉਂਦਾ ਹੈ, ਇਕ ਆਦਮੀ ਨੇ ਕਿਹਾ ਕਿ ਉਹ ਨੇ ਅਕਾਸ਼ ਵਿਚ GPC ਅੱਖਰ ਵੇਖਿਆ ਉਸ ਨੇ ਇਸ ਦਾ ਅਰਥ: Go Preach Christ (ਜਾ ਕੇ ਮਸੀਹ ਦਾ ਪ੍ਰਚਾਰ ਕਰ) ਕੱਢਿਆ। ਉਸ ਨੂੰ ਸੁਣ ਕੇ ਕਿਸੇ ਨੇ ਜਵਾਬ ਦਿੱਤਾ ਕਿ ਉਹ ਕਿਸਾਨ ਹੈ ਅਤੇ ਉਸ ਦੇ ਲਈ ਇਸ ਦਾ ਅਰਥ ਹੋਵੇਗਾ ਕਿ *Go Plow Corn* (ਜਾ ਕੇ ਅਨਾਜ ਬੀਜ)। ਹੋਰ ਇਸ ਨੂੰ ਇਸ ਨਾਲ ਜੋੜਦੇ ਹਨ ਕਿ ਪ੍ਰਭੂ ਨੇ ਉਨ੍ਹਾਂ ਨੂੰ ਜਾ ਕੇ ਪ੍ਰਚਾਰ ਕਰਨ ਲਈ ਆਖਿਆ ਹੈ। ਕਈਆਂ ਨੂੰ ਖ਼ਾਬ ਆਏ ਅਤੇ ਕਈਆਂ ਨੂੰ ਦਰਸ਼ਨ ਮਿਲਦੇ ਹਨ। ਪਰ ਕੀ ਪਰਮੇਸ਼ੁਰ ਮਨੁੱਖਾਂ ਨੂੰ ਆਪਣੇ ਵਚਨ ਦਾ ਪ੍ਰਚਾਰ ਕਰਨ ਲਈ ਸੱਦਦਾ ਹੈ। ਜੇ ਉਹ ਸੱਦਦਾ ਹੈ ਤਾਂ ਕਿਸ ਤਰ੍ਹਾਂ?

ਪ੍ਰਭੂ ਯਿਸੂ ਨੇ ਸੁਰਗ ਵਿਚ ਪਿਤਾ ਕੋਲ ਵਾਪਸ ਜਾਣ ਤੋਂ ਕੁਝ ਦੇਰ ਪਹਿਲਾਂ ਉਨ੍ਹਾਂ ਨੂੰ ਇਹ ਵੱਡਾ ਹੁਕਮ ਦਿੱਤਾ, **‘‘ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ**

**ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ''** (ਮਰਕੁਸ 16: 15, 16)। **''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ''** (ਮੱਤੀ 28: 19, 20)। ਧਿਆਨ ਦਿਓ ਕਿ ਕੀ ਹੁਕਮ ਦਿੱਤਾ ਗਿਆ: **ਜਾ ਕੇ ਪ੍ਰਚਾਰ ਕਰੋ।** ਕਿੱਥੇ? **ਸਾਰੇ ਸੰਸਾਰ ਵਿਚ, ਹਰ ਇਕ ਸ਼ਖ਼ਸ ਕੋਲ।** ਕਿਹਨੂੰ ਜਾਣਾ ਚਾਹੀਦਾ ਹੈ? **ਰਸੂਲਾਂ ਨੂੰ ਅਤੇ ਉਨ੍ਹਾਂ ਦੇ ਜ਼ਰੀਏ ਬਦਲਣ ਵਾਲੇ ਲੋਕਾਂ ਨੂੰ।** ਅਤੇ ਇਹ ਗੱਲ ਅੱਜ ਸਾਡੇ ਉੱਤੇ ਵੀ ਲਾਗੂ ਹੁੰਦੀ ਹੈ, ਹੁੰਦੀ ਹੈ ਕਿ ਨਹੀਂ? ਕਿਉਂਕਿ ਅਸੀਂ ਪ੍ਰਭੂ ਵਿਚ ਮਨਬਦਲੀ ਕੀਤੀ ਹੈ। ਇਸ ਲਈ ਸਾਨੂੰ ਜਾ ਕੇ ਪ੍ਰਚਾਰ ਕਰਨਾ ਚਾਹੀਦਾ ਹੈ।

ਮਿਹਰਬਾਨੀ ਕਰਕੇ ਧਿਆਨ ਦਿਓ ਕਿ ਨਵੇਂ ਨੇਮ ਵਿਚ ਕਿਤੇ ਵੀ ਤੁਹਾਨੂੰ ਇਹ ਨਹੀਂ ਮਿਲੇਗਾ ਕਿ ਖ਼ੁਦਾ ਦੇ ਲੋਕਾਂ ਨੇ ਅਕਾਸ਼ ਵਿਚ ਨਿਸ਼ਾਨ ਵੇਖਿਆ ਜਾਂ ਦਰਸ਼ਣ ਪਾਇਆ ਜਾਂ ਕੋਈ ਅਵਾਜ਼ ਸੁਣੀ ਕਿ ਜਾਹ ਅਤੇ ਖ਼ੁਦਾ ਦੇ ਵਚਨ ਦਾ ਪ੍ਰਚਾਰ ਕਰ। ਨਾ ਹੀ ਤੁਹਾਨੂੰ ਮਿਲੇਗਾ ਕਿ ਪ੍ਰਭੂ ਅੱਜ ਇਸ ਤਰੀਕੇ ਨਾਲ ਕਿਸੇ ਨੂੰ ਵੀ ਬੁਲਾਉਂਦਾ ਹੈ। ਉਹ ਆਪਣੇ ਲੋਕਾਂ ਨੂੰ ਹੁਕਮ ਦੇ ਚੁੱਕਾ ਹੈ ਕਿ ਸਾਰੇ ਸੰਸਾਰ ਵਿਚ ਜਾਕੇ ਇੰਜੀਲ ਦਾ ਪ੍ਰਚਾਰ ਕਰਨ। ਹੁਣ ਉਸ ਨੂੰ ਨਿੱਜੀ ਤੌਰ ਤੇ ਕਿਸੇ ਕੋਲ ਆ ਕੇ ਕਹਿਣ ਦੀ, ਹੁਕਮ ਦੇਣ ਦੀ, ਜਾਂ ਦਬਾਅ ਪਾ ਕੇ ਜ਼ਬਰਦਸਤੀ ਭੇਜਣ ਦੀ ਕੀ ਲੋੜ ਹੈ ਕਿ ਇੰਜੀਲ ਦਾ ਪ੍ਰਚਾਰ ਕਰੋ?

ਜਦ ਅਸੀਂ ਸੰਸਾਰ ਵਿਚ ਸਾਂ, ਭਾਵ ਪਾਪ ਵਿਚ ਸਾਂ, ਤਾਂ ਪ੍ਰਭੂ ਨੇ ਆਣ ਕੇ ਸਾਨੂੰ ਹੁਕਮ ਮੰਨਣ ਲਈ ਸੱਦਿਆ ਸੀ। ਸੁਪਨੇ ਵਿਚ, ਜਾ ਖ਼ਾਮੋਸ਼ੀ ਨਾਲ ਜਾਂ ਕੰਨ ਵਿਚ ਅਵਾਜ਼ ਮਾਰ ਕੇ? ਨਹੀਂ। ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀਆਂ ਨੂੰ ਕਿਹਾ, **''... ਉਸ ਨੇ ਤੁਹਾਨੂੰ ਸਾਡੀ ਖੁਸ਼ਖ਼ਬਰੀ ਦੇ ਰਾਹੀਂ ਸੱਦਿਆ ਭਈ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪ੍ਰਾਪਤ ਹੋਵੇ''** (2 ਥੱਸਲੁਨੀਕੀਆਂ 2: 14)। ਉਹ ਸਾਨੂੰ ਓਸੇ ਹੀ ਤਰ੍ਹਾਂ ਸੱਦਦਾ ਹੈ ਜਿਸ ਤਰ੍ਹਾਂ ਉਨ੍ਹਾਂ ਨੂੰ ਸੱਦਿਆ ਗਿਆ ਸੀ। ਭਾਵ ਇੰਜੀਲ ਸੁਣਨ ਦੇ ਰਾਹੀਂ। ਜਿਵੇਂ ਕਿ ਉਸਦੇ ਵਚਨ ਵਿਚ ਲਿਖਿਆ ਹੈ ਕਿ ਉਹ ਲਿਖਤੀ ਵਚਨ ਦੇ ਰਾਹੀਂ ਸਾਨੂੰ ਸੱਦਦਾ ਹੈ। ਮਸੀਹ ਨੇ ਆਖਿਆ, ''ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿਚ ਅਰਾਮ ਪਾਓਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ'' (ਮੱਤੀ 11:28–30)।

ਇਸ ਤਰ੍ਹਾਂ ਇਹ ਖ਼ਜ਼ਾਨਾ ਮਿੱਟੀ ਦੇ ਭਾਂਡਿਆਂ ਵਿਚ ਰੱਖਿਆ ਗਿਆ ਹੈ,

ਭਾਵ ਇਨਸਾਨਾਂ ਨੂੰ ਸੌਂਪਿਆ ਗਿਆ ਹੈ ਕਿ ਜੋ ਲੋਕ ਪ੍ਰਭੂ ਦੇ ਹਨ ਉਹ ਇੰਜੀਲ ਨੂੰ ਫੈਲਾਉਣ (2 ਕੁਰਿੰਥੀਆਂ 4:7)। ਪੌਲੁਸ ਨੇ ਕਿਹਾ ਕਿ ਜੇ ਕੋਈ ਫ਼ਰਿਸ਼ਤਾ ਵੀ ਆਵੇ ਅਤੇ ਆਣ ਕੇ ਉਸ ਤੋਂ ਇਲਾਵਾ ਜਿਸ ਦਾ ਉਨ੍ਹਾਂ ਨੇ ਪ੍ਰਚਾਰ ਕੀਤਾ, ਕਿਸੇ ਹੋਰ ਇੰਜੀਲ ਦਾ ਪ੍ਰਚਾਰ ਕਰੇ ਤਾਂ ਖ਼ੁਦਾ ਦੀ ਲ੍ਹਾਨਤ ਉਸ ਉੱਤੇ ਪਵੇਗੀ (ਗਲਾਤੀਆਂ 1:6—9)। ਕਹਿਣ ਦਾ ਭਾਵ ਇਹ ਹੈ ਕਿ ਪ੍ਰਭੂ ਨੇ ਆਪਣੇ ਵਚਨ ਵਿਚ ਆਪਣੀ ਇੰਜੀਲ ਨੂੰ ਪਰਗਟ ਕਰ ਦਿੱਤਾ ਹੈ, ਜਿਹੜੇ ਉਸ ਦੀ ਗੱਲ ਮੰਨਦੇ ਹਨ ਉਹੀ ਇਸ ਇੰਜੀਲ ਨੂੰ ਦੂਜਿਆਂ ਕੋਲ ਪਹੁੰਚਾਉਣ, ਇਸ ਨੂੰ ਸੁਣ ਕੇ ਇਸ ਦਾ ਹੁਕਮ ਮੰਨ ਕੇ। ਤਦ ਹੀ ਇਹ ਕਿਹਾ ਜਾ ਸਕਦਾ ਹੈ ਕਿ ਉਹਨੂੰ ਇੰਜੀਲ ਦੇ ਰਾਹੀਂ ਸੱਦਿਆ ਗਿਆ ਹੈ, ਅੰਤ ਵਿਚ ਪ੍ਰਭੂ ਦਾ ਹੁਕਮ ਮੰਨ ਕੇ। ਫਿਰ ਉਨ੍ਹਾਂ ਨੂੰ ਵੀ ਯਿਸੂ ਮਸੀਹ ਦੀ ਇੰਜੀਲ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸਾਰਿਆਂ ਨੂੰ ਹੀ ਇੰਜੀਲ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਇਸ ਦਾ ਅਰਥ ਇਹ ਨਹੀਂ ਹੈ ਕਿ ਸਾਰੇ ਹੀ ਜਨਤਕ ਤੌਰ ਤੇ ਪ੍ਰਚਾਰਕ ਬਣਨ। ਔਰਤਾਂ ਨੂੰ ਮਿਲੇ ਜੁਲੇ ਸਰੋਤਿਆਂ ਵਿਚ ਪ੍ਰਚਾਰ ਕਰਨ ਦੀ ਮਨਾਹੀ ਹੈ। ਕਲੀਸੀਆ ਦੀਆਂ ਔਰਤਾਂ ਪੁਰਖਾਂ ਨਾਲ ਨਿੱਜੀ ਤੌਰ ਤੇ ਗੱਲ ਕਰ ਸਕਦੀਆਂ ਹਨ ਅਤੇ ਔਰਤਾਂ ਦੀ ਸਭਾ ਵਿਚ, ਬੱਚਿਆਂ ਦੀ ਕਲਾਸ ਵਿਚ ਪ੍ਰਚਾਰ ਕਰ ਸਕਦੀਆਂ ਹਨ, ਪਰ ਮਰਦਾਂ ਅਤੇ ਔਰਤਾ ਦੀ ਰਲੀ ਮਿਲੀ ਸਭਾ ਵਿਚ ਉਨ੍ਹਾਂ ਨੂੰ ਚੁਪ ਰਹਿਣ ਲਈ ਆਖਿਆ ਗਿਆ ਹੈ (1 ਕੁਰਿੰਥੀਆਂ 14:34; 1 ਤਿਮੋਥਿਉਸ 2:11)। ਅੱਜ ਬਹੁਤ ਸਾਰੀਆਂ ਔਰਤਾਂ ਪ੍ਰਚਾਰਕ ਹਨ ਜੋ ਹਰ ਸਮੇਂ ਬਾਲਗਾਂ ਦੀ ਰਲੀ ਮਿਲੀ ਸਭਾਂ ਵਿਚ ਪ੍ਰਚਾਰ ਕਰਦੀਆਂ ਹਨ। ਭਾਵੇਂ ਉਹ ਸਚਿਆਈ ਦਾ ਹੀ ਪ੍ਰਚਾਰ ਕਰਦੀਆਂ ਹੋਣ, ਪਰ ਉਹ ਨਿੱਜੀ ਤੌਰ ਤੇ ਪਰਮੇਸ਼ੁਰ ਦਾ ਹੁਕਮ ਤੋੜਦੀਆਂ ਹਨ। ਪਰ ਜਿੱਥੋਂ ਤਕ ਮੈਂ ਜਾਣਦਾ ਹਾਂ, ਉਨ੍ਹਾਂ ਵਿੱਚੋਂ 100 ਫ਼ੀਸਦੀ ਆਪਣੇ ਪ੍ਰਚਾਰ ਦੇ ਰਾਹੀਂ ਪਰਮੇਸ਼ੁਰ ਦੇ ਹੁਕਮ ਨੂੰ ਤੋੜਦੀਆਂ ਹਨ। ਸਗੋਂ ਇਸ ਨਾਲੋਂ ਵੀ ਵਧਕੇ ਗਲਤ ਪ੍ਰਚਾਰ ਕਾਰਣ ਉਹ ਪਰਮੇਸ਼ੁਰ ਅਤੇ ਮਨੁੱਖ ਦੀਆਂ ਕਸੂਰਵਾਰ ਹਨ।

ਪਰ ਪੁਰਖ ਬਾਰੇ ਕੀ ਖ਼ਿਆਲ ਹੈ? ਹਾਂ, ਉਨ੍ਹਾਂ ਵਿੱਚੋਂ ਸਾਰੇ ਹੀ ਪ੍ਰਚਾਰਕ ਨਹੀਂ ਬਣਨਾ ਚਾਹੁੰਦੇ, ਜਾਂ ਉਨ੍ਹਾਂ ਵਿਚ ਗੁਣ ਨਹੀਂ ਹੁੰਦਾ ਜਾਂ ਉਨ੍ਹਾਂ ਨੇ ਸਿਖਲਾਈ ਨਹੀਂ ਲਈ ਹੁੰਦੀ। ਜੇ ਇਹ ਗੱਲ ਹੈ ਤਾਂ ਉਨ੍ਹਾਂ ਨੂੰ ਪ੍ਰਚਾਰਕ ਨਹੀਂ ਬਣਨਾ ਚਾਹੀਦਾ। ਪਰ ਜੇ ਕਿਸੇ ਨੇ ਇੰਜੀਲ ਦਾ ਹੁਕਮ ਮੰਨਿਆ ਹੈ, ਕਲੀਸੀਆ ਦਾ ਮੈਂਬਰ ਹੈ, ਅਤੇ ਵਫ਼ਾਦਾਰ ਮਸੀਹੀ ਹੈ, ਉਸ ਦੀ ਇੱਛਾ ਇੰਜੀਲ ਦਾ ਪ੍ਰਚਾਰ ਕਰਨ ਦੀ ਹੈ, ਅਤੇ ਉਹ ਪ੍ਰਚਾਰ ਕਰਨ ਦਾ ਅਧਿਐਨ ਕਰਕੇ ਤਿਆਰੀ ਕਰਦਾ ਹੈ, ਤਾਂ ਪ੍ਰਭੂ ਹਰ ਤਰ੍ਹਾਂ ਨਾਲ ਚਾਹੇਗਾ ਕਿ ਉਹ ਉਸ ਦੇ ਵਚਨ ਦਾ ਪ੍ਰਚਾਰ ਕਰੇ।

ਫੇਰ ਅੱਜ ਤੁਹਾਨੂੰ ਐਹੋ ਜਿਹੇ ਲੋਕ ਵੀ ਮਿਲਣਗੇ ਜਿਹੜੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਵਿਚ ਕੋਈ ਗੁਣ ਨਹੀਂ ਸੀ, ਵਚਨ ਦਾ ਕੋਈ ਗਿਆਨ ਨਹੀਂ ਸੀ, ਪਰ ਖ਼ੁਦਾ ਨੇ ਉਨ੍ਹਾਂ ਨੂੰ ਪ੍ਰਚਾਰ ਲਈ ਬੁਲਾਇਆ ਹੈ, ਅਤੇ ਖ਼ੁਦਾ ਨੇ ਉਨ੍ਹਾਂ ਨੂੰ ਆਪਣੇ ਆਤਮਾ ਦੇ ਰਾਹੀਂ ਆਪਣਾ ਸੰਦੇਸ਼ ਦਿੱਤਾ ਹੈ ਕਿ ਉਹ ਉਸ ਦਾ ਪ੍ਰਚਾਰ ਕਰਨ। ਯਕੀਨਨ ਹੀ ਉਹ ਗਲਤ ਹਨ ਅਤੇ ਗਲਤੀ ਕਰ ਰਹੇ ਹਨ। ਨਾਲੇ, ਇਹ ਵੀ ਬੜੇ ਦੁੱਖ ਦੀ ਗੱਲ ਹੈ ਕਿ ਉਹ ਪਵਿੱਤਰ ਆਤਮਾ ਨੂੰ ਦੋਸ਼ ਦਿੰਦੇ ਹਨ ਕਿ ਉਸ ਨੇ ਉਨ੍ਹਾਂ ਨੂੰ ਸਿਖਾਇਆ। ਜੇ ਪਵਿੱਤਰ ਆਤਮਾ ਚਮਤਕਾਰੀ ਤਰੀਕੇ ਨਾਲ ਲੋਕਾਂ ਨੂੰ ਪ੍ਰਚਾਰ ਕਰਨ ਦੀ ਅਗਵਾਈ ਕਰੇ ਵੀ, ਜਦ ਕਿ ਉਹ ਕਰਦਾ ਨਹੀਂ ਹੈ, ਤਾਂ ਵੀ ਉਹ ਉਨ੍ਹਾਂ ਨੂੰ ਗਲਤ ਪ੍ਰਚਾਰ ਕਰਨ ਵਿਚ ਅਗਵਾਈ ਨਹੀਂ ਕਰੇਗਾ। ਉਨ੍ਹਾਂ ਪ੍ਰਚਾਰਕਾਂ ਨੂੰ ਧਿਆਨ ਨਾਲ ਸੁਣੋ ਜਿਹੜੇ ਦਾਅਵਾ ਕਰਦੇ ਹਨ ਕਿ ਖ਼ੁਦਾ ਨੇ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਸੱਦਿਆ ਅਤੇ ਉਨ੍ਹਾਂ ਦੇ ਪ੍ਰਚਾਰ ਵੱਲ ਧਿਆਨ ਦਿਓ, ਜਿਸ ਨੂੰ ਉਹ ਆਖਦੇ ਹਨ ਕਿ ਪਵਿੱਤਰ ਆਤਮਾ ਦੀ ਅਗਵਾਈ ਨਾਲ ਕਰਦੇ ਹਨ, ਅਤੇ ਤੁਸੀਂ ਵੇਖੋਗੇ ਕਿ ਜਿਨ੍ਹਾਂ ਗੱਲਾਂ ਦਾ ਉਹ ਪ੍ਰਚਾਰ ਕਰਦੇ ਹਨ ਉਹ ਬਾਈਬਲ ਵਿਚ ਨਹੀਂ ਹਨ, ਉਹ ਇਕ ਦੂਜੇ ਦੇ ਉਲਟ ਹਨ। ਇਸ ਤੋਂ ਛੁੱਟ ਹੋਰ ਉਹ ਉਨ੍ਹਾਂ ਕਲੀਸੀਆਵਾਂ ਵਿਚ ਹਨ ਜਿਨ੍ਹਾਂ ਦਾ ਜਿਕਰ ਬਾਈਬਲ ਵਿਚ ਨਹੀਂ ਹੈ, ਉਨ੍ਹਾਂ ਨੂੰ ਮਨੁੱਖੀ ਨਾਮ ਮਿਲੇ ਹਨ, ਅਤੇ ਹੋਰ ਐਹੋ ਜਿਹੀਆਂ ਗੱਲਾਂ। ਇਹ ਲੋਕ ਪ੍ਰਭੂ ਦੀ ਨੁਮਾਇੰਦਗੀ ਕਿਵੇਂ ਕਰ ਸਕਦੇ ਹਨ? ਉਹ ਨਹੀਂ ਕਰ ਸਕਦੇ। ਉਹ ਪ੍ਰਚਾਰਕ ਹੋ ਸਕਦੇ ਹਨ ਪਰ ਉਹ ਗਲਤ ਪ੍ਰਚਾਰ ਕਰਦੇ ਹਨ ਅਤੇ ਇਸ ਲਈ ਦੋਸ਼ੀ ਠਹਿਰਾਏ ਜਾਣਗੇ।

ਸਾਨੂੰ ਯੂਹੰਨਾ ਦੀ ਚਿਤਾਵਨੀ ਵੱਲ ਧਿਆਨ ਦੇਣਾ ਚਾਹੀਦਾ ਹੈ, ‘‘**ਹੇ ਪਿਆਰਿਓ, ਹਰੇਕ ਆਤਮਾ ਦੀ ਪਰਤੀਤ ਨਾ ਕਰ ਲਓ ਸਗੋਂ ਆਤਮਿਆਂ ਨੂੰ ਪਰਖੋ ਕਿ ਉਹ ਪਰਮੇਸ਼ੁਰ ਤੋਂ ਹਨ ਕਿ ਨਹੀਂ ਕਿਉਂ ਜੋ ਬਾਹਲੇ ਝੂਠੇ ਨਬੀ ਸੰਸਾਰ ਵਿਚ ਨਿੱਕਲ ਆਏ ਹਨ**’’ (1 ਯੂਹੰਨਾ 4: 1)। ਯੂਹੰਨਾ ਆਖਦਾ ਹੈ ਕਿ ਬਹੁਤ ਸਾਰੇ ਝੂਠੇ ਨਬੀ, ਸਿੱਖਿਅਕ ਅਤੇ ਪ੍ਰਚਾਰਕ ਸੰਸਾਰ ਵਿਚ ਆ ਗਏ ਹਨ ਅਤੇ ਇਹੀ ਗੱਲ ਅੱਜ ਵੀ ਸੱਚ ਹੈ ਜਿਵੇਂ ਕਿ ਇਹ ਉਦੋਂ ਸੱਚ ਸੀ। ਪਰ ਉਸ ਨੇ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਪ੍ਰਚਾਰਕਾਂ ਨੂੰ ਪਰਖੀਏ। ਦੂਜੇ ਸ਼ਬਦਾਂ ਵਿਚ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਪ੍ਰਚਾਰ ਦੀ ਖ਼ੁਦਾ ਦੇ ਵਚਨ ਨਾਲ ਤੁਲਨਾ ਕਰੀਏ। ਜੋ ਕੁਝ ਉਹ ਸਿਖਾਉਂਦੇ ਹਨ ਜੇ ਉਹ ਬਾਈਬਲ ਵਿਚ ਨਹੀਂ ਮਿਲਦਾ ਜਾਂ ਉਸ ਨਾਲ ਮੇਲ ਨਹੀਂ ਖਾਂਦਾ ਜੋ ਪ੍ਰਭੂ ਨੇ ਆਖਿਆ, ਤਾਂ ਉਹ ਜੋ ਕੁਝ ਮਰਜ਼ੀ ਆਖੀ ਜਾਣ, ਪਰ ਉਹ ਝੂਠੇ ਪ੍ਰਚਾਰਕ ਹਨ।

ਯੂਹੰਨਾ ਨੇ ਆਖਿਆ, ‘‘**ਹਰ ਕੋਈ ਜਿਹੜਾ ਆਗੂ ਬਣ ਕੇ ਮਸੀਹ ਦੀ**

**ਸਿੱਖਿਆ ਉੱਤੇ ਕਾਇਮ ਨਹੀਂ ਰਹਿੰਦਾ ਪਰਮੇਸ਼ੁਰ ਉਹ ਦੇ ਕੋਲ ਨਹੀਂ ਹੈ। ਜਿਹੜਾ ਓਸ ਸਿੱਖਿਆ ਉੱਤੇ ਕਾਇਮ ਰਹਿੰਦਾ ਹੈ ਉਹ ਦੇ ਕੋਲ ਪਿਤਾ ਅਤੇ ਪੁੱਤਰ ਵੀ ਹਨ। ਜੇ ਕੋਈ ਤੁਹਾਡੇ ਕੋਲ ਆਵੇ ਅਤੇ ਇਹ ਸਿੱਖਿਆ ਨਾ ਲਿਆਵੇ ਤਾਂ ਉਸ ਨੂੰ ਘਰ ਵਿਚ ਨਾ ਉਤਾਰੋ, ਨਾ ਉਸ ਦੀ ਸੁੱਖ ਮਨਾਓ। ਕਿਉਂਕਿ ਜਿਹੜਾ ਉਸ ਦੀ ਸੁੱਖ ਮਨਾਉਂਦਾ ਹੈ ਉਹ ਉਸ ਦੇ ਬੁਰੇ ਕੰਮਾਂ ਦਾ ਭਾਗੀ ਬਣਦਾ ਹੈ'**' (2 ਯੂਹੰਨਾ 9–11)।

ਹਾਂ, ਅੱਜ ਸਾਨੂੰ ਪ੍ਰਚਾਰਕਾਂ ਦੀ ਲੋੜ ਹੈ, ਅਤੇ ਬਹੁਤਾ ਕਰਕੇ, ਉਨ੍ਹਾਂ ਦੀ ਜਿਨ੍ਹਾਂ ਨੂੰ ਖ਼ੁਦਾ ਦੇ ਵਚਨ ਦੇ ਰਾਹੀਂ ਬੁਲਾਇਆ ਗਿਆ ਹੈ, ਅਤੇ ਜੋ ਸਿਰਫ਼ ਇਸ ਸਚਿਆਈ ਦਾ ਹੀ ਪ੍ਰਚਾਰ ਕਰਨ। ਸਾਨੂੰ ਪੁਰਖਾਂ ਦੀ ਲੋੜ ਹੈ ਜੋ ਪ੍ਰਭੂ ਨੂੰ ਅਤੇ ਮਨੁੱਖਾਂ ਦੀਆਂ ਰੂਹਾਂ ਨੂੰ ਪਿਆਰ ਕਰਦੇ ਹੋਣ ਅਤੇ ਮਸੀਹ ਦੇ ਨਾਮ ਨੂੰ ਫੈਲਾਉਣ ਲਈ ਆਪਣੀਆਂ ਜ਼ਿੰਦਗੀਆਂ ਲਗਾ ਦੇਣ। ਸਾਨੂੰ ਭਾੜੇ ਦੇ ਟੱਟੂਆਂ ਦੀ ਲੋੜ ਨਹੀਂ ਹੈ, ਜਿਹੜੇ ਨੌਕਰੀ ਨਾ ਮਿਲਣ ਕਰਕੇ ਪ੍ਰਚਾਰਕ ਬਣਨਾ ਚਾਹੁੰਦੇ ਹੋਣ, ਜਾਂ ਜੋ ਪੈਸੇ ਮਿਲਣ ਤੇ ਝੂਠ ਦਾ ਵੀ ਪ੍ਰਚਾਰ ਕਰਨ ਲਈ ਤਿਆਰ ਜਾਣ। ਪੌਲੁਸ ਨੇ ਜਵਾਨ ਪ੍ਰਚਾਰਕ ਤਿਮੋਥਿਉਸ ਨੂੰ ਕਿਹਾ, '**'ਮੈਂ ਪਰਮੇਸ਼ੁਰ ਅਤੇ ਮਸੀਹ ਯਿਸੂ ਨੂੰ ਜਿਹੜਾ ਜੀਉਂਦਿਆਂ ਅਤੇ ਮੋਇਆਂ ਦਾ ਨਿਆਉਂ ਕਰੇਗਾ ਗਵਾਹ ਕਰ ਕੇ ਉਹ ਦੇ ਪਰਕਾਸ਼ ਅਤੇ ਰਾਜ ਦਾ ਵਾਸਤਾ ਦੇ ਕੇ ਤੈਨੂੰ ਤਗੀਦ ਕਰਦਾ ਹਾਂ। ਭਈ ਤੂੰ ਵਚਨ ਦਾ ਪ੍ਰਚਾਰ ਕਰ। ਵੇਲੇ ਕੁਵੇਲੇ ਉਸ ਵਿਚ ਲੱਗਿਆ ਰਹੁ। ਪੂਰੀ ਧੀਰਜ ਅਤੇ ਸਿੱਖਿਆ ਨਾਲ ਝਿੜਕ ਦਿਹ, ਤਾੜਨਾ ਅਤੇ ਤਗੀਦ ਕਰ। ਕਿਉਂ ਜੋ ਉਹ ਸਮਾ ਆਵੇਗਾ ਜਦੋਂ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ ਪਰ ਕੰਨਾਂ ਦੀ ਜਲੂਨ ਦੇ ਕਾਰਨ ਆਪਣਿਆਂ ਵਿਸ਼ਿਆਂ ਦੇ ਅਨੁਸਾਰ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ। ਅਤੇ ਸਚਿਆਈ ਤੋਂ ਕੰਨਾਂ ਨੂੰ ਫੇਰ ਕੇ ਖਿਆਲੀ ਕਹਾਣੀਆਂ ਦੀ ਵੱਲ ਫਿਰਨਗੇ। ਪਰ ਤੂੰ ਸਭਨੀਂ ਗੱਲੀਂ ਸਚੇਤ ਰਹੀਂ, ਦੁਖ ਝੱਲੀਂ, ਪ੍ਰਚਾਰ ਦਾ ਕੰਮ ਕਰੀਂ, ਆਪਣੀ ਸੇਵਕਾਈ ਨੂੰ ਪੂਰਿਆਂ ਕਰੀਂ'**' (2 ਤਿਮੋਥਿਉਸ 4: 1–5)। ਅਸੀਂ ਪੌਲੁਸ ਦੀ ਗੱਲ ਤੇ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਚੰਗਾ ਕਰਾਂਗੇ। ਜਿਹੜੇ ਲੋਕ ਦੂਜਿਆਂ ਲਈ ਜ਼ਿੰਦਗੀ ਦੀ ਰੋਟੀ ਤੋੜਨ ਦੀ ਹਿੰਮਤ ਕਰਦੇ ਹਨ ਇਕ ਦਿਨ ਉਨ੍ਹਾਂ ਨੂੰ ਉਸ ਸਭ ਦਾ ਜੋ ਉਨ੍ਹਾਂ ਨੇ ਸੁਣਾਇਆ ਹੈ ਹਿਸਾਬ ਦੇਣਾ ਪਵੇਗਾ। ਇਹ ਯਕੀਨੀ ਬਣਾਓ ਕਿ ਅਸੀਂ **ਸਿਰਫ਼ ਅਤੇ ਸਿਰਫ਼ ਇੰਜੀਲ ਹੀ ਸੁਣਾਵਾਂਗੇ।** ਪਰ ਅਸੀਂ ਸਾਫ਼ ਸਾਫ਼ ਅਤੇ ਪਿਆਰ ਨਾਲ ਸਿਰਫ਼ ਇੰਜੀਲ ਹੀ ਸੁਣਾਵਾਂਗੇ। ਲੋਕਾਂ ਨੂੰ ਚੰਗਾ ਲੱਗੇ, ਜਾਂ ਨਾ।

# ਵਿਚਾਰ ਕੀਤੇ ਜਾਣ ਲਈ ਸਵਾਲ

1. ਇਬਰਾਨੀਆਂ 1:1, 2 ਦੱਸਦਾ ਹੈ ਕਿ ਖ਼ੁਦਾ ਨੇ ਮਨੁੱਖ ਨਾਲ ਕਿੰਨੇ ਤਰੀਕਿਆਂ ਨਾਲ ਗੱਲ ਕੀਤੀ।
2. 2 ਪਤਰਸ 1:21 ਦੇ ਅਨੁਸਾਰ ਪੁਰਾਣੇ ਨੇਮ ਦੇ ਨਬੀ ਅਤੇ ਰਸੂਲ ................. ਦੇ ਉਕਸਾਉਣ ਨਾਲ .................. ਦੀ ਵੱਲੋਂ ਬੋਲਦੇ ਸਨ।
3. ਅੱਜ ਲੋਕਾਂ ਨੂੰ ਅਗਵਾਈ ਕਿਵੇਂ ਮਿਲਦੀ ਹੈ? ਖ਼ੁਦਾ ਵੱਲੋਂ ਮਿਲੇ ਸਿੱਧੇ ਸੰਦੇਸ਼ ਨਾਲ ਜਾਂ ਫਿਰ ਉਸ ਦੇ ਲਿਖੇ ਗਏ ਵਚਨ ਦੇ ਰਾਹੀਂ? (1:22)
4. ਵਚਨ ਵਿਚ ਜੋੜਨ ਜਾਂ ਇਸ ਵਿੱਚੋਂ ਕੱਢਣ ਦੇ ਸਬੰਧ ਵਿਚ ਪ੍ਰਕਾਸ਼ ਦੀ ਪੋਥੀ 22:18, 19 ਵਿਚ ਕੀ ਚਿਤਾਵਨੀ ਦਿੱਤੀ ਗਈ ਹੈ?
5. ‘‘ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ................ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ................. ਤੁਹਾਨੂੰ ਸੁਣਾਵੇ ਤਾਂ ਉਹ ਸਰਾਪਤ ਹੋਵੇ!’’ (ਗਲਾਤੀਆਂ 1:6–9)।
6. ਇਹ ਆਇਤਾਂ ਕਿਹੜੀਆਂ ਤਿੰਨ ਗੱਲਾਂ ਦੱਸਦੀਆਂ ਹਨ?
7. ਅਜਿਹੇ ਲੋਕ ਹਨ ਜਿਹੜੇ ਦਾਅਵਾ ਕਰਦੇ ਹਨ ਕਿ ਅੱਜ ਖ਼ੁਦਾ ਉਨ੍ਹਾਂ ਨੂੰ ਖ਼ਾਸ ਮੁਕਾਸ਼ਫ਼ਾ ਦੇ ਰਿਹਾ ਹੈ। ਭਲਾ ਉਹ ਆਪੋ ਵਿਚ ਇਕ ਦੂਜੇ ਦੇ ਉਲਟ ਗੱਲਾਂ ਕਰਦੇ ਹਨ? ਭਲਾ ਉਹ ਬਾਈਬਲ ਵਿਚ ਲਿਖੀਆਂ ਗੱਲਾਂ ਦੇ ਉਲਟ ਗੱਲਾਂ ਕਰਦੇ ਹਨ? ਭਲਾ ਉਹ ਮਨੁੱਖਾਂ ਦੀਆਂ ਬਣਾਈਆਂ ਹੋਈਆਂ ਕਲੀਸੀਆਵਾਂ ਵਿਚ ਹਨ? ਭਲਾ ਉਹ ਉਵੇਂ ਬੰਦਗੀ ਕਰਦੇ ਹਨ ਜਿਸ ਤਰ੍ਹਾਂ ਖ਼ੁਦਾ ਨੇ ਇਖ਼ਤਿਆਰ ਨਹੀਂ ਦਿੱਤਾ। ਭਲਾ ਖ਼ੁਦਾ ਨੇ ਉਨ੍ਹਾਂ ਨੂੰ ਇਕ ਦੂਜੇ ਦੇ ਉਲਟ ਸਿੱਖਿਆਵਾਂ ਦੇਣੀਆਂ ਸਨ?
8. ਭਲਾ ਖ਼ੁਦਾ ਅੱਜ ਲੋਕਾਂ ਨੂੰ ਪ੍ਰਚਾਰ ਕਰਨ ਦੇ ਚਮਤਕਾਰੀ ਢੰਗ ਨਾਲ ਸੱਦਦਾ ਹੈ? ਅਜਿਹਾ ਦਾਅਵਾ ਕਰਨ ਵਾਲੇ ਲੋਕ ਬਾਈਬਲ ਦੇ ਉਲਟ ਗੱਲਾਂ ਸਿਖਾਉਂਦੇ ਹਨ। ਭਲਾ ਖ਼ੁਦਾ ਨੇ ਅਜਿਹਾ ਕਰਨਾ ਸੀ?
9. ਸਾਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਹਰੇਕ ................ ਦੀ ............ ਨਾ ਕਰ ਲਓ (1 ਯੂਹੰਨਾ 4:1)
10. ਖ਼ੁਦਾ ਉਨ੍ਹਾਂ ਦਾ ਨਿਆਂ ਕਿਵੇਂ ਕਰੇਗਾ ਜਿਹੜੇ ਮਸੀਹ ਦੀ ਸਿੱਖਿਆ ਦੇ ਉਲਟ ਗੱਲਾਂ ਸਿਖਾਉਂਦੇ ਹਨ? ਖ਼ੁਦਾ ਉਨ੍ਹਾਂ ਦਾ ਨਿਆਂ ਕਿਵੇਂ ਕਰੇਗਾ ਜਿਹੜੇ ਝੂਠੀ ਸਿੱਖਿਆ ਦੇਣ ਵਾਲਿਆਂ ਦੀ ਹਮਾਇਤ ਕਰਦੇ ਹਨ (2 ਯੂਹੰਨਾ 9–11)।

## ਪਾਠ 9

# ਮਨਬਦਲੀ ਵਿਚ ਪਵਿੱਤਰ ਆਤਮਾ



ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਪਵਿੱਤਰ ਆਤਮਾ ਕੌਣ ਹੈ, ਉਹ ਕਿਵੇਂ ਕੰਮ ਕਰਦਾ ਹੈ, ਅਤੇ ਕੀ ਅੱਜ ਉਹ ਸਾਡੀਆਂ ਜ਼ਿਦਗੀਆਂ ਵਿਚ ਕੰਮ ਕਰਦਾ ਹੈ। ਇਹਦੇ ਲਈ ਮਨਬਦਲੀ ਵਿਚ ਪਵਿੱਤਰ ਆਤਮਾ ਦੇ ਯੋਗਦਾਨ ਦੀ ਗੱਲ ਨੂੰ ਜਾਣਨਾ ਬੇਹਤਰ ਹੋਵੇਗਾ।

ਮਨਬਦਲੀ ਦਾ ਸਬੰਧ ਭਾਵੇਂ ਆਦਮੀ ਦੀ ਜ਼ਿੰਦਗੀ ਵਿਚ ਬਦਲਾਅ ਆਉਣ ਨਾਲ ਹੈ। ਵਚਨ ਦੇ ਮੁਤਾਬਕ ਕਿਸੇ ਦੀ ਮਨਬਦਲੀ ਉਦੋਂ ਹੁੰਦੀ ਹੈ, ਜਦੋਂ ਉਹ ਖ਼ੁਦਾ ਵਿਚ ਯਕੀਨ ਕਰਕੇ, ਆਪਣੇ ਪਾਪਾਂ ਤੋਂ ਤੌਬਾ ਕਰਦਾ, ਆਪਣੇ ਮੂੰਹੋਂ ਮਸੀਹ ਦੇ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਇਕਰਾਰ ਕਰਦਾ, ਅਤੇ ਆਪਣੇ ਪਾਪਾਂ ਨੂੰ ਧੋ ਸੁੱਟਣ ਲਈ ਬਪਤਿਸਮਾ ਲੈ ਲੈਂਦਾ ਹੈ। ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿਚ ਮਨਬਦਲੀਆਂ ਦੀਆਂ ਘੱਟੋ ਘੱਟ ਗਿਆਰਾਂ ਉਦਾਹਰਣਾਂ ਦਰਜ ਹਨ ਜਿਨ੍ਹਾਂ ਵਿਚ ਵਿਖਾਇਆ ਗਿਆ ਹੈ ਕਿ ਪ੍ਰਭੂ ਦਾ ਹੁਕਮ ਸਭ ਲੋਕਾਂ ਨੇ ਇੱਕੋ ਹੀ ਤਰ੍ਹਾਂ ਨਾਲ ਮੰਨਿਆ ਸੀ। ਪਰ ਇਸ ਸਭ ਵਿਚ ਪਵਿੱਤਰ ਆਤਮਾ ਦੀ ਕੀ ਭੂਮਿਕਾ ਹੈ?

ਮਿਹਰਬਾਨੀ ਕਰਕੇ ਮੇਰੇ ਨਾਲ ਯੂਹੰਨਾ 3 ਅਧਿਆਇ ਖੋਲ੍ਹੋ। ਇਸ ਨੂੰ ਪੜ੍ਹੀਏ ਅਤੇ ਵਿਚਾਰ ਕਰੀਏ ਕਿ ਯਿਸੂ ਨੇ ਨਵਾਂ ਜਨਮ ਕਿਸ ਨੂੰ ਕਿਹਾ ਹੈ। ਬਾਈਬਲ ਦੱਸਦੀ ਹੈ, **''ਫ਼ਰੀਸੀਆਂ ਵਿੱਚੋਂ ਨਿਕੁਦੇਮੁਸ ਨਾਉਂ ਦਾ ਇਕ ਮਨੁੱਖ ਯਹੂਦੀਆਂ ਦਾ ਇਕ ਸਰਦਾਰ ਸੀ। ਉਹ ਰਾਤ ਨੂੰ ਯਿਸੂ ਦੇ ਕੋਲ ਆਇਆ ਅਤੇ ਉਸ ਨੂੰ ਆਖਿਆ, ਸੁਆਮੀ ਜੀ ਅਸੀਂ ਜਾਣਦੇ ਹਾਂ ਜੋ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ ਕਿਉਂਕਿ ਏਹ ਨਿਸ਼ਾਨ ਜਿਹੜੇ ਤੁਸੀਂ ਵਿਖਾਲਦੇ ਹੋ ਕੋਈ ਭੀ ਨਹੀਂ ਵਿਖਾ ਸਕਦਾ ਜੇ ਪਰਮੇਸ਼ੁਰ ਉਹ ਦੇ ਨਾਲ ਨਾ ਹੋਵੇ। ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸਕਦਾ। ਨਿਕੁਦੇਮੁਸ ਨੇ ਉਸ ਨੂੰ ਆਖਿਆ, ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿਵੇਂ ਜੰਮ ਸਕਦਾ ਹੈ? ਕੀ ਇਹ ਹੋ ਸਕਦਾ ਹੈ ਜੋ ਉਹ ਆਪਣੀ**

**ਮਾਂ ਦੀ ਕੁੱਖ ਵਿਚ ਦੂਈ ਵਾਰ ਜਾਵੇ ਅਤੇ ਜੰਮੇ?**

ਯਿਸੂ ਨੇ ਉੱਤਰ ਦਿੱਤਾ, **ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ। ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਆਤਮਾ ਹੈ। ਅਚਰਜ ਨਾ ਮੰਨੀਂ ਜੋ ਮੈਂ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਤੋਂ ਜੰਮਣਾ ਜਰੂਰੀ ਹੈ। ਪੌਣ ਜਿੱਧਰ ਚਾਹੁੰਦੀ ਹੈ ਵਗਦੀ ਹੈ ਅਤੇ ਤੂੰ ਉਹ ਦੀ ਅਵਾਜ਼ ਸੁਣਦਾ ਹੈਂ ਪਰ ਇਹ ਨਹੀਂ ਜਾਣਦਾ ਜੋ ਉਹ ਕਿੱਧਰੋਂ ਆਈ ਅਤੇ ਕਿੱਧਰ ਨੂੰ ਜਾਂਦੀ ਹੈ। ਹਰ ਕੋਈ ਜੋ ਆਤਮਾ ਤੋਂ ਜੰਮਿਆ ਸੋ ਇਹੋ ਜਿਹਾ ਹੈ। ਨਿਕੁਦੇਮੁਸ ਨੇ ਉਸ ਨੂੰ ਉੱਤਰ ਦਿੱਤਾ, ਏਹ ਗੱਲਾਂ ਕਿੱਕੁਰ ਹੋ ਸੱਕਦੀਆਂ ਹਨ? ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਕੀ ਤੂੰ ਇਸਰਾਏਲ ਦਾ ਗੁਰੂ ਹੋ ਕੇ ਏਹ ਗੱਲਾਂ ਨਹੀਂ ਸਮਝਦਾ? ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਜਿਹੜੀ ਗੱਲ ਅਸੀਂ ਜਾਣਦੇ ਹਾਂ ਸੋਈ ਕਹਿੰਦੇ ਹਾਂ ਅਤੇ ਜੋ ਅਸਾਂ ਵੇਖਿਆ ਹੈ ਉਸੇ ਦੀ ਸਾਖੀ ਦਿੰਦੇ ਹਾਂ ਅਰ ਤੁਸੀਂ ਸਾਡੀ ਸਾਖੀ ਨਹੀਂ ਮੰਨਦੇ। ਜਦ ਮੈਂ ਤੁਹਾਨੂੰ ਸੰਸਾਰੀ ਗੱਲਾਂ ਦੱਸੀਆਂ ਅਤੇ ਤੁਸਾਂ ਪਰਤੀਤ ਨਾ ਕੀਤੀ ਫੇਰ ਜੇ ਮੈਂ ਤੁਹਾਨੂੰ ਸੁਰਗੀ ਗੱਲਾਂ ਦੱਸਾਂ ਤਾਂ ਤੁਸੀਂ ਕਿੱਕਰ ਪਰਤੀਤ ਕਰੋਗੇ? ਸੁਰਗ ਨੂੰ ਕੋਈ ਨਹੀਂ ਚੜ੍ਹਿਆ ਪਰ ਉਹ ਜਿਹੜਾ ਸੁਰਗ ਤੋਂ ਉੱਤਰਿਆ ਅਰਥਾਤ ਮਨੁੱਖ ਦਾ ਪੁੱਤਰ' '** (ਯੂਹੰਨਾ 3: 1—13)।

ਜੋ ਗੱਲਬਾਤ ਯਿਸੂ ਅਤੇ ਨਿਕੁਦੇਮੁਸ ਵਿਚਕਾਰ ਹੋਈ ਮਿਹਰਬਾਨੀ ਕਰਕੇ ਉਸ ਵੱਲ ਧਿਆਨ ਦਿਓ। ਉਹ ਇਕ ਫ਼ਰੀਸੀ ਸੀ, ਬਹੁਤ ਹੀ ਧਾਰਮਿਕ ਆਦਮੀ, ਪਰ ਉਹ ਯਿਸੂ ਵਿਚ ਵਿਸ਼ਵਾਸ ਰੱਖਦਾ ਸੀ। ਸਪੱਸ਼ਟ ਹੈ ਕਿ ਉਹ ਡਰਦਾ ਸੀ ਕਿ ਲੋਕ ਕੀ ਕਹਿਣਗੇ, ਉਹ ਇਸ ਕਰਕੇ ਯਿਸੂ ਕੋਲ ਰਾਤ ਨੂੰ ਆਇਆ। ਇਹਦਾ ਦੋ ਹੋਰ ਮੌਕਿਆਂ ਤੇ ਜ਼ਿਕਰ ਆਉਂਦਾ ਹੈ। ਇਕ ਵਾਰ ਜਦ ਉਸ ਨੇ ਯਿਸੂ ਦੇ ਮੁਕੱਦਮੇ ਦੀ ਪੈਰਵੀ ਕੀਤੀ ਅਤੇ ਦੂਜਾ ਉਦੋਂ ਜਦੋਂ ਉਹ ਗੰਧਰਸ ਅਤੇ ਊਦ ਰਲੇ ਹੋਏ ਲਿਆਇਆ ਅਤੇ ਉਸ ਨੇ ਯਿਸੂ ਨੂੰ ਦਫ਼ਨਾਉਣ ਲਈ ਮਹੀਨ ਕਪੜਿਆਂ ਵਿਚ ਮਸਾਲੇ ਲਾ ਕੇ ਲਪੇਟਿਆ। ਪਰ ਨਿਕੁਦੇਮੁਸ ਨੇ ਯਿਸੂ ਵਿਚ ਆਪਣੇ ਵਿਸ਼ਵਾਸ ਨੂੰ ਮੰਨਿਆ ਜਦ ਉਸ ਨੇ ਕਿਹਾ, **' 'ਸੁਆਮੀ ਜੀ ਅਸੀਂ ਜਾਣਦੇ ਹਾਂ ਕਿ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ। ਕਿਉਂਕਿ ਇਹ ਨਿਸ਼ਾਨ ਜੋ ਤੁਸੀਂ ਵਿਖਾਲਦੇ ਹੋ ਕੋਈ ਭੀ ਨਹੀਂ ਵਿਖਾ ਸਕਦਾ ਜੇ ਪਰਮੇਸ਼ੁਰ ਉਹਦੇ ਨਾਲ ਨਾ ਹੋਵੇ।' '**

ਅਤੇ ਬਾਈਬਲ ਅੱਗੇ ਦੱਸਦੀ ਹੈ ਕਿ ਯਿਸੂ ਨੇ ਉਹਦਾ ਜਵਾਬ ਇਹ ਕਹਿ ਕੇ ਦਿੱਤਾ ਕਿ ਪਰਮੇਸ਼ੁਰ ਦੇ ਰਾਜ ਵਿਚ ਦਾਖਲ ਹੋਣ ਲਈ ਦੁਬਾਰਾ ਜਨਮ ਲੈਣਾ ਜ਼ਰੂਰੀ ਹੈ। ਕਲੀਸੀਆ (ਅਰਥਾਤ ਰਾਜ) ਅਜੇ ਤਕ ਸਥਾਪਤ ਨਹੀਂ ਹੋਈ ਸੀ, ਪਰ ਛੇਤੀ ਹੀ ਇਹ ਹੋਂਦ ਵਿਚ ਆਉਣ ਵਾਲੀ ਸੀ, ਅਤੇ ਕਲੀਸੀਆ ਅਰਥਾਤ ਰਾਜ

ਵਿਚ ਦਾਖਲ ਹੋਣ ਦਾ ਸਿਰਫ਼ ਇਕ ਹੀ ਤਰੀਕਾ ਹੋਣਾ ਸੀ, ਆਤਮਿਕ ਜਨਮ।

ਸੁਭਾਵਕ ਹੈ ਕਿ ਨਿਕੁਦੇਮੁਸ ਨੂੰ ਲੱਗਾ ਸੀ ਕਿ ਮਸੀਹ ਸਰੀਰਕ ਜਨਮ ਦੀ ਗੱਲ ਕਰ ਰਿਹਾ ਹੈ। ਸੋ ਉਸ ਨੇ ਜਾਣਨਾ ਚਾਹਿਆ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਜਦ ਉਹ ਬੁੱਢਾ ਹੋ ਜਾਵੇ ਤਾਂ ਫੇਰ ਆਪਣੀ ਮਾਂ ਦੀ ਕੁੱਖ ਤੋਂ ਜਨਮ ਲਵੇ। **ਫਿਰ ਯਿਸੂ ਉਸ ਨੂੰ ਸਮਝਾਉਂਦਾ ਹੈ ਕਿ ਉਹ ਨਵਾਂ ਜਨਮ ਕਿਸ ਤਰ੍ਹਾਂ ਹੁੰਦਾ ਹੈ। ਉਹ ਸਰੀਰਕ ਜਨਮ ਦੀ ਗੱਲ ਨਹੀਂ ਕਰ ਰਿਹਾ ਸੀ,** ਕਿਉਂਕਿ ਰਾਜ ਅਰਥਾਤ ਕਲੀਸੀਆ ਵਿਚ ਕੋਈ ਵੀ ਆਪਣੇ ਸਰੀਰਕ ਜਨਮ ਕਾਰਣ ਦਾਖਲ ਨਹੀਂ ਹੋ ਸਕਦਾ ਸੀ। ਜਿਸ ਜਨਮ ਦੀ ਯਿਸੂ ਗੱਲ ਕਰ ਰਿਹਾ ਸੀ ਉਹ ਆਤਮਿਕ ਜਨਮ ਸੀ। ਆਤਮਿਕ ਜਨਮ ਜੋ ਸਰੀਰਕ ਅਮਲ ਨਾਲ ਹੋਣਾ ਸੀ, ਭਾਵ, **ਜਲ ਤੋਂ ਜਨਮ ਲੈਣ ਨਾਲ। ਬਾਈਬਲ ਅਨੁਸਾਰ ਸਿਰਫ਼ ਪਾਣੀ ਵਿਚ ਇਕ ਹੀ ਅਮਲ ਦਿਖਾਇਆ ਜਾਣਾ ਸੀ ਅਤੇ ਉਹ ਬਪਤਿਸਮਾ ਸੀ।** ਸਾਨੂੰ ਪਤਾ ਲਗਦਾ ਹੈ ਕਿ ਯੂਹੰਨਾ ਉੱਥੇ ਬਪਤਿਸਮਾ ਦਿੰਦਾ ਸੀ ਜਿੱਥੇ ਜਲ ਬਹੁਤ ਸੀ (ਯੂਹੰਨਾ 3:23)। ਮਸੀਹ ਨੇ ਜਲ ਵਿਚ ਬਪਤਿਸਮਾ ਲਿਆ ਸੀ (ਮੱਤੀ 3:13–17)। ਪੌਲੁਸ ਨੂੰ ਦੱਸਿਆ ਗਿਆ ਕਿ ਉਹ ਉਠ ਕੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਵੇ (ਰਸੂਲਾਂ ਦੇ ਕਰਤੱਬ 22:16)। ਫਿਰ, ਪੌਲੁਸ ਨੇ ਦੱਸਿਆ ਕਿ ਅਸੀਂ ਬਪਤਿਸਮੇ ਦੇ ਰਾਹੀਂ ਮਸੀਹ ਵਿਚ ਆਉਂਦੇ ਹਾਂ (2 ਕੁਰਿੰਥੀਆਂ 5:17)। ਫਿਰ ਤਾਂ ਜਲ ਤੋਂ ਜਨਮ ਲੈਣ ਦਾ ਇਹੀ ਅਰਥ ਹੋਵੇਗਾ।

**ਦੂਜੀ ਗੱਲ ਅਸੀਂ ਵੇਖਦੇ ਹਾਂ ਕਿ ਜਿਸ ਜਨਮ ਦੀ ਯਿਸੂ ਗੱਲ ਕਰ ਰਿਹਾ ਸੀ, ਉਸ ਵਿਚ ਆਤਮਾ ਦਾ ਕੰਮ ਵੀ ਸ਼ਾਮਿਲ ਹੈ।** ਉਸ ਨੇ ਕਿਹਾ, **''ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ''** (ਯੂਹੰਨਾ 3:5)। ਜਿਵੇਂ ਅਸੀਂ ਵੇਖਿਆ ਕਿ ਜਲ ਤੋਂ ਜਨਮ ਲੈਣ ਦਾ ਸਪੱਸ਼ਟ ਅਰਥ ਬਪਤਿਸਮਾ ਲੈਣਾ ਹੈ, ਪਰ ਇਸ ਸਭ ਵਿਚ ਆਤਮਾ ਦੀ ਭੂਮਿਕਾ ਕੀ ਹੈ? ਅਸਲ ਵਿਚ **''ਜਲ ਅਰ ਆਤਮਾ ਤੋਂ ਜਨਮ ਲੈਣਾ''** ਆਪਸ ਵਿਚ ਇਕ–ਮਿੱਕ ਹੋਣਾ ਹੈ। ਇਕ ਨੂੰ ਛੱਡ ਕੇ ਤੁਸੀਂ ਦੂਜਾ ਨਹੀਂ ਕਰ ਸਕਦੇ। ਇੱਥੇ ਆਤਮਾ ਦੇ ਦਖਲ ਨੂੰ ਸਮਝਣ ਲਈ ਆਓ 1 ਪਤਰਸ 1:22, 23 ਵਿਚ ਵੇਖਦੇ ਹਾਂ। ਇੱਥੇ ਅਸੀਂ ਵੇਖਦੇ ਹਾਂ ਕਿ ਪਤਰਸ ਮਸੀਹ ਨਾਲ ਗੱਲ ਕਰਦਾ ਹੈ, **''ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ। ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ।''** ਸੋ ਇਸ ਦਾ ਅਰਥ ਇਹ ਹੋਇਆ ਕਿ ਨਵੇਂ ਸਿਰਿਓਂ ਜਨਮ ਲੈਣਾ ਨਾਸ਼ਵਾਨ ਬੀਜ

ਅਰਥਾਤ ਸਰੀਰਕ ਤੋਂ ਨਹੀਂ ਸਗੋਂ ਅਵਿਨਾਸ਼ੀ ਚੀਜ਼ ਅਰਥਾਤ ਖ਼ੁਦਾ ਦੇ ਵਚਨ ਤੋਂ ਜਨਮ ਲੈਣਾ ਹੈ। ਭਲਾ ਵਚਨ ਕਿਸ ਨੇ ਦਿੱਤਾ? ਬੇਸ਼ੱਕ, ਆਤਮਾ ਨੇ। ਮਸੀਹ ਨੇ ਆਖਿਆ, **''ਪਰ ਮੈਂ ਤੁਹਾਨੂੰ ਆਖਿਆ ਸੀ ਜੋ ਤੁਸਾਂ ਮੈਨੂੰ ਡਿੱਠਾ ਹੈ ਅਰ ਤਾਂ ਵੀ ਨਿਹਚਾ ਨਹੀਂ ਕਰਦੇ''** (ਯੂਹੰਨਾ 6:36)। ਫਿਰ ਮਸੀਹ ਨੇ ਹੁਕਮ ਕੀਤਾ ਕਿ ਇੰਜੀਲ ਜੋ ਕਿ ਵਚਨ ਅਰ ਉਹ ਸਚਿਆਈ ਹੈ ਉਸ ਨੂੰ ਸਾਰੇ ਸੰਸਾਰ ਵਿਚ ਲਿਜਾਇਆ ਜਾਵੇ (ਮਰਕੁਸ 16:15)। ਸੋ ਜਦ ਕੋਈ ਇਸ ਨੂੰ ਸੁਣਦਾ ਹੈ ਤਾਂ ਉਹ ਵਿਸ਼ਵਾਸ ਕਰਨ ਲਗਦਾ ਹੈ (ਰੋਮੀਆਂ 10:17) ਅਤੇ ਵਚਨ ਨੂੰ ਜਾਣ ਕੇ ਉਹ ਉਸ ਤਰ੍ਹਾਂ ਕਰਦਾ ਹੈ, ਅਤੇ ਇਸ ਨੂੰ ਮੰਨਦਾ ਹੈ, ਫਿਰ ਪ੍ਰਭੂ ਉਸ ਵਿਅਕਤੀ ਨੂੰ ਬਚਾ ਲੈਂਦਾ ਹੈ। ਮਸੀਹ ਨੇ ਕਿਹਾ, **''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ''** (ਮਰਕੁਸ 16:16)।

ਫਿਰ ਜਲ ਅਰ ਆਤਮਾ ਤੋਂ ਜਨਮ ਲੈਣ ਦਾ ਕੀ ਅਰਥ ਹੋਇਆ? ਇਸ ਦਾ ਸਿੱਧਾ ਜਿਹਾ ਅਰਥ ਇਹ ਹੈ ਕਿ ਆਤਮਾ ਅਰਥਾਤ ਵਚਨ ਦੇ ਰਾਹੀਂ, ਕਿਸੇ ਦਾ ਮਸੀਹ ਵਿਚ ਵਿਸ਼ਵਾਸ ਲਿਆਉਣਾ, ਆਪਣੇ ਪਾਪਾਂ ਤੋਂ ਤੌਬਾ ਕਰਨਾ, ਮਸੀਹ ਨੂੰ ਪਰਮੇਸ਼ੁਰ ਦਾ ਪੁੱਤਰ ਮੰਨਣਾ ਅਤੇ ਪ੍ਰਭੂ ਦੇ ਨਾਲ ਬਪਤਿਸਮੇ ਦੇ ਪਾਣੀ ਵਿਚ ਦਫ਼ਨ ਹੋਣਾ। **ਜੇ ਕੋਈ ਬਿਲਕੁਲ ਇਵੇਂ ਕਰਦਾ ਹੈ ਤਾਂ ਉਹ ਜਲ ਅਰ ਆਤਮਾ ਤੋਂ ਜਨਮ ਲੈ ਰਿਹਾ ਹੁੰਦਾ ਹੈ। ਜਾਂ ਜਲ ਤੋਂ ਜਨਮਿਆ, ਜਾਂ ਇੰਜੀਲ ਦਾ ਹੁਕਮ ਮੰਨਿਆ, ਜਾਂ ਮਸੀਹ ਦੀ ਗੱਲ ਮੰਨੀ, ਇਸ ਤਰ੍ਹਾਂ ਜਿਵੇਂ ਵਚਨ ਦੇ ਰਾਹੀਂ ਆਤਮਾ ਨੇ ਉਸ ਨੂੰ ਨਿਰਦੇਸ਼ ਦਿੱਤਾ। ਇਸ ਦਾ ਅਰਥ ਇਹ ਹੋਇਆ ਕਿ ਜਲ ਅਰ ਆਤਮਾ ਦੋਵਾਂ ਦਾ ਹੀ ਕੰਮ ਹੈ।** ਭਲਾ ਇਸ ਦਾ ਅਰਥ ਫਿਰ ਇਹ ਹੋਇਆ ਕਿ ਆਤਮਾ ਚਮਤਕਾਰੀ ਢੰਗ ਨਾਲ ਕਿਸੇ ਨੂੰ ਨਜਾਤ ਲਈ ਅਗਵਾਈ ਕਰਦਾ ਹੈ, ਤਾਂ ਜਲ ਅਰ ਆਤਮਾ ਤੋਂ ਜਨਮ ਲੈ ਕੇ ਕੋਈ ਸੰਸਾਰ ਤੋਂ ਦੂਰ ਹੋ ਜਾਂਦਾ ਹੈ? ਜੁਆ ਹੋਵੇਗਾ, ਨਹੀਂ। ਨਜਾਤ ਇਥੇ ਚਮਤਕਾਰੀ ਤਰੀਕੇ ਨਾਲ ਨਹੀਂ ਮਿਲੀ, ਸਗੋਂ ਇਹ ਤਾਂ ਪਰਮੇਸ਼ੁਰ ਦੀ ਆਤਮਾ ਸ਼ਰ੍ਹਾ ਦੇ ਅਨੁਸਾਰ ਹੈ ਕਿ ਕੋਈ ਜਦ ਪ੍ਰਭੂ ਦੀ ਸਿੱਖਿਆ ਦਾ ਹੁਕਮ ਮੰਨਦਾ ਹੈ ਤਾਂ ਉਹ ਬਚਾਇਆ ਜਾਂਦਾ ਹੈ। ਦੂਜੇ ਪਾਸੇ ਜੋ ਉਸ ਦੇ ਹੁਕਮ ਨੂੰ ਪੂਰਾ ਨਹੀਂ ਕਰਦੇ ਉਹ ਬਚਾਏ ਨਹੀਂ ਜਾਂਦੇ ਹਨ।

ਮਨੁੱਖੀ ਸਥਿਤੀ ਨੂੰ ਵੇਖੋ। ਸਰੀਰਕ ਜਨਮ ਵੇਲੇ ਆਦਮੀ ਮਾਸੂਮ ''ਉਸ ਨੂੰ ਖ਼ੁਦਾ ਵੱਲੋਂ ਕਬੂਲ ਕੀਤਾ ਗਿਆ ਸੀ ਅਤੇ ਜੇ ਉਹ ਮਰ ਜਾਂਦਾ ਤਾਂ ਉਸ ਨੇ ਉਨ੍ਹਾਂ ਲੋਕਾਂ ਵਿਚ ਸ਼ਾਮਿਲ ਹੋਣਾ ਸੀ ਜਿਹੜੇ ਅਨਾਦਿ ਸੁਰਗ ਦੇ ਸੁੱਖ ਦਾ ਅਨੰਦ ਲੈਣਗੇ। ਪਰ ਜੇ ਉਹ ਸਹੀ ਗਲਤ ਦੀ ਪਛਾਣ ਦੀ ਉਮਰ ਤਕ ਪਹੁੰਚ ਜਾਏ ਤਾਂ ਉਹ ਆਪਣੀ ਗਲਤ ਪਸੰਦ ਕੇ ਕਾਰਣ ਪਾਪੀ ਠਹਿਰੇਗਾ। ਰੋਮੀਆਂ 3:23 ਦੱਸਦਾ

ਹੈ, **‘ ‘ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਸਨ।’ ’** ਪਾਪ ਸਾਨੂੰ ਖ਼ੁਦਾ ਤੋਂ ਅੱਡ ਕਰਦਾ ਹੈ ਜਿਸ ਨਾਲ ਆਤਮਾ ਰੂਹਾਨੀ ਤੌਰ ਤੇ ਪਾਪ ਵਿਚ ਮਰ ਜਾਂਦੀ ਹੈ। **ਉਸ ਨੂੰ ਰੂਹਾਨੀ ਤੌਰ ਤੇ ਖ਼ੁਦਾ ਲਈ ਜ਼ਿੰਦਾ ਕੀਤੇ ਜਾਣ ਵਾਸਤੇ ਕੀ ਕਰਨਾ ਜ਼ਰੂਰੀ ਹੈ? ਨਵਾਂ ਜਨਮ ਲੈਣਾ !** 2 ਕੁਰਿੰਥੀਆਂ 3:6 ਦੱਸਦਾ ਹੈ ਕਿ **ਆਤਮਾ ਜੁਆਲਦਾ ਹੈ।** ਕਿਵੇਂ? ਅਸੀਂ ਪਾਪ ਵਿਚ ਮਰੇ ਹੋਏ ਸਾਂ ਪਰ ਬਪਤਿਸਮੇ ਵਿਚ ਪਾਣੀ ਨਾਲ ਜਨਮ ਲੈ ਕੇ ਅਸੀਂ ਖ਼ੁਦਾ ਦੇ ਪਰਿਵਾਰ ਭਾਵ ਕਲੀਸੀਆ ਵਿਚ ਨਵੇਂ ਜੰਮੇ ਬੱਚਿਆਂ ਵਾਂਗ ਆਤਮਾ ਨਾਲ ਬਪਤਿਸਮਾ ਲਿਆ! ਹੁਣ ਉਸ ਨਵੇਂ ਆਤਮਿਕ ਜੀਵਨ ਨੂੰ ਬਣਾ ਕੇ ਅਤੇ ਸਾਨੂੰ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਪਛਾਣ ਦੇ ਕੇ ਖ਼ੁਦਾ ਦਾ ਆਤਮਾ ਸਾਡੇ ਅੰਦਰ ਵਾਸ ਕਰਦਾ ਹੈ। ਧਿਆਨ ਦਿਓ ਕਿ ਰੋਮੀਆਂ 8:13–17 ਵਿਚ ਕੀ ਸਮਝਾਇਆ ਗਿਆ ਹੈ: **‘ ‘ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ। ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ। ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਦੇ ਅਸੀਂ ‘ਅੱਬਾ’, ਹੇ ਪਿਤਾ, ਪੁਕਾਰਦੇ ਹਾਂ। ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ। ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ।’ ’**

ਬਾਈਬਲ ਦੱਸਦੀ ਹੈ ਕਿ ਜੋ ਸਰੀਰ ਤੋਂ ਜੰਮਿਆ ਉਹ ਸਰੀਰ ਹੈ ਅਤੇ ਜੋ ਆਤਮਾ ਤੋਂ ਜੰਮਿਆ ਉਹ ਆਤਮਾ ਹੈ। ਪ੍ਰਭੂ ਨੇ ਨਿਕੁਦੇਮੁਸ ਨੂੰ ਸਮਝਾਇਆ ਸੀ ਕਿ ਸਾਨੂੰ ਹਮੇਸ਼ਾ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਰੂਹਾਨੀ ਗੱਲਾਂ ਦਾ ਕੀ ਮਤਲਬ ਹੈ। ਅਸੀਂ ਹਵਾ ਨੂੰ ਵੇਖ ਨਹੀਂ ਸਕਦੇ ਪਰ ਉਸ ਦੇ ਨਤੀਜਿਆਂ ਨੂੰ ਵੇਖ ਸਕਦੇ ਹਾਂ। ਨਾ ਹੀ ਅਸੀਂ ਆਤਮਾ ਦੇ ਇੰਜੀਲ ਦੇ ਸੁਨੇਹੇ ਦੇ ਰਾਹੀਂ ਨਿਹਚਾ ਕਰਕੇ ਹੁਕਮ ਮੰਨਣ ਵਾਲੇ ਅਤੇ ਜ਼ਿੰਦਗੀ ਦੁਆਉਣ ਵਾਲੇ ਕੰਮ ਨੂੰ ਵੇਖ ਸਕਦੇ ਹਾਂ। ਪਰ ਅਸੀਂ ਉਸ ਕੰਮ ਦੇ ਨਤੀਜਿਆਂ ਨੂੰ ਵੇਖ ਸਕਦੇ ਹਾਂ ਜਿਸ ਵਿਚ ਆਦਮੀ ਨੂੰ ਯਕੀਨ ਕਰਨ ਤੇ ਪ੍ਰਭੂ ਦਾ ਹੁਕਮ ਮੰਨਦਾ ਹੈ, ਬਚਾਇਆ ਜਾਂਦਾ ਹੈ, ਪ੍ਰਭੂ ਦੇ ਰਾਜ ਭਾਵ ਕਲੀਸੀਆ ਵਿਚ ਮਿਲਾਇਆ ਹੈ। ਇਹੀ ਨਵਾਂ ਜਨਮ ਹੈ ਅਤੇ ਮਨਬਦਲੀ ਵਿਚ ਆਤਮਾ ਦਾ ਇਹੀ ਯੋਗਦਾਨ ਹੈ।

ਹਰ ਸਰੀਰਕ ਜਨਮ ਇੱਕੋ ਹੀ ਤਰ੍ਹਾਂ ਨਾਲ ਹੁੰਦਾ ਹੈ, ਅਤੇ ਜਨਮ ਦੇ ਕੁਦਰਤੀ ਤਰੀਕੇ ਨਾਲ ਹੁੰਦਾ ਹੈ। ਖ਼ੁਦਾ ਇਕ ਵਿਅਕਤੀ ਨੂੰ ਇਕ ਤਰੀਕੇ ਨਾਲ ਅਤੇ ਦੂਜੇ

ਨੂੰ ਕਿਸੇ ਹੋਰ ਤਰੀਕੇ ਨਾਲ ਨਹੀਂ ਬਚਾਉਂਦਾ ਹੈ। ਉਹ ਸਭ ਨੂੰ ਇੱਕੋ ਹੀ ਤਰੀਕੇ ਨਾਲ ਬਚਾਉਂਦਾ ਹੈ, ਭਾਵ ਉਸ ਨਿਯਮ ਦੇ ਅਨੁਸਾਰ ਜਿਹੜਾ ਬਾਈਬਲ ਵਿਚ ਦੱਸਿਆ ਗਿਆ ਹੈ ਅਤੇ ਫਿਰ ਨਵੇਂ ਮਸੀਹੀ ਲਈ ਦੂਜਿਆਂ ਨੂੰ ਪਰਮੇਸ਼ੁਰ ਦੇ ਗਿਆਨ ਤੱਕ ਲਿਆ ਕੇ ਫਲ ਦੇਣਾ ਜ਼ਰੂਰੀ ਹੈ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਅਜਿਹੇ ਲੋਕ ਹਨ ਜੋ ਦਾਅਵਾ ਕਰਦੇ ਹਨ ਕਿ ਖ਼ੁਦਾ ਦੀ ਗੱਲ ਨੂੰ ਸੁਣਨ ਲਈ ਕਿਸੇ ਦੇ ਮਨ ਨੂੰ ਖੋਲ੍ਹਣ ਦਾ ਇੱਕੋ ਇਕ ਤਰੀਕਾ ''ਪਵਿੱਤਰ ਆਤਮਾ ਦਾ ਸਿੱਧਾ ਦਖਲ'' ਹੈ। ਭਲਾ ਨਵਾਂ ਨੇਮ ਇਹ ਸਿਖਾਉਂਦਾ ਹੈ?
2. ਮਨਬਦਲੀ ਕੀ ਹੈ?
3. ਯਿਸੂ ਨੇ ਨਿਕੁਦੇਮੁਸ ਨੂੰ ਕੀ ਦੱਸਿਆ ਕਿ ਆਦਮੀ ਲਈ ਪਰਮੇਸ਼ੁਰ ਦੇ ਰਾਜ (ਕਲੀਸੀਆ) ਨੂੰ ਵੇਖ ਸਕਣ ਤੋਂ ਪਹਿਲਾਂ ਕੀ ਕਰਨਾ ਜ਼ਰੂਰੀ ਹੈ?
4. ਉਹ ਇੱਕੋ ਇਕ ਤਰੀਕਾ ਕੀ ਹੈ ਜਿਸ ਨਾਲ ਕਲੀਸੀਆ ਵਿਚ ਦਾਖਲ ਹੋਇਆ ਜਾ ਸਕਦਾ ਹੈ?
5. ਨਿਕੁਦੇਮੁਸ ਨੇ ਗਲਤ ਸਮਝਿਆ ਸੀ ਕਿ ਯਿਸੂ ਨੇ ਸਰੀਰਕ ਜਨਮ ਦੀ ਗੱਲ ਕੀਤੀ। ਆਪਣੇ ਸ਼ਬਦਾਂ ਵਿਚ ਸਮਝਾਓ ਕਿ ਨਵੇਂ ਸਿਰਿਓਂ ਜਨਮ ਦਾ ਕੀ ਅਰਥ ਹੈ?
6. ਜਲ ਤੋਂ ਜੰਮਣ ਤੋਂ ਕੀ ਭਾਵ ਹੈ? ਆਤਮਾ ਤੋਂ ਜੰਮਣ ਤੋਂ ਕੀ ਭਾਵ ਹੈ?
7. ਸਰੀਰਕ ਜਨਮ ਵਿਚ ਕੀ ਹੁੰਦਾ ਹੈ? [ਨਵੇਂ ਜਨਮ] ਆਤਮਿਕ ਜਨਮ ਵਿਚ ਕੀ ਹੁੰਦਾ ਹੈ? ਜਿਹੜੀਆਂ ਰੂਹਾਂ ਪਾਪ ਵਿਚ ਮਰੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਪਵਿੱਛਰ ਆਤਮਾ ਦੇ ਰਾਹੀਂ ਉਨ੍ਹਾਂ ਵਿਚ ਜਾਨ ਪਾ ਕੇ ਜੁਆਲਿਆ ਜਾਂਦਾ ਹੈ (ਯੂਹੰਨਾ 6:63)।
8. ਅਵਿਨਾਸ਼ੀ ਬੀਜ ਕੀ ਹੈ ਜਿਹੜਾ ਸਾਡੇ ਹਿਰਦੇ ਵਿਚ ਵੱਧਦਾ ਹੈ ਤਾਂ ਜੋ ਸਾਨੂੰ ਮਸੀਹ ਵਿਚ ਬਪਤਿਸਮੇ ਦੇ ਰਾਹੀਂ ਨਵੇਂ ਜਨਮ ਦਾ ਅਨੁਭਵ ਮਿਲ ਸਕੇ?
9. 2 ਕੁਰਿੰਥੀਆਂ 3:6 ਕੀ ਆਖਦਾ ਹੈ?
10. ਰੋਮੀਆਂ 8;13—17 ਦੇ ਅਨੁਸਾਰ ਨਵਾਂ ਆਤਮਿਕ ਜੀਵਨ ਪਾ ਲੈਣ ਤੇ ਸਾਡੀ ਰੂਹਾਨੀ ਜ਼ਿੰਦਗੀ ਕਿਹੋ ਜਿਹੀ ਹੋਣੀ ਜ਼ਰੂਰੀ ਹੈ।

# ਪਾਠ 10

# “ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ”



ਮੌਤ, ਦਫ਼ਨਾਏ ਜਾਣ, ਜੀ ਉੱਠਣ ਅਤੇ ਸੁਰਗ ਵਿਚ ਪਿਤਾ ਕੋਲ ਉੱਪਰ ਉਠਾਏ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਮਸੀਹ ਨੇ ਆਪਣੇ ਰਸੂਲਾਂ ਨੂੰ ਆਪਣੇ ਕੋਲ ਇਕੱਠੇ ਕੀਤਾ, **‘‘ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ। ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ, ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ। ਫੇਰ ਪ੍ਰਭੂ ਯਿਸੂ ਜਾਂ ਉਨ੍ਹਾਂ ਨਾਲ ਬਚਨ ਕਰ ਹਟਿਆ ਅਕਾਸ਼ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਜਾ ਬੈਠਾ। ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪ੍ਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਵਚਨ ਨੂੰ ਉਨ੍ਹਾਂ ਨਿਸ਼ਾਨਾਂ ਦੀ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ’’** (ਮਰਕੁਸ 16:15—20)।

ਕੁਝ ਲੋਕ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਅੱਜ ਹਰ ਮਸੀਹੀ ਜਾਂ ਘੱਟੋ ਘੱਟ ਉਨ੍ਹਾਂ ਵਿੱਚੋ ਕੁਝ ਲੋਕ ਬਦਰੂਹਾਂ ਨੂੰ ਕੱਢ ਸਕਦੇ ਹਨ, ਸੁਰਗੀ ਬੋਲੀਆਂ ਬੋਲ ਸਕਦੇ ਹਨ, ਬਿਨਾਂ ਨੁਕਸਾਨ ਉਠਾਏ ਜ਼ਹਿਰੀਲੇ ਸੱਪਾਂ ਨੂੰ ਚੁੱਕ ਸਕਦੇ ਹਨ ਅਤੇ ਜ਼ਹਿਰ ਪੀ ਕੇ ਵੀ ਜ਼ਿੰਦਾ ਰਹਿ ਸਕਦੇ ਹਨ, ਅਤੇ ਬੀਮਾਰਾਂ ਨੂੰ ਚੰਗਿਆਂ ਕਰ ਸਕਦੇ ਹਨ। ਆਪਣੇ ਇਸ ਵਿਸ਼ਵਾਸ ਦਾ ਅਧਾਰ ਉਹ ਮਰਕੁਸ 16:17, 18 ਨੂੰ ਦੱਸਦੇ ਹਨ। ਭਲਾ ਇਹ ਵਚਨ ਇਹ ਦੱਸਦਾ ਹੈ ਕਿ ਆਮ ਮਸੀਹੀ ਅਤੇ ਅੱਜ ਦੇ ਲੋਕਾਂ ਨੂੰ

ਇਹ ਕੰਮ ਕਰਨ ਦੀ ਸ਼ਕਤੀ ਮਿਲਣੀ ਸੀ?

''ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਚਮਤਕਾਰੀ ਨਿਸ਼ਾਨਾਂ'' ਦੀ ਗੱਲ ਕਰਨ ਲੱਗਿਆਂ ਸਾਨੂੰ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

• **ਸਭ ਤੋਂ ਪਹਿਲਾਂ ਯਾਦ ਰੱਖੋ ਕਿ ਯਿਸੂ ਨੇ ਸਹਾਇਕ ਜਾਂ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਵਾਅਦਾ ਸਿਰਫ਼ ਰਸੂਲਾਂ ਨਾਲ ਕੀਤਾ ਸੀ** (ਯੂਹੰਨਾ 14:26; ਲੂਕਾ 24:54; ਰਸੂਲਾਂ ਦੇ ਕਰਤੱਬ 1:8)। ਰਸੂਲਾਂ ਨੂੰ ਇਖ਼ਤਿਆਰ ਅਤੇ ਸ਼ਕਤੀ ਦਿੱਤੀ ਗਈ ਸੀ ਕਿ ਉਹ ਕੁਝ ਲੋਕਾਂ ਉੱਤੇ ਹੱਥ ਰੱਖਣ ਤਾਂ ਜੋ ਉਨ੍ਹਾਂ ਨੂੰ ਇਹ ਸਮਰੱਥਾ ਮਿਲ ਸਕੇ (ਰਸੂਲਾਂ ਦੇ ਕਰਤੱਬ 6; ਰਸੂਲਾਂ ਦੇ ਕਰਤੱਬ 19)। ਇਨ੍ਹਾਂ ਦਾਨਾਂ ਦਾ ਕੀ ਮਕਸਦ ਸੀ? ਰੋਮ ਦੀ ਕਲੀਸੀਆ ਦੇ ਨਾਂਅ ਪੌਲੁਸ ਨੇ ਲਿਖਿਆ, **''ਕਿਉਂ ਜੋ ਮੈਂ ਤੁਹਾਡੇ ਦਰਸ਼ਣ ਨੂੰ ਬਹੁਤ ਤਰਸਦਾ ਹਾਂ ਭਈ ਜਾਣੋ ਕੋਈ ਆਤਮਕ ਦਾਨ ਤੁਹਾਨੂੰ ਦੁਆਵਾਂ ਜੋ ਤੁਸੀਂ ਤਕੜੇ ਹੋ ਜਾਵੋ''** (ਰੋਮੀਆਂ 1:11)। ਜਿਨ੍ਹਾਂ ਨੂੰ ਪੌਲੁਸ ਲਿਖ ਰਿਹਾ ਸੀ ਉਹ ਮਸੀਹੀ ਲੋਕ ਹੀ ਸਨ ਪਰ ਜ਼ਾਹਿਰ ਤੌਰ ਤੇ ਉਨ੍ਹਾਂ ਨੂੰ ਕੋਈ ਖ਼ਾਸ ਦਾਨ ਨਹੀਂ ਮਿਲਿਆ ਸੀ। ਪੌਲੁਸ ਇਕ ਰਸੂਲ ਸੀ ਅਤੇ ਉਹ ਰੋਮ ਵਿਚ ਇਸ ਕਰਕੇ ਆਉਣਾ ਚਾਹੁੰਦਾ ਸੀ ਕਿਉਂ ਜੋ ਉਸ ਕੋਲ ਆਤਮਾ ਦੀ ਪ੍ਰੇਰਣਾ ਨਾਲ ਸਿੱਖਿਆ, ਨਿਹਚਾ, ਗਿਆਨ, ਚੰਗਿਆਈ, ਆਤਮਾਵਾਂ ਨੂੰ ਪਰਖਣ ਆਦਿ ਦੇ ਦਾਨ ਦੇਣ ਦੇ ਰਾਹੀਂ ਇਸ ਖਾਲੀਪਣ ਨੂੰ ਭਰਨ ਦੀ ਸ਼ਕਤੀ ਸੀ।

ਪਰ ਵਚਨ ਵਿਚ ਕਿਤੇ ਵੀ ਤੁਹਾਨੂੰ ਇਹ ਨਹੀਂ ਮਿਲੇਗਾ ਕਿ ਹਰ ਮਸੀਹੀ ਨੂੰ ਪਵਿੱਤਰ ਆਤਮਾ ਦੇ ਚਮਤਕਾਰੀ ਦਾਨ ਮਿਲੇ ਹੋਏ ਸਨ, ਅਤੇ ਇਹ ਵੀ ਸਾਫ਼ ਹੈ ਕਿ ਸਿਰਫ਼ ਪ੍ਰਭੂ ਦੇ ਰਸੂਲ ਹੀ ਉਹ ਦਾਨ ਅੱਗੇ ਹੋਰਨਾਂ ਨੂੰ ਦੇ ਸਕਦੇ ਸਨ। ਸਾਰੇ ਦੇ ਸਾਰੇ ਰਸੂਲਾਂ ਦੀ ਮੌਤ 1900 ਸਾਲ ਪਹਿਲਾਂ ਹੋ ਚੁੱਕੀ ਸੀ! ਇਸ ਦਾ ਮਤਲਬ ਇਹ ਹੋਇਆ ਕਿ ਅੱਜ ਕੋਈ ਮਸੀਹੀ ਅਜਿਹਾ ਨਹੀਂ ਹੈ ਜਿਹੜਾ ਮੋਅਜਜ਼ੇ ਕਰ ਸਕਦਾ ਹੋਵੇ! ਮਸੀਹ ਦੇ ਮਗਰ ਚੱਲਣ ਦਾ ਦਾਅਵਾ ਕਰਨ ਵਾਲੇ ਕੁਝ ਲੋਕ ਆਪਣੇ ਕੋਲ ਇਸੇ ਸ਼ਕਤੀ ਦੇ ਹੋਣ ਦਾ ਦਾਅਵਾ ਕਰਦੇ ਹਨ ਪਰ ਅਸਲ ਵਿਚ ਉਨ੍ਹਾਂ ਨੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਇਕ ਮੋਅਜਜ਼ਾ ਵੀ ਨਹੀਂ ਕੀਤਾ ਹੈ। ਅਜਿਹੇ ਲੋਕ ਗੁਮਰਾਹ ਹਨ ਅਤੇ ਉਹ ਆਪਣੇ ਮਗਰ ਚੱਲਣ ਵਾਲਿਆਂ ਨੂੰ ਵੀ ਗੁਮਰਾਹ ਕਰਦੇ ਸਨ।

• **ਦੂਜੀ ਗੱਲ, ਜੇ ਯਿਸੂ ਦੀ ਗੱਲ ਕਿ ''ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ''** ਹਰ ਮਸੀਹੀ ਨਾਲ ਕੀਤਾ ਗਿਆ ਵਾਅਦਾ ਹੈ ਤਾਂ ਫਿਰ ਚੁਣਿੰਦਾ ਚੇਲਿਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਰਸੂਲਾਂ ਨੂੰ ਉਨ੍ਹਾਂ ਉੱਤੇ ਹੱਥ ਕਿਉਂ ਰੱਖਣੇ ਪੈਂਦੇ ਸਨ। ਹਰ ਕਿਸੇ ਕੋਲ ਜਿਸ ਦਾ ਸਹੀ ਤਰੀਕੇ ਨਾਲ ਬਪਤਿਸਮਾ ਹੋਇਆ ਹੋਵੇ ਮੋਅਜਜ਼ੇ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਸੀ!

ਪਰ ਰਸੂਲਾਂ ਦੇ ਉਨ੍ਹਾਂ ਉੱਤੇ ਹੱਥ ਰੱਖਣ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਹ ਸ਼ਕਤੀ ਨਹੀਂ ਮਿਲਦੀ ਸੀ। ਉਦਾਹਰਣ ਲਈ ਫ਼ਿਲਿੱਪੁਸ ਸਾਮਰੀਆ ਵਿਚ ਗਿਆ ਅਤੇ ਉਸ ਨੇ ਉੱਥੇ ਮਸੀਹ ਦਾ ਪ੍ਰਚਾਰ ਕੀਤਾ। ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਉੱਥੋਂ ਦੇ ਲੋਕਾਂ ਨੇ ਉਨ੍ਹਾਂ ਗੱਲਾਂ ਨੂੰ ਜਿਹੜੀਆਂ ਉਹ ਸਿਖਾਉਂਦਾ ਸੀ ਧਿਆਨ ਨਾਲ ਸੁਣਿਆ, **''ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਹਨਾ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ''** (ਰਸੂਲਾਂ ਦੇ ਕਰਤੱਬ 8:6, 7)। ਫਿਲਿਪੁਸ ਨੂੰ ਇਹ ਸਕਤੀ ਕਿਦੋਂ ਮਿਲੀ ਸੀ? ਜਦੋਂ ਰਸੂਲਾਂ ਨੇ ਛੇ ਹੋਰਨਾਂ ਪੁਰਖਾਂ ਦੇ ਨਾਲ ਨਾਲ ਉਹਦੇ ਉੱਤੇ ਵੀ ਹੱਥ ਰੱਖੇ ਸਨ। ਉਸ ਤੋਂ ਪਹਿਲਾਂ ਇਨ੍ਹਾਂ ਨੂੰ ਪਵਿੱਤਰ ਆਤਮਾ ਦਾ ਦਾਨ ਤਾਂ ਮਿਲਿਆ ਹੋਇਆ ਸੀ (ਰਸੂਲਾਂ ਦੇ ਕਰਤੱਬ 2:38), ਅਤੇ ਉਹ ਪਵਿੱਤਰ ਆਤਮਾ ਨਾਲ ਭਰਪੂਰ ਸਨ (ਰਸੂਲਾਂ ਦੇ ਕਰਤੱਬ 6:3), ਪਰ ਉਨ੍ਹਾਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਮਿਲੀ ਹੋਈ ਸੀ!

- **ਤੀਜਾ, ਜੇ ਯਿਸੂ ਦੀ ਗੱਲ ਕਿ ''ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ'' ਹਰ ਨਿਹਚਾਵਾਨ ਲਈ ਹੈ ਤਾਂ ਇਹਦਾ ਮਤਲਬ ਇਹ ਹੋਇਆ ਕਿ ਉਸ ਸਮੇਂ ਦੇ ਮਸੀਹੀ ਲੋਕਾਂ ਤੋਂ ਲੈ ਕੇ ਸਾਡੇ ਸਮੇਂ ਤਕ ਦੇ ਹਰ ਮਸੀਹੀ ਕੋਲ ਗੈਰ ਜ਼ਬਾਨਾਂ ਵਿਚ ਬੋਲਣ, ਬਿਨਾਂ ਨੁਕਸਾਨ ਜ਼ਹਿਰੀਲੇ ਸੱਪਾਂ ਨੂੰ ਚੁੱਕ ਸਕਣ, ਜ਼ਹਿਰ ਵੀ ਪੀ ਲੈਣ ਤੇ ਜ਼ਿੰਦਾ ਰਹਿਣ ਅਤੇ ਬਦਰੂਹਾਂ ਨੂੰ ਕੱਢ ਸੱਕਣ ਦੀ ਸ਼ਕਤੀ ਹੋਣੀ ਚਾਹੀਦੀ ਹੈ।** ਪਰ ਸਾਰੇ ਮਸੀਹੀ ਇਹ ਗੱਲਾਂ ਨਹੀਂ ਕਰ ਸਕਦੇ ਬਲਕਿ ਜਿਹੜੇ ਇਹ ਬਹਿਸ ਕਰਦੇ ਹਨ ਕਿ ਇਹ ਵਾਅਦਾ ਹਰ ਮਸੀਹੀ ਵਾਸਤੇ ਸੀ, ਉਹ ਵੀ ਮੰਨਣਗੇ ਕਿ ਸਾਰੇ ਲੋਕ ਮੋਅਜਜ਼ੇ ਨਹੀਂ ਕਰ ਸਕਦੇ। ਬੇਸ਼ੱਕ ਉਹ ਅਜਿਹੇ ਬਹਾਨੇ ਬਣਾਉਣਗੇ ਕਿ ''ਉਨ੍ਹਾਂ ਦਾ ਵਿਸ਼ਵਾਸ ਕਮਜ਼ੋਰ ਹੈ, ''ਜਾਂ'' ਸਵਾਲ ਇਹ ਨਹੀਂ ਹੈ ਕਿ ਮੈਂ ਇਹ ਕਰ ਸਕਦਾ ਹਾਂ ਜਾਂ ਨਹੀਂ, ਕਰਨ ਵਾਲਾ ਤਾਂ ਸਿਰਫ਼ ਪ੍ਰਭੂ ਹੀ ਹੈ'' ਜਾਂ ਇਹ ਕਿ ਉਹ ''ਪ੍ਰਭੂ ਤੋਂ ਉਹ ਚੀਜ਼ਾਂ ਨਹੀਂ ਮੰਗਣਾ ਚਾਹੁੰਦਾ, ਕਿਤੇ ਅਜਿਹਾ ਨਾ ਹੋਵੇ ਕਿ ਪ੍ਰਭੂ ਦੀ ਅਜ਼ਮਾਇਸ਼ ਕਰਨ ਵਾਲੇ ਠਹਿਰੇ,'' ਪਰ ਬਾਈਬਲ ਇਨ੍ਹਾਂ ਵਿੱਚੋਂ ਕੋਈ ਗੱਲ ਕਿੱਥੇ ਦੱਸਦੀ ਹੈ? ਜੇ ਖ਼ੁਦਾ ਨੇ ਸਭ ਮਸੀਹੀ ਲੋਕਾਂ ਨੂੰ ਹਮੇਸ਼ਾ ਲਈ ਇਹ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਹੈ ਤਾਂ ਕੋਈ ਵੀ ਅਤੇ ਹਰ ਮਸੀਹੀ ਅੱਜ ਇਹ ਮੋਅਜਜ਼ੇ ਕਰ ਸਕਦਾ ਹੈ। ਹਾਂ ਰਸੂਲਾਂ ਕੋਲ ਮੋਅਜਜ਼ੇ ਕਰਨ ਦੀ ਸ਼ਕਤੀ ਸੀ ਅਤੇ ਉਨ੍ਹਾਂ ਕੋਲ ਵੀ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਸਨ। ਬੀਮਾਰਾਂ ਨੂੰ ਚੰਗਿਆਈ ਦੇਣ, ਗੈਰ ਜ਼ਬਾਨਾਂ ਬੋਲਣ, ਬਦਰੂਹਾਂ

ਨੂੰ ਕੱਢਣ ਦੇ ਇਲਾਵਾ ਵਚਨ ਸਾਨੂੰ ਦੱਸਦਾ ਹੈ ਕਿ ਇਕ ਵਾਰ ਰਸੂਲ ਪੌਲੁਸ ਨੂੰ ਇਕ ਸੱਪ ਨੇ ਡੰਗ ਲਿਆ ਸੀ ਅਤੇ ਜਿਨ੍ਹਾਂ ਨੇ ਇਸ ਵਾਕਿਆ ਨੂੰ ਵੇਖਿਆ ਸੀ ਉਨ੍ਹਾਂ ਨੂੰ ਲੱਗਾ ਸੀ ਕਿ ਉਹ ਹੁਣ ਮਰਿਆ ਕਿ ਹੁਣ ਮਰਿਆ। ਪਰ ਉਹ ਨਹੀਂ ਮਰਿਆ ਸੀ। ਉਹਨੇ ਛੜੱਕ ਕਰਕੇ ਸੱਪ ਨੂੰ ਅੱਗ ਵਿਚ ਸੁੱਟ ਦਿੱਤਾ ਅਤੇ ਚਲਿਆ ਗਿਆ (ਰਸੂਲਾਂ ਦੇ ਕਰਤੱਬ 28: 1)। ਅਜੋਕੇ ਸਮੇਂ ਵਿਚ ਕੁਝ ਲੋਕਾਂ ਨੇ ਉਨ੍ਹਾਂ ਉੱਤੇ ਆਪਣੀ ਸ਼ਕਤੀ ਸਾਬਤ ਕਰਨ ਲਈ ਜ਼ਹਿਰੀਲੇ ਸੱਪਾਂ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਪਰ ਉਨ੍ਹਾਂ ਵਿੱਚੋਂ ਬਹੁਤੇ ਸੱਪ ਦੇ ਡੰਗਣ ਨਾਲ ਮਰ ਗਏ। ਹਾਲ ਹੀ ਦੀ ਇਕ ਘਟਨਾ ਦੀ ਮਿਸਾਲ ਲਈ google ਕਰੋ snake—handling preacher dies—of snakebite.

- **ਚੌਥਾ, ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਜੇ ਤੁਸੀਂ ਮਰਕੁਸ 16 ਅਧਿਆਇ ਪੜ੍ਹੋ ਤਾਂ ਸੰਦਰਭ ਵਿਚ ਤੁਹਾਨੂੰ ਪਤਾ ਲੱਗੇਗਾ ਕਿ ਯਿਸੂ ਇੱਥੇ ਆਪਣੇ ਰਸੂਲਾਂ ਨਾਲ ਉਨ੍ਹਾਂ ਦੇ ਫ਼ਰਜ਼ਾਂ ਦੀ ਅਤੇ ਉਸ ਦੇ ਬਾਅਦ ਹੋਣ ਵਾਲੀਆਂ ਗੱਲਾਂ ਦੀ ਗੱਲ ਕਰ ਰਿਹਾ ਹੈ।** ਪੜਨਾਓਂ ਸ਼ਬਦ ''ਉਹ'' ਬਾਰ–ਬਾਰ ਆਉਂਦਾ ਹੈ ਅਤੇ ਹਰ ਥਾਂ ਇਹ ਰਸੂਲਾਂ ਵਾਸਤੇ ਹੀ ਹੈ। ਮਸੀਹ ਨੇ ਜਦ ਆਖਿਆ ਕਿ ''ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ'' ਤਾਂ ਉਹ ''ਨਿਹਚਾ ਕਰਨ ਵਾਲੇ'' ਸ਼ਬਦ ਰਸੂਲਾਂ ਲਈ ਵਰਤ ਰਿਹਾ ਸੀ ਨਾ ਕਿ ਹਰ ਮਸੀਹੀ ਵਾਸਤੇ। ਜੇ ਉਹ ਆਮ ਮਸੀਹੀ ਲੋਕਾਂ ਲਈ ਕਹਿ ਰਿਹਾ ਸੀ ਤਾਂ ਆਮ ਮਸੀਹੀ ਉਹ ਕੰਮ ਕਿਉਂ ਨਹੀਂ ਕਰ ਪਾਉਂਦੇ ਜਿਹੜੇ ਉਸ ਨੇ ਆਖੇ ਸਨ ਕਿ ਇਹ ਕੰਮ ਨਿਹਚਾ ਕਰਨ ਵਾਲਿਆਂ ਦੀ ਪਛਾਣ ਹੋਣਗੇ? ਸਭ ਮਸੀਹੀ ਇਹ ਕੰਮ ਕਿਉਂ ਨਹੀਂ ਕਰਦੇ? ਭਲਾ ਪ੍ਰਭੂ ਨੇ ਝੂਠ ਬੋਲਿਆ ਸੀ? ਨਹੀਂ! ਇਹ ਵਾਅਦਾ ਸਿਰਫ਼ ਰਸੂਲਾਂ ਨਾਲ ਹੀ ਕੀਤਾ ਗਿਆ ਸੀ ਅਤੇ ਰਸੂਲ ਇਹ ਸਭ ਕੁਝ ਕਰ ਸਕਦੇ ਹਨ। ਇੰਜੀਲ ਸੁਣਾਏ ਜਾਣ ਤੇ ਜਿਸ ਨੇ ਇਸ ਨੂੰ ਮੰਨਣਾ ਜਾਂ ਨਹੀਂ ਮੰਨਣਾ ਸੀ, ਮਸੀਹ ਨੇ ਆਖਿਆ, **''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ''** (ਮਰਕੁਸ 16: 16)। ਚਮਤਕਾਰੀ ਨਿਸ਼ਾਨਾਂ ਦੇ ਨਾਲ ਸਬੰਧਿਤ ਵਾਅਦਾ ਇਹ ਸੀ ਕਿ ਇਹ ਰਸੂਲਾਂ ਦੇ ਅਤੇ ਉਨ੍ਹਾਂ ਦੇ ਨਾਲ ਨਾਲ ਹੋਣੇ ਸਨ ਜਿਨ੍ਹਾਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਗਈ ਸੀ, ਨਾ ਕਿ ਉਨ੍ਹਾਂ ਦੇ ਨਾਲ ਨਾਲ ਜਿਨ੍ਹਾਂ ਨੇ ਉਨ੍ਹਾਂ ਦੇ ਰਾਹੀਂ ਸੁਣਾਈ ਗਈ ਇੰਜੀਲ ਨੂੰ ਸੁਣ ਕੇ ਉਸ ਨੂੰ ਮੰਨਣਾ ਸੀ। ਪਰ ਫਿਰ ਇਹ ਯਕੀਨੀ ਬਣਾਉਣ ਲਈ ਕਿ ਇਹ ਇਵੇਂ ਹੀ ਹੈ, ਵਚਨ ਨੂੰ ਫੇਰ ਤੋਂ ਪੜ੍ਹੋ, ਉਨ੍ਹਾਂ ਨੂੰ ਵੇਖੋ ਜਿਹੜੇ ਇਹ ਨਿਸ਼ਾਨ ਵਿਖਾ ਸਕਦੇ ਸਨ ਅਤੇ ਉਨ੍ਹਾਂ ਨੂੰ ਵੀ ਜਿਹੜੇ ਨਹੀਂ ਵਿਖਾ ਸਕਦੇ ਸਨ। ਇਸ ਤੋਂ ਹਰ ਕਿਸੇ ਨੂੰ ਇਹ ਯਕੀਨ ਹੋ ਜਾਣਾ ਚਾਹੀਦਾ ਹੈ ਕਿ ਇਹ

ਵਾਅਦਾ ਸਿਰਫ਼ ਚੋਣਵੇਂ ਵਿਸ਼ਵਾਸੀਆਂ ਭਾਵ ਰਸੂਲਾਂ ਅਤੇ ਉਨ੍ਹਾਂ ਲਈ ਸੀ ਜਿਨ੍ਹਾਂ ਨੂੰ ਇਹ ਸਾਬਤ ਕਰਨ ਲਈ ਕਿ ਉਹ ਖ਼ੁਦਾ ਦੇ ਲੋਕ ਹੀ ਹਨ ਅਤੇ ਕਲੀਸੀਆ ਦੇ ਸੁਧਾਰ ਲਈ, ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਜਾਣੀ ਸੀ।

ਨਹੀਂ, ਅੱਜ ਕੋਈ ਅਜਿਹਾ ਵਿਸ਼ਵਾਸੀ ਜਾਂ ਮਸੀਹੀ ਨਹੀਂ ਹੈ ਜਿਹੜਾ ਇਨ੍ਹਾਂ ਭਾਸ਼ਾਵਾਂ ਨੂੰ ਬਿਨਾਂ ਸਿੱਖੇ ਬੋਲ ਸਕੇ। ਨਾ ਹੀ ਅੱਜ ਕੋਈ ਅਜਿਹਾ ਮਸੀਹੀ ਹੈ ਜਿਹੜਾ ਬਦਰੂਹਾਂ ਨੂੰ ਕੱਢਦਾ ਹੋਵੇ, ਚਮਤਕਾਰੀ ਢੰਗ ਨਾਲ ਬਿਮਾਰਾਂ ਨੂੰ ਚੰਗਿਆਈ ਦੇ ਸਕਦਾ ਹੋਵੇ। ਅਤੇ ਉਹ ਸਾਰੇ ਮੋਅਜਜ਼ੇ ਕਰ ਸਕਦਾ ਹੋਵੇ ਜਿਹੜੇ ਰਸੂਲਾਂ ਨੇ ਆਪਣੇ ਸਮੇਂ ਵਿਚ ਕੀਤੇ ਸਨ। ਜੇ ਕਿਸੇ ਕੋਲ ਉਹੀ ਸ਼ਕਤੀ ਹੈ ਜਿਹੜੀ ਰਸੂਲਾਂ ਕੋਲ ਸੀ ਤਾਂ ਉਹ ਹਸਪਤਾਲਾਂ ਵਿਚ ਜਾ ਕੇ ਬਿਮਾਰਾਂ ਨੂੰ ਚੰਗਿਆਈ ਕਿਉਂ ਨਹੀਂ ਦੇ ਦਿੰਦਾ ਅਤੇ ਕਬਰਾਂ ਵਿਚ ਮੁਰਦੇ ਕਿਉਂ ਨਹੀਂ ਜਿਵਾਲਦਾ। ਸਭ ਅੰਨ੍ਹਿਆਂ ਨੂੰ ਸੁਜਾਖੇ ਕਿਉਂ ਨਹੀਂ ਕਰ ਦਿੰਦਾ। ਉਹ ਟੁੰਡਿਆਂ ਨੂੰ ਹੱਥ ਅਤੇ ਲੰਗੜਿਆਂ ਨੂੰ ਲੱਤਾਂ ਵਗੈਰਾਂ ਕਿਉਂ ਨਹੀਂ ਦਿੰਦਾ? ਤੁਹਾਨੂੰ ਪਤਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਇਹ ਕੰਮ ਕਿਉਂ ਨਹੀਂ ਕਰ ਪਾਉਂਦਾ? ਸਿੱਧੀ ਜਿਹੀ ਗੱਲ ਹੈ ਕਿ ਉਨ੍ਹਾਂ ਕੋਲ ਅਜਿਹੀ ਕੋਈ ਸ਼ਕਤੀ ਹੈ ਹੀ ਨਹੀਂ।

ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲਿਆਂ (ਫੇਥ ਹਿਲਰ) ਨਾਲ ਸਬੰਧਿਤ ਹਾਲ ਹੀ ਦੀਆਂ ਖ਼ਬਰਾਂ ਉੱਤੇ ਧਿਆਨ ਦਿਓ: **ਨਾਈਜ਼ੀਰੀਆ ਦਾ ਚੰਗਿਆਈ ਦੇਣ ਵਾਲਾ ਚਰਚ ਢਹਿ ਗਿਆ ਸੀ, ਜਿਸ ਵਿਚ 67 ਦੱਖਣ ਅੰਫ਼ਰੀਕੀ ਮਾਰੇ ਗਏ'' ''1963 ਵਿਚ ਜੰਮਿਆ ਟੀ. ਡੀ. ਜੇਸੁਆ, ਫੇਥ ਹਿੱਲਰ ਹੈ ਜਿਸ ਦੇ ਚਰਚ ਦੀ ਬ੍ਰਾਂਚ ਘਾਨਾ ਵਿਚ ਹੈ ਅਤੇ ਉਹ ਲੋਗੋਸ—ਬੇਸਡ ਟੈਲਿਵਿਜ਼ਨ ਚੈਨਲ ਇਮਾਨੁਏਲ ਟੀ.ਵੀ. ਚਲਾਉਂਦਾ ਹੈ। ਇਸ ਗਰੁਪ ਨੇ ਆਪਣੀ ਵੈਬਸਾਈਟ ਵਿਚ ਕਿਹਾ ਹੈ, ਜੋਸੁਆ ਵੱਲੋਂ ਚਲਾਏ ਜਾਣ ਵਾਲੇ ਤਿੰਨ ਚਰਚ ਤਬਾਹ ਹੋ ਗਏ ਸਨ। ਪਹਿਲੇ ਚਰਚ ਦੀ ਛੱਤ ਤੁਫਾਨ ਵਿਚ ਉਡ ਗਈ, ਦੂਜਾ ਹੜ ਵਿਚ ਬਹਿ ਗਿਆ ਤੀਜਾ ਬੇਹੱਦ ਕਰਤੱਬ ਮੌਸਮ ਕਰਕੇ ਡਿੱਗ ਗਿਆ।''**

ਇੰਟਰਨੇਟ ਉੱਤੇ ਛਾਈ ਮਸ਼ਹੂਰ ''ਫੇਥ ਹਿੱਲਰ ਬੈਨੀ ਹਿੰਨ ਦੇ ਕਰੁਸੇਡ ਦੀ ਰਿਪੋਰਟ'' ਦਾ ਪੰਜਾਬੀ ਅਨੁਵਾਦ। **ਇਵੈਂਜਲਿਸਟ ਬੈਨੀ ਹਿਨ ਆਪਣੇ ਖ਼ੂਬ ਪ੍ਰਚਾਰਤ ਹਿਲਿੰਗ ਕਰੁਸੇਡ ਲਈ ਨਾਈਜ਼ਿਰਿਆ ਚਿਵ ਪੁੱਜਾ। ਉਹ ਬਾਡੀਗਾਡਾਂ ਦੇ ਠਾਠ ਬਾਠ ਵਾਲਾ ਆਪਣਾ ਗਲਫ਼ ਸਟ੍ਰੀਮ 3 ਜੇਟ ਲੈ ਕੇ ਪਹੁੰਚਿਆ ਸੀ। ਪਰ ਕੁਝ ਦਿਨਾਂ ਬਾਅਦ ਨਰਾਜ਼ਗੀ ਅਤੇ ਨਿਰਾਸ਼ਾ ਤੋਂ ਬਾਅਦ ਨਾਈਜ਼ਿਰੀਆ ਤੋਂ ਚਲਿਆ ਗਿਆ। ਉਹ ਘਟ ਭੀੜ ਕਰਕੇ ਖਿਜ ਗਿਆ ਸੀ: ਕਰੁਸੇਡ ਵਿਚ 30000 ਦੇ ਕਰੀਬ ਹੀ ਲੋਕ ਪੁੱਜੇ ਸਨ ਜਦ ਕਿ 600000 ਲੋਕਾਂ ਦੇ ਆਉਣ ਦੀ ਉਮੀਦ ਕੀਤੀ ਗਈ ਸੀ। ਜ਼ਾਹਿਰ ਤੌਰ ਤੇ ਹਿੱਨ ਇਸ ਕਰਕੇ ਨਰਾਜ ਸੀ ਕਿਉਂ ਜੋ ਉਹ ਨੇ**

ਕਰੁਸੇਡ ਵਿਚ ਐਨੀ ਵੱਡੀ ਰਕਮ ਜੋ ਲਾਈ ਸੀ। ਪ੍ਰੋਗਰਾਮ ਦੇ ਆਖ਼ਰੀ ਦਿਨ ਉਸ ਨੂੰ ਚੀਕਦੇ ਹੋਏ ਸੁਣਿਆ ਗਿਆ: 'ਚਾਰ ਮਿਲਿਅਨ ਡਾਲਰ (ਪੰਝੀ ਕਰੋੜ ਸੱਠ ਲੱਖ ਰੁਪਏ ਦੇ ਕਰੀਬ) ਪਾਣੀ ਵਿਚ ਵਹਿ ਗਏ।' ਬੈਨੀ ਹਿੱਨ ਮਿਨਿਸਟਰੀਜ਼ ਦੇ ਵਾਈਸ ਪ੍ਰੈਜ਼ੀਡੈਂਟ ਜੌਨ ਵਿਲਸਨ ਨੇ ਖਰਚੇ ਦਾ ਵੇਰਵਾ ਦਿੱਤਾ। ਉਸ ਨੇ ਆਖਿਆ ਕਿ ਤਿੰਨ ਮਿਲੀਅਨ ਡਾਲਰ ਹੋਟਲ ਵਿਚ ਰਹਿਣ ਅਤੇ ਤਕਨੀਕੀ ਸਾਜੋ ਸਮਾਨ ਵਿਚ ਖਰਚੇ ਗਏ ਅਤੇ ਇਕ ਹੋਰ 1 ਮਿਲੀਅਨ ਡਾਲਰ ਲੋਕਲ ਮੈਨਜਮੈਂਟ ਕਮੇਟੀ ਦੇ ਹੋਰਨਾਂ ਖਰਚਿਆਂ ਵਿਚ ਵਰਤੇ ਗਏ।

ਇਸ ਤਰ੍ਹਾਂ ਅਫ਼ਰੀਕਾ ਵਿਚ ਪੈਂਟੀਕਾਸਟਲਵਾਦ ਇਕ ਵੱਧਦਾ ਫੁੱਲਦਾ ਕਾਰੋਬਾਰ ਹੈ। ਅਸਲ ਵਿਚ ਇਸ ਮਹਾਦੀਪ ਵਿਚ ਬੇਰੁਜ਼ਗਾਰ ਨੌਜ਼ਵਾਨਾਂ ਦੀ ਵੱਧਦੀ ਅਬਾਦੀ ਲਈ ਅਮੀਰ ਬਣਨ ਦਾ ਇਹ ਸਭ ਤੋਂ ਅਸਾਨ ਤਰੀਕਾ ਹੈ। ਲੋਕਲ ਪਾਸਟਰ (ਵਿਦੇਸ਼ੀ ਮਿੱਤਰਾਂ ਦੇ ਨਾਲ ਨਾਲ) ਭੋਲੇ ਭਾਲੇ ਲੋਕਾਂ ਤੋਂ ਪੈਸਾ ਕਢਵਾਉਣ ਦੀਆਂ ਸਭ ਤਰਕੀਬਾਂ ਅਤੇ ਜੁਗਾੜ ਲਾਉਂਦੇ ਹਨ। ਉਹ ਇਸ ਪੈਸੇ ਦੀ ਵਰਤੋਂ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾਉਣ, ਮਹਿੰਗੇ ਘਰ ਬਣਾਉਣ, ਵੱਡੀਆਂ ਵੱਡੀਆਂ ਗੱਡੀਆਂ ਅਤੇ ਜਹਾਜ਼ ਖਰੀਦਣ ਅਤੇ ਸ਼ਾਨ–ਓ–ਸ਼ੌਕਤ ਨਾਲ ਰਹਿਣ ਵਿਚ ਖਰਚ ਕਰ ਦਿੰਦੇ ਹਨ, ਜਦ ਕਿ ਉਨ੍ਹਾਂ ਦੀ ਕਲੀਸੀਆ ਦੇ ਲੋਕ ਗਰੀਬੀ, ਮੁਫ਼ਲਸੀ ਅਤੇ ਗੰਦਗੀ ਵਿਚ ਰਹਿੰਦੇ ਹਨ।

ਜ਼ਿਆਦਾਤਰ ਮਾਮਲਿਆਂ ਵਿਚ ਪਾਸਟਰ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਨੂੰ ਇਹ ਪੈਸਾ ਦੇਣ ਲਈ ਆਖਦੇ ਹਨ ਤਾਂ ਜੋ ਬਦਲੇ ਵਿਚ ਪਰਮੇਸ਼ੁਰ ਉਨ੍ਹਾਂ ਨੂੰ ਬਰਕਤ ਦੇ ਸਕੇ। ਉਹ ਲੋਕਾਂ ਨੂੰ ਦਸਵੰਧ ਦੇਣ ਵਾਲਿਆਂ ਅਤੇ ਭੇਂਟਾਂ ਲਿਆਉਂਦੇ ਰਹਿਣ ਵਾਲਿਆਂ ਉੱਤੇ ਪਰਮੇਸ਼ੁਰ ਦੀ ਕਿਰਪਾ ਹੁੰਦੇ ਰਹਿਣ ਦੀ ਗੱਲ ਦੱਸਦੇ ਹਨ। ਅਫ਼ਰੀਕੀ ਲੋਕਾਂ ਦਾ ਜਾਦੂ ਟੂਣਿਆਂ, ਚਮਤਕਾਰਾਂ ਅਤੇ ਅਸਾਧਾਰਣ ਦਾਅਵਿਆਂ ਵਿਚ ਬੜਾ ਯਕੀਨ ਹੁੰਦਾ ਹੈ।

ਅਫ਼ਰੀਕੀ ਲੋਕਾਂ ਵਿਚ ਦੈਵੀ ਸ਼ਕਤੀਆਂ ਵਿਚ ਡੂੰਘੀ ਆਸਥਾ ਪਾਈ ਜਾਂਦੀ ਹੈ ਜੋ ਭਲਾ ਜਾਂ ਬੁਰਾ ਕਰਨ ਲਈ ਲੋਕਾਂ ਦੀ ਜ਼ਿੰਦਗੀ ਵਿਚ ਦਖਲ ਦੇ ਕੇ ਉਸ ਨੂੰ ਬਦਲ ਦਿੰਦੀਆਂ ਹਨ। ਇਨ੍ਹਾਂ ਰੂਹਾਨੀ ਸ਼ਕਤੀਆਂ ਨੂੰ ਉਨ੍ਹਾਂ ਨਿਸ਼ਾਨਾਂ ਦੇ ਰਾਹੀਂ ਜਿਹੜੇ ਮਨੁੱਖੀ ਸੋਚ ਨੂੰ ਚਕਰਾ ਦੇਣ, ਜਾਦੂਈ ਅਤੇ ਚਮਤਕਾਰੀ ਢੰਗ ਨਾਲ ਕੰਮ ਕਰਨ ਵਾਲੀਆਂ ਮੰਨਿਆ ਜਾਂਦਾ ਹੈ। ਅਤੇ ਇਵੈਂਜਲਿਕਲ ਚਰਚ ਆਪਣੀਆਂ ਅਸਾਧਾਰਣ ਸੇਵਾਵਾਂ ਨੂੰ ਚਲਾਉਣ ਅਤੇ ਵਧਾਉਣ ਲਈ ਅਫ਼ਰੀਕੀ ਪ੍ਰਚਾਰ ਅਤੇ ਸੱਭਿਆਚਾਰ ਵਿਚ ਪਾਏ ਜਾਣ ਵਾਲੇ ਦੈਵੀ ਤੱਥ ਦਾ ਫ਼ਾਇਦਾ ਚੁੱਕਦੇ ਹਨ। ਉਹ ਰੱਬੀ ਚੰਗਿਆਈ ਅਤੇ ਪਰੇਸ਼ਾਨੀਆਂ ਅਤੇ ਬਿਮਾਰੀਆਂ ਤੋਂ ਝੱਟ ਅਰਾਮ ਦੇਣ ਦਾ ਵਾਅਦਾ ਕਰਦੇ ਹਨ। ਪੈਂਟੀਕਾਸਟਲ ਪ੍ਰਚਾਰਕ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ ਬੋਲਿਆਂ ਨੂੰ

**ਤੰਦਰੁਸਤ ਕਰਨ ਦੀ ਸ਼ਕਤੀ ਹੈ ਜਿਸ ਨਾਲ ਬੋਲੇ ਸੁਣ ਸਕਦੇ ਹਨ, ਅੰਨ੍ਹੇ ਵੇਖ ਸਕਦੇ ਹਨ, ਲੰਗੜੇ ਚੱਲ ਸਕਦੇ ਹਨ ਅਤੇ ਬਾਂਝ ਮਾਂ ਬਣ ਸਕਦੀਅ ਹਨ। . . .''**

## ਖ਼ੁਦਾ ਵੱਲੋਂ ਚੰਗਿਆਈ ਜਾਂ ਚਮਤਕਾਰੀ ਚੰਗਿਆਈ

ਲੋਕਾਂ ਵਿਚ ਚਮਤਕਾਰੀ ਚੰਗਿਆਈ ਦੇ ਵਿਚਾਰ ਦਾ ਭੂਤ ਸਵਾਰ ਰਹਿੰਦਾ ਹੈ। ਜਦ ਕੋਈ ਇਹ ਮੰਨਣ ਤੋਂ ਇਨਕਾਰ ਕਰ ਦਵੇ ਕਿ ਖ਼ੁਦਾ ਅੱਜ ਅਜਿਹਾ ਕਰਦਾ ਹੈ ਤਾਂ ਸਵਾਲ ਪੁੱਛਿਆ ਜਾਂਦਾ ਹੈ ਕਿ ''ਪਰ ਕੀ ਤੁਸੀਂ ਇਹ ਮੰਨਦੇ ਹੋ ਕਿ ਖ਼ੁਦਾ ਚੰਗਿਆਈ ਦਿੰਦਾ ਹੈ?'' ਮੇਰਾ ਜਵਾਬ ਇਹ ਹੋਵੇਗਾ ਕਿ ''ਹਾਂ ਮੈਂ ਮੰਨਦਾ ਹਾਂ ਕਿ ਚੰਗਿਆਈ ਖ਼ੁਦਾ ਦਿੰਦਾ ਹੈ, ਪਰ ਚਮਤਕਾਰੀ ਚੰਗਿਆਈ ਨੂੰ ਮੈਂ ਨਹੀਂ ਮੰਨਦਾ।'' ਤੁਸੀਂ ਪੁੱਛ ਸਕਦੇ ਹੋ, '' 'ਪਰ ਇਸ ਵਿਚ ਫ਼ਰਕ ਕੀ ਹੈ?' ਮੇਰਾ ਜਵਾਬ ਹੈ, 'ਹਰ ਤਰ੍ਹਾਂ ਦੀ ਚੰਗਿਆਈ ਖ਼ੁਦਾ ਵੱਲੋਂ ਹੀ ਹੁੰਦੀ ਹੈ ਪਰ ਅੱਜ ਕੋਈ ਚਮਤਕਾਰੀ ਚੰਗਿਆਈ ਦੀ ਲੋੜ ਨਹੀਂ।' ''

ਜੇ ਸਾਨੂੰ ਲਗਦਾ ਹੈ ਕਿ ਖ਼ੁਦਾ ਸਿਰਫ਼ ਚਮਤਕਾਰ ਕਰਕੇ ਹੀ ਕੰਮ ਕਰਦਾ ਹੈ ਤਾਂ ਅਸੀਂ ਗਲਤ ਹਾਂ। ਹਾਂ ਬੀਤੇ ਸਮਿਆਂ ਵਿਚ ਉਸ ਨੇ ਅਲੌਕਿਕ ਤਰੀਕਿਆਂ ਨਾਲ ਕੰਮ ਕੀਤਾ ਹੈ, ਪਰ ਉਸ ਸਮੇਂ ਵੀ ਚਮਤਕਾਰ ਬਹੁਤ ਘੱਟ ਅਤੇ ਕਦੇ ਕਦਾਈਂ ਹੀ ਹੁੰਦੇ ਸਨ। ਰਸੂਲ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਹੁੰਦੇ ਸਨ, ਉਹ ਬਹੁਤ ਸਾਰੀਆਂ ਥਾਂਵਾਂ ਤੇ ਜਾ ਸਕਦੇ ਸਨ। ਹੋਰ ਸਭ ਮਸੀਹੀ ਮੋਅਜਜ਼ੇ ਨਹੀਂ ਕਰ ਸਕਦੇ ਹਨ। ਜਿਸ ਦਾ ਮਤਲਬ ਇਹ ਹੋਇਆ ਕਿ ਆਮ ਲੋਕਾਂ ਨੂੰ ਖ਼ੁਦਾ ਵੱਲੋਂ ਚੰਗਿਆਈ ਅਤੇ ਕੁਦਰਤ ਦੇ ਨਿਯਮ ਉੱਤੇ ਨਿਰਭਰ ਹੋਣਾ ਪੈਂਦਾ ਸੀ।

ਖ਼ੁਦਾ ਵੱਲੋਂ ਚਗਿਆਈ ਦਾ ਪੱਖ ਹੈ ਕਿ ਚੰਗਿਆਈ ਤਾਂ ਖ਼ੁਦਾ ਹੀ ਦਿੰਦਾ ਹੈ ਪਰ ਇਹ ਚੰਗਿਆਈ ਕੁਦਰਤੀ ਵਸੀਲਿਆਂ ਦੇ ਰਾਹੀਂ ਹੁੰਦੀ ਹੈ। ਖ਼ੁਦਾ ਨੇ ਇਸ ਸੰਸਾਰ ਨੂੰ ਅਤੇ ਇਸ ਵਿਚਲੀਆਂ ਸਭ ਵਸਤਾਂ ਨੂੰ ਬਣਾਇਆ ਹੈ। ਉਸ ਨੇ ਪੇੜ ਪੌਦਿਆਂ ਅਤੇ ਜੜੀ-ਬੂਟੀਆਂ ਨੂੰ ਬਣਾਇਆ। ਅਤੇ ਬੇਸ਼ੱਕ ਬਿਲਕੁਲ ਉਵੇਂ ਹੀ ਜਿਵੇਂ ਉਨ੍ਹਾਂ ਅੰਦਰ ਸਾਡੇ ਸਰੀਰਾਂ ਲਈ ਲੋੜੀਂਦਾ ਭੋਜਨ ਅਤੇ ਹੋਰ ਚੀਜ਼ਾਂ ਹੁੰਦੀਆਂ ਹਨ, ਉਨ੍ਹਾਂ ਵਿਚ ਉਹ ਸਭ ਚੀਜ਼ਾਂ ਹਨ ਜੋ ਸਰੀਰ ਦੀ ਤੰਦਰੁਸਤੀ ਲਈ ਚਾਹੀਦੀਆਂ ਹੁੰਦੀਆਂ ਹਨ। ਉਸੇ ਦੀਆਂ ਬਰਕਤਾਂ ਨਾਲ ਮਰਦਾਂ ਅਤੇ ਔਰਤਾਂ ਨੇ ਸਰੀਰਕ ਦੇਹ ਅਤੇ ਇਸ ਦੀਆਂ ਲੋੜਾਂ ਦਾ ਅਧਿਐਨ ਕਰਕੇ ਸਿੱਖਿਆ ਹੈ, ਉਨ੍ਹਾਂ ਨੇ ਪੌਦਿਆਂ ਦੇ ਡਾਕਟਰੀ ਗੁਣਾਂ ਨੂੰ ਪਛਾਣਿਆ ਹੈ ਅਤੇ ਉਨ੍ਹਾਂ ਨੇ ਬਿਮਾਰਾਂ ਲਈ ਹਸਪਤਾਲ

ਬਣਾਏ ਹਨ ਜਿੱਥੇ ਅਸੀਂ ਇਲਾਜ ਕਰਵਾ ਸਕਦੇ ਹਾਂ। ਮਨੁੱਖ ਨੇ ਆਪਣੇ ਅਧਿਐਨ ਅਤੇ ਸਰੀਰ ਦੇ ਵੱਖੋ ਵੱਖ ਹਿੱਸਿਆਂ ਨੂੰ ਮੁਰੰਮਤ ਕਰਨ ਲਈ ਵੱਡੇ ਵੱਡੇ ਹਿੱਸਿਆਂ ਵਿਚ ਮਹਾਰਤ ਹਾਸਲ ਕਰ ਲਈ ਹੈ। ਕੀ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦੀ ਚੰਗਿਆਈ ਵਿਚ ਖ਼ੁਦਾ ਦਾ ਦਖਲ ਹੁੰਦਾ ਹੈ? ਬਿਲਕੁਲ ਕਹਿ ਸਕਦੇ ਹਾਂ।

ਯਿਸੂ ਨੇ ਸਮਝਾਇਆ ਕਿ ਡਾਕਟਰ ਦੀ ਲੋੜ ਤੰਦਰੁਸਤਾਂ ਨੂੰ ਨਹੀਂ ਸਗੋਂ ਬਿਮਾਰਾਂ ਨੂੰ ਹੁੰਦੀ ਹੈ (ਮੱਤੀ 9:12)। ਲੂਕਾ ਜਿਸ ਨੇ ਰਸੂਲਾਂ ਦੇ ਕਰਤੱਬ ਦੇ ਨਾਲ ਨਾਲ ਲੂਕਾ ਨਾਮਕ ਕਿਤਾਬ ਵੀ ਲਿਖੀ ਸੀ, ਉਸ ਨੂੰ ਪਿਆਰਾ ਵੈਦ ਕਹਿੰਦੇ ਸਨ (ਕਲੁੱਸੀਆਂ 4:14)। ਯਿਸੂ ਨੇ ਇਕ ਯਹੂਦੀ ਬਾਰੇ ਦੱਸਿਆ ਸੀ ਜਿਹੜਾ ਯਰੂਸ਼ਲਮ ਤੋਂ ਯਰੀਹੋ ਨੂੰ ਜਾ ਰਿਹਾ ਸੀ ਅਤੇ ਡਾਕੂਆਂ ਨੂੰ ਉਸ ਨੇ ਅਧਮੋਇਆ ਕਰਕੇ ਛੱਡ ਦਿੱਤਾ ਸੀ। ਉੱਧਰੋਂ ਦੀ ਲੰਘ ਰਹੇ ਦੋ ਧਾਰਮਿਕ ਲੋਕ ਉਸ ਨੂੰ ਵੇਖ ਕੇ ਕਤਰਾ ਕੇ ਨਿੱਕਲ ਗਏ ਸਨ। ਪਰ ਇਕ ਸਾਮਰੀ ਉਧਰੋਂ ਦੀ ਲੰਘ ਰਿਹਾ ਸੀ, ਉਸ ਨੇ ਉਸ ਉੱਤੇ ਤਰਸ ਖਾਧਾ, ਉਸ ਨੇ ਉਸ ਦੇ ਜਖ਼ਮਾਂ ਤੇ ਤੇਲ ਮਲਿਆ ਅਤੇ ਮੈਅ ਲੈ ਕੇ ਪੱਟੀਆਂ ਬੰਨ੍ਹੀਆਂ ਅਤੇ ਨੇੜੇ ਦੀ ਸਰਾਂ ਵਿਚ ਲੈ ਗਿਆ ਤਾਂ ਜੋ ਉੱਥੇ ਉਸ ਦੀ ਦੇਖਭਾਲ ਹੋ ਸਕੇ। ਉਸ ਨੇ ਉਸ ਦੇ ਜ਼ਖ਼ਮਾਂ ਉੱਤੇ ਤੇਲ ਅਤੇ ਮੈਅ ਕਿਉਂ ਲਾਈ? ਤਾਂ ਜੋ ਇਸ ਨਾਲ ਉਸ ਦੇ ਜ਼ਖ਼ਮ ਠੀਕ ਹੋ ਸਕਣ। ਕੀ ਤੁਹਾਨੂੰ ਲਗਦਾ ਹੈ ਕਿ ਉਸ ਦੇ ਜ਼ਖ਼ਮਾਂ ਨੂੰ ਠੀਕ ਹੋਣ ਵਿਚ ਪ੍ਰਭੂ ਦਾ ਕੋਈ ਦਖ਼ਲ ਸੀ।

ਅਖ਼ੀਰ ਵਿਚ ਪੌਲੁਸ ਨੇ ਤਿਮੋਥਿਉਸ ਨੂੰ ਸਲਾਹ ਦਿੱਤੀ ਕਿ **‘ ‘ਅਗਾਹਾਂ ਨੂੰ ਨਿਰਾ ਪਾਣੀ ਨਾ ਪੀਆ ਕਰ ਪਰ ਹਾਜ਼ਮੇ ਲਈ ਅਤੇ ਆਪਣੀਆਂ ਬਹੁਤੀਆਂ ਮਾਂਦਗੀਆਂ ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ’** ’ (1 ਤਿਮੋਥਿਉਸ 5:23)। ਇਸ ਗੱਲ ਨੂੰ ਧਿਆਨ ਵਿਚ ਰੱਖਿਆ ਜਾਣਾ ਜ਼ਰੂਰੀ ਹੈ ਕਿ ਪੌਲੁਸ ਨੇ ਇਹ ਸਲਾਹ ਉਸ ਸਮੇਂ ਦਿੱਤੀ ਸੀ ਜਦੋਂ ਮੋਅਜਜ਼ੇ ਹੁੰਦੇ ਸਨ। ਉਸ ਨੇ ਤਿਮੋਥਿਉਸ ਨੂੰ ਮੋਅਜਜ਼ੇ ਦੇ ਰਾਹੀਂ ਚੰਗਿਆਈ ਕਿਉਂ ਨਹੀਂ ਦਿੱਤੀ? ਕਿਉਂ ਜੋ ਤਿਮੋਥਿਉਸ ਪਹਿਲਾਂ ਹੀ ਵਿਸ਼ਵਾਸੀ ਸੀ ਅਤੇ ਜਿਵੇਂ ਕਿ ਅਸੀਂ ਰਸੂਲਾਂ ਦੇ ਕਬਤੱਬ ਕਿਤਾਬ ਵਿਚ ਪੜ੍ਹਦੇ ਹਾਂ ਕਿ ਮਅਜਜ਼ੇ ਵਿਸ਼ਵਾਸੀ ਬਣਾਉਣ ਅਤੇ ਵਚਨ ਨੂੰ ਪੱਕਾ ਕਰਨ ਲਈ ਕੀਤੇ ਜਾਂਦੇ ਸਨ (ਮਰਕੁਸ 16:20)। ਉਹ ਕਦੇ ਵੀ ਲੋਕਾਂ ਨੂੰ ਚੰਗਿਆਈ ਦੇਣ ਦੇ ਮਕਸਦ ਨਾਲ ਨਹੀਂ ਦਿੱਤੇ ਗਏ ਸਨ! ਹੁਣ ਜਦ ਕਿ ਨਵੇਂ ਨੇਮ ਉੱਤੇ ਮੋਹਰ ਹੋ ਚੁੱਕੀ ਹੈ ਅਤੇ ਲੋਕਾਂ ਨੂੰ ਵਿਸ਼ਵਾਸ ਪ੍ਰਭੂ ਦਾ ਵਚਨ ਸੁਣ ਕੇ ਹੁੰਦਾ ਹੈ (ਰੋਮੀਆਂ 10:12) ਤਾਂ ਚਮਤਕਾਰਾਂ ਦੀ ਲੋੜ ਨਹੀਂ ਹੈ। ਅੱਜ ਉਨ੍ਹਾਂ ਦਾ ਕੀ ਮਕਸਦ ਹੋਣਾ ਚਾਹੀਦਾ ਹੈ?

ਇਸ ਤਸਵੀਰ ਵਿਚ ਦੁਆ ਕਿਵੇਂ ਫਿਟ ਬੈਠਦੀ ਹੈ? ਕੀ ਅਸੀਂ ਬਿਮਾਰਾਂ ਲਈ ਜਾਂ ਆਪਣੀਆਂ ਲੋੜਾਂ ਲਈ ਇਸ ਕਰਕੇ ਦੁਆ ਕਰਦੇ ਹਾਂ ਕਿਉਂ ਜੋ ਸਾਨੂੰ ਚਮਤਕਾਰ ਦੀ ਉਮੀਦ ਹੁੰਦੀ ਹੈ? ਜੇ ਅੱਜ ਚਮਤਕਾਰ ਨਹੀਂ ਹੁੰਦੇ ਤਾਂ ਫਿਰ ਦੁਆ

ਕਰਨ ਦਾ ਕੀ ਤੁਕ ਹੈ? ਚੰਗਾ ਪਿਤਾ ਆਪਣੇ ਬੱਚਿਆਂ ਨਾਲ ਕੀ ਕਰਦਾ ਹੈ? ਜਦ ਬੱਚੇ ਉਸ ਤੋਂ ਕੁਝ ਮੰਗਦੇ ਹਨ ਤਾਂ ਕਿ ਉਹ ਚਮਤਕਾਰ ਨਾਲ ਜਵਾਬ ਦਿੰਦਾ ਹੈ? ਅਸੀਂ ਜਾਣਦੇ ਹਾਂ ਕਿ ਉਹ ਇਸ ਤਰ੍ਹਾਂ ਨਾਲ ਜਵਾਬ ਨਹੀਂ ਦਿੰਦਾ। ਤਾਂ ਫਿਰ ਉਹ ਉਨ੍ਹਾਂ ਨੂੰ ਕਿਵੇਂ ਜਵਾਬ ਦਿੰਦਾ ਹੈ? ਕੁਦਰਤੀ ਤਰੀਕਿਆਂ ਨਾਲ ਜਿਵੇਂ ਉਹ ਦੇ ਸਕਦਾ ਹੈ। ਇਸ ਤੋਂ ਛੁੱਟ ਉਹ ਉਨ੍ਹਾਂ ਬੇਨਤੀਆਂ ਨੂੰ ਮੰਨ ਲੈਂਦਾ ਹੈ ਜਿਹੜੀਆਂ ਬੱਚਿਆਂ ਦੀ ਬੇਹਤਰੀ ਲਈ ਹਨ। ਜੇ ਉਹ ਉਸ ਤੋਂ ਕੁਝ ਅਜਿਹਾ ਮੰਗ ਲੈਣ ਜਿਸ ਨੂੰ ਉਹ ਪੂਰਾ ਨਾ ਕਰ ਸਕਦਾ ਹੋਵੇ ਜਾਂ ਉਨ੍ਹਾਂ ਲਈ ਚੰਗਾ ਨਾ ਹੋਵੇ ਤਾਂ ਉਸ ਦਾ ਜਵਾਬ ''ਨਹੀਂ'' ਵਿਚ ਹੀ ਹੋਵੇਗਾ। ਖ਼ੁਦਾ ਵੀ ਅਜਿਹਾ ਹੀ ਕਰਦਾ ਹੈ। ਉਹ ਸਾਡਾ ਪਿਤਾ ਹੈ ਅਤੇ ਅਸੀਂ ਉਸ ਦੀ ਸੰਤਾਨ ਹਾਂ। ਉਹ ਸਾਨੂੰ ਪਿਆਰ ਕਰਦਾ ਹੈ ਅਤੇ ਸਾਨੂੰ ਉਹ ਚੀਜ਼ਾਂ ਦੇਣਾ ਚਾਹੁੰਦਾ ਹੈ ਜਿਹੜੀਆਂ ਅਸੀਂ ਉਸ ਤੋਂ ਮੰਗਦੇ ਹਾਂ। ਇਸ ਦੇ ਨਾਲ ਹੀ ਉਹ ਇਹ ਵੀ ਜਾਣਦਾ ਹੈ ਕਿ ਸਾਨੂੰ ਕਿਸ ਚੀਜ਼ ਦੀ ਲੋੜ ਨਹੀਂ ਹੈ। ਜੇ ਅਸੀਂ ਕੁਝ ਅਜਿਹਾ ਮੰਗ ਲਿਆ ਜਿਹੜਾ ਸਾਡੇ ਲਈ ਚੰਗਾ ਨਹੀਂ ਹੈ ਤਾਂ ਉਹ ਸਾਨੂੰ ਉਹ ਚੀਜ਼ ਨਹੀਂ ਦਵੇਗਾ। ਪਰ ਜੇ ਉਹ ਰੱਬੀ ਇੰਤਜ਼ਾਮ ਦੇ ਰਾਹੀਂ ਸਾਨੂੰ ਉਹ ਚੀਜ਼ ਦੇ ਸਕਦਾ ਹੈ ਅਤੇ ਜੇ ਉਹ ਸਾਡੇ ਲਈ ਚੰਗੀ ਹੈ ਤਾਂ ਉਹ ਕੁਦਰਤੀ ਵਸੀਲਿਆਂ ਦੇ ਰਾਹੀਂ ਸਾਡੀ ਮਦਦ ਜ਼ਰੂਰ ਕਰੇਗਾ।

ਯਿਸੂ ਨੇ ਆਖਿਆ, '**'ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ। ਕਿਉਂ ਜੋ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ। ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ? ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ'**' (ਮੱਤੀ 7:7—11)? ਭਲਾ ਹੁਣ ਪ੍ਰਭੂ ਨੂੰ ਆਪਣੇ ਬੱਚਿਆਂ ਨੂੰ ਦੁਆਵਾਂ ਦਾ ਜਵਾਬ ਦੇਣ ਲਈ ਕੋਈ ਚਮਤਕਾਰ ਕਰਨ ਦੀ ਲੋੜ ਹੈ।

ਅਸੀਂ ਦੁਆ ਤਾਂ ਰੋਟੀ ਲਈ ਕਰਦੇ ਹਾਂ ਪਰ ਖ਼ੁਦਾ ਸਾਨੂੰ ਚੰਗੀ ਸਿਹਤ ਅਤੇ ਸਮਝ ਦੇ ਦਿੰਦਾ ਹੈ ਤਾਂ ਜੋ ਅਸੀਂ ਕਮਾਈ ਕਰ ਸਕੀਏ ਜਿਸ ਨਾਲ ਸਾਨੂੰ ਰੋਟੀ ਮਿਲ ਸਕੇ। ਖ਼ੁਦਾ ਰੋਟੀ ਬਣਾ ਕੇ ਸਾਡੇ ਹੱਥ ਵਿਚ ਰੱਖ ਸਕਦਾ ਹੈ, ਪਰ ਉਸ ਨੇ ਅਜਿਹਾ ਕਰਨਾ ਨਹੀਂ ਚੁਣਿਆ, ਨਾ ਉਸ ਨੇ ਅਜਿਹਾ ਕਰਨ ਦਾ ਕੋਈ ਵਾਅਦਾ ਕੀਤਾ ਹੈ ਅਤੇ ਨਾ ਹੀ ਉਹ ਅਜਿਹਾ ਕਰੇਗਾ। ਜੇ ਅਸੀਂ ਜਾਂ ਸਾਡਾ ਕੋਈ ਦੋਸਤ ਬਿਮਾਰ ਪੈ ਜਾਂਦਾ ਹੈ ਤਾਂ ਅਸੀਂ ਖ਼ੁਦਾ ਤੋਂ ਸਾਨੂੰ ਚੰਗਿਆਈ ਦੇਣ ਲਈ ਕਹਿ ਸਕਦੇ ਹਾਂ। ਉਹ ਸਾਨੂੰ ਚਮਤਕਾਰ ਦੇ ਰਾਹੀਂ ਚੰਗਾ ਕਰ ਸਕਦਾ ਹੈ। ਪਰ ਉਸ ਨੇ ਚਮਤਕਾਰ

ਕਰਨ ਦਾ ਕੋਈ ਵਾਅਦਾ ਨਹੀਂ ਕੀਤਾ ਹੈ ਅਤੇ ਨਾ ਹੀ ਉਹ ਚਮਤਕਾਰ ਕਰਨ ਲਈ ਕੁਦਰਤ ਦੇ ਆਪਣੇ ਨਿਯਮਾਂ ਨੂੰ ਤੋੜੇਗਾ। ਉਸ ਨੇ ਸਾਨੂੰ ਸਮਝ ਦਿੱਤੀ ਹੈ ਕਿ ਅਸੀਂ ਡਾਕਟਰ ਕੋਲ ਜਾਈਏ ਅਤੇ ਦਵਾਈ ਲਈਏ ਅਤੇ ਡਾਕਟਰ ਦੇ ਦੱਸੇ ਮੁਤਾਬਿਕ ਉਨ੍ਹਾਂ ਨੂੰ ਲਈਏ ਅਤੇ ਉਹ ਸਾਨੂੰ ਦੱਸੇਗਾ ਕਿ ਅਸੀਂ ਕਿੰਨਾਂ ਅਰਾਮ ਕਰਨਾ ਹੈ ਅਤੇ ਕੀ ਖਾਣਾ ਹੈ, ਵਰਗੀ ਕੋਈ ਸਲਾਹ ਦਏਗਾ। ਸਾਡੇ ਡਾਕਟਰ ਦੀ ਗੱਲ ਮੰਨ ਕੇ ਠੀਕ ਹੋ ਜਾਣ ਤੇ ਅਸੀਂ ਕੀ ਆਖਾਂਗੇ ਕਿ ਸਾਨੂੰ ਚੰਗਿਆਈ ਕਿਸ ਨੇ ਦਿੱਤੀ? ਖ਼ੁਦਾ ਨੇ ਸਾਡੀਆਂ ਦੁਆਵਾਂ ਦਾ ਜਵਾਬ ਦਿੱਤਾ ਜਾਂ ਨਹੀਂ? ਜਾਂ ਅਸੀਂ ਐਵੇਂ ਹੀ ਸੰਜੋਗ ਨਾਲ ਜਾਂ ਆਪਣੇ ਆਪ ਹੀ ਠੀਕ ਹੋ ਗਏ? ਮਸੀਹ ਸਾਨੂੰ ਦੱਸਦਾ ਹੈ ਕਿ ਖ਼ੁਦਾ ਸਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਕਿ ਸਾਨੂੰ ਕਿਸ ਚੀਜ਼ ਦੀ ਲੋੜ ਹੈ (ਮੱਤੀ 6:8)। ਯੂਹੰਨਾ ਆਖਦਾ ਹੈ, **''ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ''** (1 ਯੂਹੰਨਾ 5:14–15)।

ਹਾਂ ਖ਼ੁਦਾ ਅੱਜ ਚੰਗਿਆਈ ਦਿੰਦਾ ਹੈ ਪਰ ਚਮਤਕਾਰ ਨਾਲ ਨਹੀਂ। ਉਸ ਨੂੰ ਆਪਣੀ ਸਮਰੱਥਾ ਨੂੰ ਵਰਤਣ ਦੀ ਕੋਈ ਲੋੜ ਨਹੀਂ ਹੈ। ਇਹ ਉਹ ਕਈ ਵਾਰ ਵਿਖਾ ਚੁੱਕਿਆ ਹੈ। ਉਹ ਸਾਨੂੰ ਕੁਦਰਤੀ ਅਤੇ ਆਪਣੇ ਵਚਨ ਵਿਚ ਦੱਸੇ ਰੂਹਾਨੀ ਨਿਯਮਾਂ ਦੇ ਰਾਹੀਂ ਚੰਗਿਆਈ ਦਿੰਦਾ ਹੈ। ਕੁਦਰਤੀ ਨਿਯਮ ਮਨੁੱਖ ਦੀਆਂ ਸਰੀਰਕ ਲੋੜਾਂ ਲਈ ਅਤੇ ਰੂਹਾਨੀ ਨਿਯਮ ਇੰਜੀਲ ਦੀ ਗੱਲ ਮੰਨਣ, ਪਾਪਾਂ ਦੀ ਮਾਫ਼ੀ ਪਾਉਣ ਅਤੇ ਹਮੇਸ਼ਾ ਦੀ ਜ਼ਿੰਦਗੀ ਦੀ ਉਮੀਦ ਪਾਉਣ ਲਈ ਹਨ।

ਪ੍ਰਭੂ ਵਿਚ ਪਰਮੇਸ਼ੁਰ ਸਾਡੀ ਐਨੀਂ ਮਦਦ ਕਰੇ ਕਿ ਐਨੇ ਕਮਜ਼ੋਰ ਹੋਣ ਦੀ ਥਾਂ ਅਸੀਂ ਖ਼ੁਦਾ ਨੂੰ ਆਪਣੀ ਮਨਵਾਉਣ ਲਈ ਕਹੀਏ, ਸਾਡਾ ਵਿਸ਼ਵਾਸ ਐਨਾਂ ਹੋਵੇ ਕਿ ਅਸੀਂ ਖ਼ੁਦਾ ਨੂੰ ਆਪਣੇ ਤਰੀਕੇ ਨਾ ਕੰਮ ਕਰਨ ਦਈਏ। ਸੱਚ ਤਾਂ ਇਹ ਹੈ ਕਿ ਖ਼ੁਦਾ ਉੱਤੇ ਅਸੀਂ ਆਪਣੀ ਇੱਛਾ ਨੂੰ ਥੋਪ ਨਹੀਂ ਸਕਦੇ ਬਲਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਉਹਦੇ ਅੱਗੇ ਹਲੀਮ ਹੋ ਜਾਈਏ ਅਤੇ ਉਸ ਨੂੰ ਆਪਣੀ ਮਰਜ਼ੀ ਪੂਰੀ ਕਰਨ ਦਈਏ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਸੁਰਗ ਵਿਚ ਆਪਣੇ ਵਾਪਸ ਚਲੇ ਜਾਣ ਤੋਂ ਥੋੜ੍ਹਾ ਪਹਿਲਾਂ ਯਿਸੂ ਨੇ ਰਸੂਲਾਂ ਨੂੰ ਕੀ ਆਖਿਆ ਸੀ? (ਮਰਕੁਸ 16:15–20)। ਮਸੀਹ ਵਿਚ ਆਉਣ

ਵਾਲਿਆਂ ਵਿਚ ਕੀ ਨਿਸ਼ਾਨ ਹੋਣੇ ਸਨ?

2. ਅੱਜ ਲੋਕਾਂ ਦਾ ਮੰਨਣਾ ਹੈ ਕਿ ਉਹ ''ਸੁਰਗੀ ਬੋਲੀਆਂ ਬੋਲ ਸਕਦੇ ਹਨ, ਜ਼ਹਿਰ ਪੀ ਸਕਦੇ ਹਨ, ਸੱਪਾਂ ਨੂੰ ਚੁੱਕ ਸਕਦੇ ਹਨ, ਆਦਿ। ਪਰ ਪਵਿੱਤਰ ਆਤਮਾ ਉਨ੍ਹਾਂ ਦੀ ਰੱਖਿਆ ਕਰੇਗਾ?'' ਭਲਾ ਮਰਕੁਸ 16 ਵਿਚ ਯਿਸੂ ਦਾ ਵਾਅਦਾ ਹਰ ਯੁੱਗ ਦੇ ਸਭ ਲੋਕਾਂ ਲਈ ਹੈ? ਉਹ ਕਿੰਨ੍ਹਾਂ ਨਾਲ ਗੱਲ ਕਰ ਰਿਹਾ ਸੀ?
3. ਸਮੀਖਿਆ ਲਈ, ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਨਾਲ ਦੀ ਚਮਤਕਾਰ ਕਰਨ ਦੀ ਸਮਰੱਥਾ ਦਾ ਵਾਅਦਾ ਕਿਸ ਨੂੰ ਦਿੱਤਾ ਗਿਆ ਸੀ? (ਯੂਹੰਨਾ 14:26)।
4. ਜੇ ਯਿਸੂ ਦਾ ਵਾਅਦਾ ਇਹ ''ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ'' ਹਰ ਯੁੱਗ ਦੇ ਸਭ ਲੋਕਾਂ ਲਈ ਹੈ ਅਤੇ ਜਿਵੇਂ ਕਿ ਰਸੂਲਾਂ ਦੇ ਕਰਤੱਬ 5:12 ਵਿਚ ਲਿਖਿਆ ਹੈ, ਸਿਰਫ਼ ਰਸੂਲ ਹੀ ਮੋਅਜਜ਼ੇ ਕਿਉਂ ਕਰ ਸਕਦੇ ਸਨ?
5. ਜੇ ਯਿਸੂ ਦਾ ਵਾਅਦਾ ਕਿ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ'' ਹਰ ਯੁੱਗ ਦੇ ਸਭ ਲੋਕਾਂ ਲਈ ਹੈ ਤਾਂ ਭਲਾ ਜਿਸ ਕਲੀਸੀਆ ਵਿਚ ਤੁਸੀਂ ਹੋ ਉਸ ਵਿਚ ਉਸ ਦੇ ਸਭ ਲੋਕ ਇਹ ਕੰਮ ਕਰਦੇ ਹਨ? ਭਲਾ ਉਨ੍ਹਾਂ ਵਿੱਚੋਂ ਕੋਈ ਇਹ ਕਰ ਸਕਦਾ ਹੈ?
6. ਹਾਲ ਹੀ ਵਿਚ ਇਕ ਪੈਂਟੀਕਾਸਟਲ ਪ੍ਰਚਾਰਕ ਦੇ ਨਾਲ ਇਕ ਟੀਵੀ ਪ੍ਰੋਗਰਾਮ ਚਲਾਉਂਦਾ ਸੀ, ਜ਼ਹਿਰੀਲੇ ਸੱਪ ਦੇ ਡੰਗਣ ਨਾਲ ਮਰ ਗਿਆ। ਭਲਾ ਇਹ ਆਪਣਾ ਵਾਅਦਾ ਨਿਭਾਉਣ ਦੀ ਖ਼ੁਦਾ ਦੀ ਨਾਕਾਮੀ ਸੀ ਜਾਂ ਲੋਕਾਂ ਵੱਲੋਂ ਕੀਤੀ ਗਈ ਬਾਈਬਲ ਦੀ ਦੁਰਵਰਤੋਂ?
7. ਨਾਈਜੀਰੀਆ ਦੇ ''ਹੀਲਰ'' ਦੀ ਚਰਚ ਬਿਲਡਿੰਗ ਅਤੇ ਉਸ ਦੀ ਮੀਟਿੰਗ ਵਿਚ ਭਾਗ ਲੈਣ ਵਾਲਿਆਂ ਦਾ ਕੀ ਹੋਇਆ? ਕੀ ਉਸ ਨੇ ਉਨ੍ਹਾਂ ਨੂੰ ਮੁਰਦਿਆਂ ਵਿੱਚੋਂ ਜਿਵਾਲ ਦਿੱਤਾ।
8. ਪੈਂਟੀਕਾਸਟਲ ਪ੍ਰਚਾਰ ਅਫ਼ਰੀਕੀ ਲੋਕਾਂ ਵਿਚ ਪਾਏ ਜਾਣ ਵਾਲੇ ਜਾਦੂ ਅਤੇ ਬਦਰੂਹਾਂ ਵਿਚ ਊਨ੍ਹਾਂ ਦੇ ਅੰਧਵਿਸ਼ਵਾਸ ਅਤੇ ਵਿਸਵਾਸ ਦਾ ਫ਼ਾਇਦਾ ਕਿਵੇਂ ਚੁੱਕਦੇ ਹਨ।
9. ਚਮਤਕਾਰੀ ਚੰਗਿਆਈ ਅਤੇ ਖ਼ੁਦਾ ਵੱਲੋਂ ਚੰਗਿਆਈ ਵਿਚ ਕੀ ਫ਼ਰਕ ਹੈ।
10. ਖ਼ੁਦਾ ਚਮਤਕਾਰਾਂ ਦੀ ਵਰਤੋਂ ਕੀਤੇ ਬਗੈਰ ਦੁਆਵਾਂ ਦਾ ਜਵਾਬ ਕਿਵੇਂ ਦੇ ਸਕਦਾ ਹੈ?

## ਪਾਠ 11

# ਆਤਮਾ ਦੀ ਏਕਤਾ



ਪੌਲੁਸ ਰਸੂਲ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਲਿਖਿਆ ਸੀ, **''ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਜੋਗ ਚਾਲ ਚੱਲੋ। ਅਰਥਾਤ ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇਕ ਦੂਜੇ ਦੀ ਸਹਿ ਲਵੋ। ਅਤੇ ਮਿਲਾਪ ਦੇ ਬੰਧ ਵਿਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ। ਇੱਕੋ ਦੇਹੀ ਅਤੇ ਇੱਕੋ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿਚ ਸੱਦੇ ਗਏ। ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ। ਇੱਕੋ ਪਰਮੇਸ਼ੁਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ ਦੇ ਅੰਦਰ ਹੈ''** (ਅਫ਼ਸੀਆਂ 4:1–6)।

ਇੱਥੇ ਪੌਲੁਸ ਆਤਮਾ ਦੀ ਏਕਤਾ ਦੀ ਗੱਲ ਕਰ ਰਿਹਾ ਹੈ। ਉਹ ਆਖਦਾ ਹੈ ਕਿ ਇੱਕੋ ਹੀ ਆਤਮਾ ਹੈ। ਉਹ ਖ਼ੁਦਾ ਬਾਪ ਅਤੇ ਖ਼ੁਦਾ ਬੇਟੇ ਨਾਲ ਜੁੜੀ ਖ਼ੁਦਾਈ ਦਾ ਹਿੱਸਾ, ਇਕ ਸ਼ਖ਼ਸ ਹੈ (ਰੋਮੀਆਂ 1:20)।

ਖ਼ੁਦਾਈ ਵਿਚ ਹਰੇਕ ਦਾ ਯੋਗਦਾਨ ਹੈ ਭਾਵ ਕਰਨ ਲਈ ਖ਼ਾਸ ਕੰਮ ਹੈ। ਪਵਿੱਤਰ ਆਤਮਾ ਨੇ ਬਾਈਬਲ ਨੂੰ ਲਿਖਣ ਵਿਚ ਜਿਸ ਵਿਚ ਪੁਰਾਣਾ ਅਤੇ ਨਵਾਂ ਦੋਵੇਂ ਨੇਮ ਸ਼ਾਮਿਲ ਹਨ, ਕਈਆਂ ਨੂੰ ਲਿਖਣ ਵਿਚ ਹਦਾਇਤ ਅਤੇ ਅਗਵਾਈ ਕੀਤੀ। ਇਸ ਕਰਕੇ ਬਾਈਬਲ ਸਾਡੇ ਕੋਲ ਜ਼ਬਾਨੀ ਇਲਹਾਮ ਨਾਲ ਦਿੱਤਾ ਗਿਆ ਖ਼ੁਦਾ ਦਾ ਵਚਨ ਹੈ (2 ਪਤਰਸ 1:20, 21; 2 ਤਿਮੋਥਿਉਸ 3:16, 17)। ਬਾਈਬਲ ਨੂੰ ਕਈ ਵਾਰ ਆਤਮਾ ਦਾ ਵਚਨ, ਸਚਿਆਈ ਦਾ ਆਤਮਾ ਵੀ ਕਿਹਾ ਗਿਆ ਹੈ (ਯੂਹੰਨਾ 14:17; 15:26; 16:13)। ਪੌਲੁਸ ਨੇ ਇਸ ਨੂੰ ਆਤਮਾ ਦੀ ਤਲਵਾਰ ਆਖਿਆ ਹੈ (ਅਫ਼ਸੀਆਂ 6:17)। ਇਬਰਾਨੀਆਂ ਦੇ ਲੇਖਕ ਨੇ ਆਖਿਆ, ''ਕਿਉਂ ਜੋ ਪਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ

ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ'' (ਇਬਰਾਨੀਆਂ 4:12)।

ਆਤਮਾ ਦਾ ਵਚਨ ਜੋ ਕਿ ਖ਼ੁਦਾ ਦਾ ਵਚਨ ਹੈ ਸ਼ੁਰੂ ਤੋਂ ਲੈ ਕੇ ਅਖੀਰ ਤਕ ਇਕ ਹੈ। ਖ਼ੁਦਾ ਦਾ ਵਚਨ ਬਾਈਬਲ ਮੁਕੰਮਲ ਅਤੇ ਅੰਤਿਮ ਹੈ। ਇਸ ਦੇ ਰਾਹੀਂ ਖ਼ੁਦਾ ਨੇ ਉਹ ਆਖਿਆ ਹੈ ਜੋ ਉਹ ਕਹਿਣਾ ਚਾਹੁੰਦਾ ਸੀ। ਇਹ ਆਪਸ ਵਿਚ ਉਲਝਦਾ ਨਹੀਂ ਸੀ। ਅਤੇ ਨਾ ਹੀ ਇਹ ਇਕ ਜਣੇ ਨੂੰ ਕੁਝ ਹੋਰ ਅਤੇ ਕਿਸੇ ਹੋਰ ਨੂੰ ਕੁਝ ਹੋਰ ਦੱਸੇਗਾ। ਇਸ ਵਿਚ ਨਾ ਤਾਂ ਜੋੜਿਆ ਜਾਵੇ ਅਤੇ ਨਾ ਇਸ ਵਿੱਚੋਂ ਘਟਾਇਆ ਜਾਵੇ ਅਤੇ ਨਾ ਹੀ ਕਿਸੇ ਤਰ੍ਹਾਂ ਨਾਲ ਇਸ ਨੂੰ ਬਦਲਿਆ ਜਾਵੇ (ਪ੍ਰਕਾਸ਼ ਦੀ ਪੋਥੀ 22:18, 10; 2 ਯੂਹੰਨਾ 9—11)। ਪੌਲੁਸ ਨੇ ਆਖਿਆ ਕਿ ਉਸ ਨੇ ਇੱਕੋ ਨਿਰੋਲ ਇੰਜੀਲ ਸੁਣਾਈ ਸੀ। ਬੇਸ਼ੱਕ ਪਵਿੱਤਰ ਆਤਮਾ ਦੀ ਅਗਵਾਈ ਨਾਲ, ਅਤੇ ਜੇ ਕੋਈ ਕਿਸੇ ਹੋਰ ਇੰਜੀਲ ਨੂੰ ਸੁਣਾਉਣ ਵਾਲਾ ਆ ਜਾਵੇ, ਭਾਵੇਂ ਉਹ ਸੁਰਗ ਦਾ ਫ਼ਰਿਸ਼ਤਾ ਹੀ ਕਿਉਂ ਨਾ ਹੋਵੇ, ਤਾਂ ਖ਼ੁਦਾ ਦੀ ਲਾਅਨਤ ਉਸ ਉੱਤੇ ਪਵੇਗੀ (ਗਲਾਤੀਆਂ 1:6—9)।

ਆਤਮਾ ਨੇ ਵਚਨ ਵਿਚ ਸਾਹ ਫੂਕਿਆ ਹੈ ਅਤੇ ਇਸ ਕਰਕੇ ਜਦੋਂ ਕੋਈ ਇਸ ਨੂੰ ਆਪਣੇ ਮਨ ਵਿਚ ਕਬੂਲ ਕਰ ਲੈਂਦਾ ਹੈ, ਇਸ ਤੇ ਯਕੀਨ ਕਰਕੇ ਇਸ ਦੇ ਹੁਕਮਾਂ ਨੂੰ ਮੰਨਦਾ ਹੈ ਤਾਂ ਇਹ ਉਹਨੂੰ ਬਚਾਉਣ ਦਾ ਜਾਂ ਉਹਦੇ ਬਚਾਏ ਜਾਣ ਦਾ ਇਕ ਸਾਧਨ ਬਣ ਜਾਂਦਾ ਹੈ। ਪਤਰਸ ਨੇ ਐਲਾਨ ਕੀਤਾ, **''ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ। ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ''** (1 ਪਤਰਸ 1:22, 23)। ਯਿਸੂ ਨੇ ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਦਿੱਤਾ ਅਤੇ ਦ੍ਰਿਸ਼ਟਾਂਤ ਦਿੰਦਿਆਂ ਉਸ ਨੇ ਦੱਸਿਆ ਕਿ ਕਿਵੇਂ ਬੀਜ ਜੋ ਕਿ ਖ਼ੁਦਾ ਦਾ ਵਚਨ ਹੈ ਵੱਖੋ ਵੱਖ ਕਿਸਮਾਂ ਦੀ ਜ਼ਮੀਨ ਉੱਤੇ ਡਿੱਗਿਆ। ਕੁਝ ਜ਼ਮੀਨ ਚੰਗੀ ਜ਼ਮੀਨ ਉੱਤੇ ਡਿੱਗਿਆ ਜਿਸ ਨੂੰ ਚੰਗੇ ਮਨਾਂ ਵੱਲੋਂ ਕਬੂਲ ਕਰ ਲਿਆ ਗਿਆ ਅਤੇ ਨਤੀਜੇ ਵਜੋਂ ਉਹ ਵਧਿਆ ਅਤੇ ਚੰਗਾ ਫਲ ਲਿਆਇਆ (ਮੱਤੀ 13)। ਬੇਸ਼ੱਕ ਜ਼ਿੰਦਗੀ ਬੀਜ ਦੇ ਅੰਦਰ ਸੀ ਅਤੇ ਆਤਮਾ ਉਹ ਜ਼ਿੰਦਗੀ ਬੀਜ ਦੇ ਅੰਦਰ ਪਾਉਂਦਾ ਹੈ ਜੋ ਕਿ ਖ਼ੁਦਾ ਦਾ ਵਚਨ ਹੈ।

ਰਸੂਲ ਪੌਲੁਸ ਨੇ ਆਖਿਆ, ''ਕਿਉਂ ਜੋ ਅਸਾਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨੀ, ਕੀ ਗੁਲਾਮ, ਕੀ ਅਜ਼ਾਦ, ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇਕ ਆਤਮਾ ਪਿਆਇਆ

ਗਿਆ'' (1 ਕੁਰਿੰਥੀਆਂ 12:13)। ਭਾਵ ਅਸੀਂ ਆਤਮਾ ਵਿੱਚੋਂ ਪੀਂਦੇ ਰਹਿੰਦੇ ਹਾਂ ਜਾਂ ਆਤਮਾ ਦੇ ਵਚਨ ਨੂੰ ਮੰਨਦੇ ਰਹਿੰਦੇ ਹਾਂ, ਜੋ ਕਿ ਖ਼ੁਦਾ ਦਾ ਵਚਨ ਹੈ। ਮਸੀਹ ਨੇ ਜ਼ਿੰਦਗੀ ਦੇ ਪਾਣੀ ਅਤੇ ਜ਼ਿੰਦਗੀ ਦੀ ਰੋਟੀ ਵਿੱਚੋਂ ਲੈਣ ਲਈ ਆਖਿਆ ਤਾਂ ਜੋ ਅਸੀਂ ਮੁੜ ਭੁੱਖੇ ਜਾਂ ਪਿਆਸੇ ਨਾ ਹੋਈਏ।

ਆਤਮਾ ਵੱਲੋਂ ਮਨੁੱਖ ਨੂੰ ਆਪਣਾ ਵਚਨ ਦੇਣ ਦੇ ਕੰਮ ਨੂੰ ਪੂਰਾ ਕਰਨ ਤੋੜੀ, ਉਸ ਨੇ ਰਸੂਲਾਂ ਨੂੰ ਅਤੇ ਚੁਣਿੰਦਾ ਚੇਲਿਆਂ ਨੂੰ ਜਿਨ੍ਹਾਂ ਉੱਤੇ ਉਨ੍ਹਾਂ ਨੇ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਹੱਥ ਰੱਖੇ ਸਨ, ਲੋਕਾਂ ਨੂੰ ਕਾਇਲ ਕਰਨ ਦੇ ਯੋਗ ਬਣਾਇਆ ਕਿ ਉਹ ਖ਼ੁਦਾ ਵੱਲੋਂ ਹੀ ਭੇਜੇ ਗਏ ਸਨ ਅਤੇ ਖ਼ੁਦਾ ਨੇ ਹੀ ਉਨ੍ਹਾਂ ਨੂੰ ਉਹ ਸੰਦੇਸ਼ ਦੇਣ ਲਈ ਭੇਜਿਆ ਸੀ। ਆਤਮਾ ਦੇ ਖ਼ੁਦਾ ਦਾ ਵਚਨ ਲਿਖਵਾਉਣ ਲਈ ਵੱਖੋ ਵੱਖ ਲੋਕਾਂ ਨੂੰ ਪ੍ਰੇਰਣਾ ਦੇ ਦੇਣ ਦੇ ਬਾਅਦ ਨਵਾਂ ਨੇਮ ਮਨੁੱਖ ਨੂੰ ਮੁਕੱਮਲ ਰੂਪ ਵਿਚ ਦੇ ਦਿੱਤਾ ਗਿਆ ਤਾਂ ਮੋਅਜਜ਼ਿਆਂ ਦੀ ਕੋਈ ਲੋੜ ਨਹੀਂ ਰਹੀ ਜਿਸ ਕਰਕੇ ਉਹ ਹੋਣੇ ਬੰਦ ਹੋ ਗਏ। 1 ਕੁਰਿੰਥੀਆਂ 13 ਵਿਚ ਪੌਲੁਸ ਬੜਾ ਸਾਫ਼ ਦੱਸਦਾ ਹੈ।

ਫਿਰ ਧਿਆਨ ਦਿਓ ਕਿ ਆਤਮਾ ਦੀ ਏਕਤਾ ਅਤੇ ਆਤਮਾ ਦੇ ਸਚਿਆਈ ਨੂੰ ਪਰਗਟ ਕਰਨ ਦਾ ਢੰਗ ਜਿਸ ਨਾਲ ਏਕਤਾ ਹੋਈ। ਖ਼ੁਦਾ ਵੰਡਿਆ ਨਹੀਂ ਗਿਆ, ਮਸੀਹ ਵੰਡਿਆ ਨਹੀਂ ਗਿਆ ਅਤੇ ਨਾ ਹੀ ਆਤਮਾ ਵੰਡਿਆ ਗਿਆ ਹੈ। ਬਲਕਿ ਉਹ ਇੱਕੋ ਹਨ, ਉਹ ਇਕੱਠੇ ਹਨ, ਉਹ ਮਿਲ ਕੇ ਕੰਮ ਕਰਦੇ ਹਨ, ਉਨ੍ਹਾਂ ਨੇ ਇਸੇ ਤਰ੍ਹਾਂ ਅਜਿਹੇ ਵਚਨ ਆਖੇ ਹਨ ਜਿਹੜੇ ਸਾਨੂੰ ਇਕ ਕਰਦੇ ਹਨ ਜਾਂ ਇਕੱਠੇ ਰਖਦੇ ਹਨ।

ਆਤਮਾ ਵਚਨ ਵਿਚ ਸਾਡੇ ਉੱਤੇ ਪਰਗਟ ਕਰਦਾ ਹੈ ਕਿ ਇੰਜੀਲ ਇੱਕ ਹੈ, ਬਚਾਏ ਜਾਣ ਦਾ ਤਰੀਕਾ ਇੱਕੋ ਹੈ। ਮਸੀਹ ਨੇ ਆਖਿਆ ਹੈ, **''ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਚਹਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ''** (ਮਰਕੁਸ 16:15, 16)। ਜੇ ਸਾਰੇ ਲੋਕ ਉਸ ਇੰਜੀਲ ਨੂੰ ਸੁਣ ਕੇ, ਵਿਸ਼ਵਾਸ ਕਰ ਲੈਣ ਅਤੇ ਉਸ ਦੀ ਗੱਲ ਮੰਨ ਲੈਣ ਤਾਂ ਸਾਰੇ ਇੱਕੋ ਹੀ ਤਰੀਕੇ ਨਾਲ ਬਚਾਏ ਜਾਣਗੇ, ਕਿਉਂ ਜੋ ਗੁਆਚਿਆਂ ਹੋਇਆਂ ਨੂੰ ਬਚਾਉਣ ਦਾ ਪ੍ਰਭੂ ਦਾ ਇੱਕੋ ਹੀ ਤਰੀਕਾ ਹੈ। ਕਿਸੇ ਵੀ ਹੋਰ ਤਰੀਕੇ ਨਾਲ ਅਸੀਂ ਬਚਾਏ ਨਹੀਂ ਜਾ ਸਕਦੇ।

ਆਤਮਾ ਵਚਨ ਵਿਚ ਸਾਨੂੰ ਦੱਸਦਾ ਹੈ ਕਿ ਇੱਕੋ ਬਪਤਿਸਮਾ ਹੈ (ਅਫ਼ਸੀਆਂ 4:5)। ਸੰਸਾਰ ਦੱਸਦਾ ਹੈ ਕਿ ਵੱਖੋ-ਵੱਖ ਬਪਤਿਸਮੇ ਹਨ, ਪਰ ਆਤਮਾ ਦੱਸਦਾ ਹੈ ਕਿ ਇੱਕੋ ਹੀ ਬਪਤਿਸਮਾ ਹੈ ਅਤੇ ਉਹ ਦਫ਼ਨਾਏ ਜਾਣਾ ਹੈ (ਰੋਮੀਆਂ 6:3, 5; ਕੁਲੁੱਸੀਆਂ 2:12) ਅਤੇ ਉਹ ਪਾਪਾਂ ਦੀ ਮਾਫ਼ੀ ਵਾਸਤੇ ਹੈ (ਰਸੂਲਾਂ ਦੇ

ਕਰਤੱਬ 2:38)।

ਲਿਖੇ ਹੋਏ ਵਚਨ ਦੇ ਰਾਹੀਂ ਆਤਮਾ ਸਾਨੂੰ ਇਹ ਵੀ ਦੱਸਦਾ ਹੈ ਕਿ ਇੱਕੋ ਹੀ ਦੇਹ ਜਾਂ ਇੱਕੋ ਕਲੀਸੀਆ ਹੈ (ਅਫ਼ਸੀਆਂ 4:4)। ਫਿਰ ਲੋਕਾਂ ਕੋਲੋਂ ਅਸੀਂ ਸੁਣਦੇ ਰਹਿੰਦੇ ਹਾਂ ਕਿ ਬਹੁਤ ਸਾਰੀਆਂ ਕਲੀਸੀਆਵਾਂ ਹਨ। ਪਵਿੱਤਰ ਆਤਮਾ ਦੀ ਚਮਤਕਾਰੀ ਅਗਵਾਈ ਨਾਲ ਚੱਲਣ ਦਾ ਦਾਅਵਾ ਕਰਨ ਵਾਲੇ ਲੋਕ ਅਜਿਹੀਆਂ ਕਲੀਸੀਆਵਾਂ ਵਿਚ ਹੁੰਦੇ ਹਨ ਜਿਨ੍ਹਾਂ ਦਾ ਜ਼ਿਕਰ ਖ਼ੁਦਾ ਦੇ ਵਚਨ ਵਿਚ ਕਿਤੇ ਨਹੀਂ ਮਿਲਦਾ। ਭਲਾ ਆਤਮਾ ਨੇ ਆਪਣੇ ਵਚਨ ਵਿਚ ਪਰਗਟ ਕੀਤਾ ਹੈ ਕਿ ਕਲੀਸੀਆ ਸਿਰਫ਼ ਇੱਕੋ ਹੈ ਜਿਸ ਨੂੰ ਯਿਸੂ ਨੇ ਬਣਾਇਆ (ਮੱਤੀ 16:18)। ਪਰ ਫਿਰ ਉਨ੍ਹਾਂ ਕਲੀਸੀਆਵਾਂ ਦੇ ਕੁਝ ਲੋਕਾਂ ਦੀ ਅਗਵਾਈ ਕਰਦਾ ਹੈ ਜਿਨ੍ਹਾਂ ਦਾ ਜ਼ਿਕਰ ਉਸ ਦੇ ਵਚਨ ਵਿਚ ਨਹੀਂ ਹੈ? ਬੇਸ਼ਕ ਨਹੀਂ। ਆਤਮਾ ਵੰਡਿਆ ਹੋਇਆ ਨਹੀਂ ਹੈ ਅਤੇ ਉਹ ਲੋਕਾਂ ਨੂੰ ਧਾਰਮਿਕ ਤੌਰ ਤੇ ਅਜਿਹਾ ਕਰਨ ਲਈ ਨਹੀਂ ਕਹੇਗਾ ਜੋ ਉਸ ਦੇ ਵਚਨ ਵਿਚ ਕਹੀ ਉਸ ਗੱਲ ਨਾਲੋਂ ਫ਼ਰਕ ਹੋਵੇ।

ਪੌਲੁਸ ਨੇ ਲਿਖਿਆ ''ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ'' (ਗਲਾਤੀਆਂ 6:7, 8)।

## ਆਤਮਾ ਦਾ ਫਲ਼

ਸਰੀਰ ਦੇ ਕੰਮਾਂ ਦੀ ਫ਼ਹਰਿਸਤ ਦੇ ਕੇ ਉਹ ਆਤਮਾ ਦੇ ਕੰਮਾਂ ਵਿਚ ਫ਼ਰਕ ਦੱਸਦਾ ਹੈ। ਉਹ ਆਖਦਾ ਹੈ, ''**ਪਰ ਆਤਮਾ ਦਾ ਫਲ਼ ਇਹ ਹੈ—ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ। ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾਂ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ। ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ। ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇਕ ਦੂਏ ਨੂੰ ਖਿਝਾਈਏ ਅਤੇ ਇਕ ਦੂਏ ਨਾਲ ਖਾਰ ਕਰੀਏ**'' (ਗਲਾਤੀਆਂ 5:22—26)। ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਪੌਲੁਸ ਨੇ ਲਿਖਿਆ, ''ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ। ਚਾਨਣ ਦਾ ਫਲ਼ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿਚ ਹੈ। ਅਤੇ ਪਰਤਾਅ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ'' (ਅਫ਼ਸੀਆਂ 5:8—10)।

ਆਤਮਾ ਪਾਉਣ ਤੋਂ ਕੀ ਭਾਵ ਹੈ? ਪਤਰਸ ਕਹਿੰਦਾ ਹੈ ਕਿ ਪ੍ਰਭੂ ਦਾ ਹੁਕਮ ਮੰਨਣ ਤੇ ਪਵਿੱਤਰ ਆਤਮਾ ਸਾਨੂੰ ਦਾਨ ਵਿਚ ਮਿਲਦਾ ਹੈ (ਰਸੂਲਾਂ ਦੇ ਕਰਤੱਬ 2:38)। ਇਸ ਦਾ ਮਤਲਬ ਇਹ ਹੋਇਆ ਕਿ ਪਵਿੱਤਰ ਆਤਮਾ ਦਾ ਦਾਨ ਮਿਲਣ ਤੇ ਸਾਨੂੰ ਪਵਿੱਤਰ ਆਤਮਾ ਮਿਲ ਜਾਂਦਾ ਹੈ: **''ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ ਜੋ ਪਰਮੇਸ਼ੁਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ''** (ਰਸੂਲਾਂ ਦੇ ਕਰਤੱਬ 5:32)। ਰਸੂਲਾਂ ਦੇ ਹੱਥ ਰੱਖਣ ਲਈ ਜਿਨ੍ਹਾਂ ਸੱਤ ਚੇਲਿਆਂ ਨੂੰ ਚੁਣਿਆ ਗਿਆ ਸੀ ਉਹ ਸੱਭੇ ਪਹਿਲਾਂ ਹੀ ਪਵਿੱਤਰ ਆਤਮਾ ਨਾਲ ਭਰਪੂਰ ਸਨ, ''ਸੋ ਭਾਈਓ ਆਪਣੇ ਵਿੱਚੋਂ ਸੱਤ ਨੇਕ ਨਾਮ ਆਦਮੀਆਂ ਨੂੰ ਜਿਹੜੇ ਆਤਮਾ ਅਤੇ ਬੁੱਧ ਨਾਲ ਭਰਪੂਰ ਹੋਣ ਚੁਣ ਲਓ ਭਈ ਅਸੀਂ ਓਹਨਾਂ ਨੂੰ ਇਸ ਕੰਮ ਉੱਤੇ ਠਹਿਰਾਈਏ'' (ਰਸੂਲਾਂ ਦੇ ਕਰਤੱਬ 6:3)।

ਪੌਲੁਸ ਸਾਨੂੰ ਦੱਸਦਾ ਹੈ ਕਿ, **''ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ। ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ ਵਿਚ ਅੱਪੜੇ ਜਿਹ ਦੇ ਉੱਤੇ ਖਲੋਤੇ ਹਾਂ, ਅਤੇ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ ਕਰੀਏ। ਨਿਰਾ ਇਹੋ ਨਹੀਂ ਸਗੋਂ ਬਿਪਤਾ ਵਿਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ। ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ। ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿਚ ਪਾਇਆ ਹੋਇਆ ਹੈ''** (ਰੋਮੀਆਂ 5:1—5)। **ਫੇਰ ਉਹ ਆਖਦਾ ਹੈ, ''ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿਚ ਸ਼ਾਂਤੀ ਅਤੇ ਆਨੰਦ ਹੈ''** (ਰੋਮੀਆਂ 14:17)।

ਪੌਲੁਸ ਦੀ ਗੱਲ ਅੱਗੇ ਸੁਣੀਏ। ਉਹ ਆਖਦਾ ਹੈ, **''ਸੋ ਹੁਣ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿਚ ਹਨ ਸਜ਼ਾ ਦਾ ਹੁਕਮ ਨਹੀਂ ਹੈ** [ਜਿਹੜੇ ਸਰੀਰ ਦੇ ਅਨੁਸਾਰ ਨਹੀਂ, ਬਲਕਿ ਆਤਮਾ ਦੇ ਅਨੁਸਾਰ ਚਲਦੇ ਹਨ]। **ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ। ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿਚ ਘੱਲ ਕੇ ਸਰੀਰ ਵਿਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ। ਇਸ ਲਈ ਜੋ ਸਾਡੇ ਵਿਚ ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ ਪੂਰਾ ਹੋਵੇ। ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਕ ਹਨ ਓਹ ਆਤਮਾ ਦੀਆਂ ਵਸਤਾਂ ਉੱਤੇ ਮਨ ਲਾਉਂਦੇ ਹਨ।**

ਕਿਉਂ ਜੋ ਸਰੀਰਕ ਮਨਸ਼ਾ ਮੌਤ ਹੈ ਪਰ ਆਤਮਕ ਮਨਸ਼ਾ ਜੀਵਨ ਅਤੇ ਸ਼ਾਂਤੀ ਹੈ। ਇਸ ਲਈ ਜੋ ਸਰੀਰਕ ਮਨਸ਼ਾ ਪਰਮੇਸ਼ੁਰ ਨਾਲ ਵੈਰ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਸ਼ਰਾ ਦੇ ਅਧੀਨ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ। ਅਤੇ ਜਿਹੜੇ ਸਰੀਰਕ ਹਨ ਓਹ ਪਰਮੇਸ਼ੁਰ ਨੂੰ ਪਰਸੰਨ ਕਰ ਨਹੀਂ ਸਕਦੇ ਹਨ।

**ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੋਵੇ** ਪਰੰਤੂ ਜਿਹ ਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ। ਪਰ ਜੇ ਮਸੀਹ ਤੁਹਾਡੇ ਵਿਚ ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ। **ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ ਵਿਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿਚ ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ।**

**ਸੋ ਹੇ ਭਰਾਵੋ, ਅਸੀਂ ਕਰਜ਼ਦਾਰ ਹਾਂ ਪਰ ਸਰੀਰ ਦੇ ਨਹੀਂ ਜੋ ਸਰੀਰ ਦੇ ਅਨੁਸਾਰ ਉਮਰ ਕੱਟੀਏ। ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ। ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ। ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਦੇ ਅਸੀਂ 'ਅੱਬਾ, ਹੇ ਪਿਤਾ' ਪੁਕਾਰਦੇ ਹਾਂ। ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ। ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ। ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁੱਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ''** (ਰੋਮੀਆਂ 8: 1—17)।

ਇਹ ਦੱਸਦਿਆਂ ਕਿ ਪਵਿੱਤਰ ਆਤਮਾ ਇਕ ਮਸੀਹੀ ਦੇ ਅੰਦਰ ਕਿਵੇਂ ਕੰਮ ਕਰਦਾ ਹੈ, ਪੌਲੁਸ ਲਿਖਦਾ ਹੈ, **''ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤੁ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਹੁਕੇ ਭਰ ਕੇ ਸਾਡੇ ਲਈ ਸਫ਼ਾਰਸ਼ ਕਰਦਾ ਹੈ। ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਫ਼ਾਰਸ਼ ਕਰਦਾ ਹੈ''** (ਰੋਮੀਆਂ 8: 26, 27)।

ਪੌਲੁਸ ਨੇ ਤੀਤੁਸ ਨੂੰ ਲਿਖਿਆ, **''ਕਿਉਂ ਜੋ ਪਹਿਲਾਂ ਤਾਂ ਅਸੀਂ ਵੀ ਨਦਾਨ,**

**ਅਣਆਗਿਆਕਾਰ, ਧੋਖਾ ਖਾਣ ਵਾਲੇ, ਅਨੇਕ ਪਰਕਾਰ ਦੇ ਬੁਰਿਆਂ ਵਿਸ਼ਿਆਂ ਅਤੇ ਭੋਗ ਬਿਲਾਸਾਂ ਦੇ ਗੁਲਾਮ ਸਾਂ, ਬੁਰਿਆਈ ਅਤੇ ਖਾਰ ਵਿਚ ਉਮਰ ਭੋਗਦੇ ਸਾਂ, ਘਿਣਾਉਣੇ ਅਤੇ ਇਕ ਦੂਏ ਦੇ ਵੈਰੀ ਸਾਂ। ਪਰ ਜਾਂ ਸਾਡੇ ਮੁਕਤੀ ਦਾਤਾ ਪਰਮੇਸ਼ੁਰ ਦੀ ਦਿਆਲਗੀ ਅਤੇ ਪ੍ਰੇਮ ਜੋ ਮਨੁੱਖਾਂ ਨਾਲ ਸੀ ਪਰਗਟ ਹੋਇਆ। ਤਾਂ ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ। ਜਿਹ ਨੂੰ ਉਸ ਨੇ ਸਾਡੇ ਮੁਕਤੀ ਦਾਤਾ ਯਿਸੂ ਮਸੀਹ ਦੇ ਦੁਆਰਾ ਸਾਡੇ ਉੱਤੇ ਬਹੁਤ ਕਰਕੇ ਵਹਾ ਦਿੱਤਾ। ਭਈ ਅਸੀਂ ਉਹ ਦੀ ਕਿਰਪਾ ਨਾਲ ਧਰਮੀ ਠਹਿਰ ਕੇ ਆਸ ਦੇ ਅਨੁਸਾਰ ਸਦੀਪਕ ਜੀਵਨ ਦੇ ਅਧਕਾਰੀ ਹੋਈਏ''** (ਤੀਤੁਸ 3:3–7)।

ਫੇਰ, ਪਵਿੱਤਰ ਆਤਮਾ ਪਾਉਣ ਤੋਂ ਕੀ ਭਾਵ ਹੈ? ਬਾਈਬਲ ਵਿੱਚੋਂ ਜਿੰਨੀਆਂ ਵੀ ਆਇਤਾਂ ਦਾ ਪਿੱਛੇ ਅਸਾਂ ਜ਼ਿਕਰ ਕੀਤਾ ਹੈ ਉਨ੍ਹਾਂ ਤੋਂ ਅਸੀਂ ਦੇਖਦੇ ਹਾਂ ਕਿ ਉਹ ਸਭ ਜੋ ਪਰਮੇਸ਼ੁਰ ਦਾ ਹੁਕਮ ਮੰਨਦੇ ਹਨ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਦਾਨ ਮਿਲਦਾ ਹੈ। ਇਹ ਪਵਿੱਤਰ ਆਤਮਾ ਦਾ ਗੈਰ ਚਮਤਕਾਰੀ ਮਾਪ ਹੈ। ਪਰ ਫਿਰ ਵੀ ਪੌਲੁਸ ਅਤੇ ਮਸੀਹ ਦੇ ਵਾਂਗ ਹੀ ਪਵਿੱਤਰ ਆਤਮਾ ਵੀ ਉਸ ਵਿਚ ਰਹਿ ਰਿਹਾ ਹੈ (1 ਕੁਰਿੰਥੀਆਂ 8:6)। ਪੌਲੁਸ ਲਿਖਦਾ ਹੈ ਕਿ ਇਹ ਸਰੀਰਕ ਦੇਹ ਪਵਿੱਤਰ ਆਤਮਾ ਦੀ ਹੈਕਲ ਹੈ (1 ਕੁਰਿੰਥੀਆਂ 3:16, 17; 6:19, 20)।

ਆਤਮਾ ਸਾਡੀਆਂ ਕਮਜ਼ੋਰੀਆਂ ਵਿਚ ਸਾਡੀ ਮਦਦ ਕਰਦਾ ਹੈ ਅਤੇ ਪਰਮੇਸ਼ੁਰ ਦੀ ਇੱਛਾ ਅਨੁਸਾਰ ਸਾਡੇ ਲਈ ਸਿਫਾਰਸ਼ ਕਰਦਾ ਹੈ। ਇਹ ਜਾਣਦਿਆਂ ਕਿ ਅਸੀਂ ਆਤਮਾ ਦੇ ਵਚਨ ਬਾਈਬਲ ਦੇ ਪੰਨਿਆਂ ਤੇ ਲਿਖੀ ਗੱਲ ਨੂੰ ਮੰਨ ਰਹੇ ਹਾਂ, ਪਵਿੱਤਰ ਆਤਮਾ ਵੀ ਸਾਡੀ ਆਤਮਾ ਦੇ ਨਾਲ ਸਹਿਮਤ ਹੁੰਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਪੂਰੀ ਕਰ ਰਹੇ ਹਾਂ ਅਤੇ ਇਸ ਤਰ੍ਹਾਂ ਅਸੀਂ ਪਰਮੇਸ਼ੁਰ ਦੀ ਸੰਤਾਨ ਹਾਂ।

ਆਤਮਾ ਪਾਉਣ ਅਤੇ ਆਤਮਾ ਦੇ ਵਚਨ ਦੀ ਹਦਾਇਤ ਨੂੰ ਮੰਨਣ ਨਾਲ ਅਸੀਂ ਆਤਮਾ ਦਾ ਫਲ਼ ਦਿੰਦੇ ਹਾਂ। ਪੌਲੁਸ ''ਪ੍ਰੇਮ, ਆਨੰਦ, ਸ਼ਾਂਤੀ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ, ਸਹਿਨਸ਼ੀਲਤਾ ਜਾਂ ਸਵੈ ਕਾਬੂ ਅਤੇ ਰਾਸਤਬਾਜ਼ੀ'' ਨੂੰ ਆਤਮਾ ਦਾ ਫ਼ਲ ਦੱਸਦਾ ਹੈ। ਜਿਨ੍ਹਾਂ ਸ਼ਬਦਾਂ ਦੀ ਵਿਆਖਿਆ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਅਸੀਂ ਸਭ ਇਨ੍ਹਾਂ ਦਾ ਅਰਥ ਜਾਣਦੇ ਹਾਂ। ਇਹ ਉਹ ਚੰਗੇ ਕੰਮ ਹਨ ਜਿਨ੍ਹਾਂ ਨੂੰ ਕਰਨ ਤੋਂ ਕੋਈ ਵੀ ਕਾਨੂੰਨ ਮਨ੍ਹਾਂ ਨਹੀਂ ਕਰਦਾ। ਨਾ ਹੀ ਇਸ ਤਰ੍ਹਾਂ ਦਾ ਫ਼ਲ ਦੇਣ ਲਈ ਵਚਨ ਤੋਂ ਅਲਹਿਦਾ ਕਿਸੇ ਚਮਤਕਾਰ ਵਾਲੀ ਪਵਿੱਤਰ ਆਤਮਾ ਦੀ ਅਗਵਾਈ ਦੀ ਲੋੜ ਹੈ। ਇਹ ਫਲ਼ ਉਦੋਂ ਹੀ ਲਗਦਾ ਹੈ, ਜਦ ਕੋਈ ਪਰਮੇਸ਼ੁਰ ਦੀ ਗੱਲ ਮੰਨਦਾ ਅਤੇ ਪਵਿੱਤਰ ਆਤਮਾ ਦੇ

ਵਚਨ ਦੇ ਅਨੁਸਾਰ ਚੱਲਦਾ ਹੈ।

ਇਕ ਮਸੀਹੀ ਦੀ ਜ਼ਿੰਦਗੀ ਵਿਚ ਪਵਿੱਤਰ ਆਤਮਾ ਦੀ ਭੂਮਿਕਾ ਬਾਰੇ ਬਾਈਬਲ ਬਹੁਤ ਕੁਝ ਕਹਿਣਾ ਚਾਹੁੰਦੀ ਹੈ। ਪਰ ਅਫ਼ਸੋਸ ਕਿ ਬਹੁਤ ਸਾਰੇ ਲੋਕ ਆਤਮਾ ਨੂੰ ਚਮਤਕਾਰ ਕਰਦਿਆਂ ਹੀ ਦੇਖਣਾ ਚਾਹੁੰਦੇ ਹਨ। ਬਹੁਤ ਸਾਰੇ ਲੋਕ ਆਤਮਾ ਨਾਲ ਜੁੜੀ ਕਿਸੇ ਵੀ ਗੱਲ ਦਾ ਅਧਿਐਨ/ਮੁਤਾਲਿਆ ਜਾਂ ਉਸ ਤੇ ਕਿਸੇ ਵੀ ਗੱਲ ਕਰਨ ਵਿਚ ਕਤਰਾਉਂਦੇ ਹਨ ਤਾਂ ਜੋ ਅਜਿਹਾ ਨਾ ਹੋਵੇ ਕਿ ਉਨ੍ਹਾਂ ਉੱਤੇ ਅੱਜ ਮਸੀਹੀ ਲੋਕਾਂ ਦੀ ਜ਼ਿੰਦਗੀ ਵਿਚ ਆਤਮਾ ਦੇ ਚਮਤਕਾਰੀ ਢੰਗ ਨਾਲ ਕੰਮ ਕਰਨ ਨੂੰ ਮੰਨਣ ਦਾ ਇਲਜ਼ਾਮ ਲੱਗੇ। ਇਕ ਗਲਤੀ ਨੂੰ ਨਕਾਰ ਕੇ ਸਾਨੂੰ ਦੂਜੇ ਸਿਖਰ ਤੇ ਜਾ ਕੇ ਆਪਣੀ ਇਕ ਹੋਰ ਗਲਤੀ ਨਹੀਂ ਬਨਾਉਣੀ ਚਾਹੀਦੀ। **''ਭਗਤੀ ਦਾ ਰੂਪ ਧਾਰ ਕੇ ਵੀ ਉਹਦੀ ਸ਼ਕਤੀ ਦੇ ਇਨਕਾਰੀ ਹੋਣੇ''** (2 ਤਿਮੋਥਿਉਸ 3:5) । ਇਸ ਦੇ ਉਲਟ ਅਸੀਂ ਆਤਮਾ ਦੇ ਕੰਮ ਨੂੰ ਚਮਤਕਾਰ ਦੇ ਸਬੰਧ ਵਿਚ ਰਸੂਲਾਂ ਦੇ ਸਮੇਂ ਦੇ ਰੂਪ ਵਿਚ ਵੇਖੀਏ ਪਰ ਸਾਨੂੰ ਅੱਜ ਮਸੀਹੀ ਲੋਕਾਂ ਦੇ ਸਬੰਧ ਵਿਚ ਆਤਮਾ ਦੇ ਕੰਮ ਨੂੰ ਵੇਖਣਾ ਵੀ ਜ਼ਰੂਰੀ ਹੈ। ਅਸੀਂ ਇਹ ਨਹੀਂ ਸਿਖਾਉਣਾ ਚਾਹੁੰਦੇ ਕਿ ਆਤਮਾ ਅੱਜ ਉਹ ਕੰਮ ਕਰ ਰਿਹਾ ਹੈ ਜੋ ਉਹ ਕਰਦਾ ਨਹੀਂ ਹੈ, ਪਰ ਸਾਨੂੰ ਅੱਜ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਉਸ ਦੀ ਭੂਮਿਕਾ ਨੂੰ ਨਕਾਰਨਾ ਵੀ ਨਹੀਂ ਚਾਹੀਦਾ। ਜੇ ਅਸੀਂ ਜੀਉਂਦੇ ਹਾਂ ਤਾਂ ਇਸ ਕਰਕੇ ਕਿਉਂ ਜੋ ਉਹ ਸਾਡੇ ਅੰਦਰ ਰਹਿੰਦਾ ਹੈ ਅਤੇ ਸਾਨੂੰ ਪਰਮੇਸ਼ੁਰ ਦੀ ਸੰਤਾਨ ਬਣਾਉਂਦਾ ਹੈ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਜਿਹੜੇ ਨਿਹਚਾਵਾਨ ਹੋਣ ਦਾ ਦਾਅਵਾ ਕਰਦੇ ਹਨ, ਭਲਾ ਉਨ੍ਹਾਂ ਵਿਚ ਫੁੱਟ ਹੈ?
2. ਜਿਸ ਏਕਤਾ ਨੂੰ ਖ਼ੁਦਾ ਚਾਹੁੰਦਾ ਹੈ ਉਸ ਦਾ ਅਧਾਰ ਕੀ ਹੈ (ਅਫ਼ਸੀਆਂ 4:1–6)?
3. ਪਵਿੱਤਰ ਆਤਮਾ ਦੇ ਰਾਹੀਂ ਕਿਹੜਾ ਖ਼ਾਸ ਕੰਮ ਕੀਤਾ ਗਿਆ?
4. ਬਾਈਬਲ ਸਾਡੇ ਕੋਲ ਜ਼ਬਾਨੀ ............... ਨਾਲ ਦਿੱਤਾ ਗਿਆ ਵਚਨ ਹੈ (2 ਪਤਰਸ 1:20, 21; 2 ਤਿਮੋਥਿਉਸ 3:16, 17)। ਜਦ ਅਸੀਂ ਖ਼ੁਦਾ ਦੇ ਵਚਨ ਦਾ ਅਧਿਐਨ ਕਰਦੇ ਹਾਂ, ਉਸ ਉੱਤੇ ਨਿਹਚਾ ਕਰਦੇ ਅਤੇ ਉਸ ਨੂੰ ਮੰਨਦੇ ਹਾਂ ਤਾਂ ਬਾਈਬਲ ਸਾਨੂੰ ਆਪਣੇ ਪਾਪਾਂ ਤੋਂ ............... ਕਰਨ ਦਾ ਜ਼ਰੀਆ ਬਣਦੀ ਹੈ (1 ਪਤਰਸ 1:22, 23)।
5. ਮਸੀਹੀ ਲੋਕਾਂ ਦੇ ਰੂਪ ਇਸ ਦਾ ਕੀ ਅਰਥ ਹੈ ਕਿ ਸਾਨੂੰ ਇੱਕੋ ਹੀ ਆਤਮਾ ਦਿੱਤਾ ਗਿਆ ਹੈ?

6. ਇਲਹਾਮ ਨਾਲ ਦਿੱਤੀ ਗਈ ਬਾਈਬਲ ਦੇ ਰਾਹੀਂ ਖ਼ੁਦਾ ਸਾਨੂੰ ਦੱਸਦਾ ਹੈ ਕਿ ਇੱਕੋ .................. ਹੈ ਅਤੇ ਇੱਕੋ ..................... ਹੈ (ਅਫ਼ਸੀਆਂ 4:4)। ਇਹ ਅੱਜ ਦੀਆਂ ਹਜ਼ਾਰਾਂ ਡਿਨੋਮਿਨੇਸ਼ਨਾਂ ਵਾਲੀ ਧਾਰਮਿਕ ਜਗਤ ਦੀ ਫੁੱਟ ਬਾਰੇ ਕੀ ਕਹਿੰਦਾ ਹੈ?

6. ਆਤਮਾ ਤੋਂ ਪੈਦਾ ਹੋਏ ਹੋਣ ਕਰਕੇ ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਕਿਹੜਾ ਫਲ ਲਿਆਉਣਾ ਜ਼ਰੂਰੀ ਹੈ? (ਗਲਾਤੀਆਂ 5:22–26)।

7. ਸੋ ਜਦੋਂ ਅਸੀਂ ਨਿਹਚਾ ਨਾਲ ................. ਠਹਿਰਾਏ ਗਏ ਤਾਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ................ ਰੱਖੀਏ। ਜਿਹਦੇ ਰਾਹੀਂ ਅਸੀਂ .................. ................. ਓਸ ਕਿਰਪਾ ਵਿਚ ਅੱਪੜੇ ਜਿਹਦੇ ਉੱਤੇ ਖਲੋਤੇ ਹਾਂ। ਪਰਮੇਸ਼ੁਰ ਦਾ ਪ੍ਰੇਮ ......................... ਦੇ ਵਸੀਲੇ ਨਾਲ ਸਾਨੂੰ ਦਿੱਤਾ ਗਿਆ (ਰੋਮੀਆਂ 5:1–5)। ਪਰਮੇਸ਼ੁਰ ਦਾ ਪ੍ਰੇਮ ਸਾਡਿਆਂ ਹਿਰਦਿਆਂ ਵਿਚ ਕਿਵੇਂ ਪਾਇਆ ਗਿਆ ਹੈ,

8. ਮਸੀਹੀ ਲੋਕਾਂ ਦੇ ਰੂਪ ਵਿਚ ਜੇ ਪਰਮੇਸ਼ੁਰ ਦਾ ਆਤਮਾ ਸਾਡੇ ਅੰਦਰ ਵਾਸ ਕਰਦਾ ਹੈ ਤਾਂ ਰੋਮੀਆਂ 8:11 ਦੇ ਅਨੁਸਾਰ ਸਾਨੂੰ ਕੀ ਵਾਅਦਾ ਦਿੱਤਾ ਗਿਆ ਹੈ?

9. ਸਾਡੀ ਦੇਹ ਪਵਿੱਤਰ ਆਤਮਾ ਦੀ ...................... ਹੈ (1 ਕੁਰਿੰਥੀਆਂ 3:16, 17; 6:19, 20)। ਉਹ ਸਾਡੀ ਸਹਾਇਤਾ ਕਿਵੇਂ ਕਰਦਾ ਹੈ? (ਰੋਮੀਆਂ 8:26; ਅਫ਼ਸੀਆਂ 3:16–19)।

10. ਜਦ ਲੋਕ ਪਵਿੱਤਰ ਆਤਮਾ ਨੂੰ ਚਮਤਕਾਰੀ ਸ਼ਕਤੀ ਨਾਲ ਮਿਲਾ ਦਿੰਦੇ ਹਨ ਤਾਂ ਉਹ ਬਾਈਬਲ ਦੇ ਉਨ੍ਹਾਂ ਵਚਨਾਂ ਦੇ ਅਰਥ ਨੂੰ ਗਲਤ ਸਮਝ ਰਹੇ ਹੁੰਦੇ ਹਨ ਜੋ ਮਸੀਹੀ ਲੋਕਾਂ ਦੇ ਰੂਪ ਵਿਚ ਸਾਡੀਆਂ ਜ਼ਿੰਦਗੀਆਂ ਵਿਚ ਸ਼ਾਮਿਲ ਹੋਣ ਨੂੰ ਵਿਖਾਉਂਦੇ ਹਨ। ਰਸੂਲਾਂ ਦੇ ਸਮੇਂ ਦੌਰਾਨ ਪਵਿੱਤਰ ਆਤਮਾ ਦੇ ਕੰਮ ਤੇ ਵਿਚਾਰ ਕਰੋ। ਉਨ੍ਹਾਂ ਹਵਾਲਿਆਂ ਤੇ ਵਿਚਾਰ ਕਰੋ ਜਿਨ੍ਹਾਂ ਦਾ ਅਸੀਂ ਅਧਿਐਨ ਕੀਤਾ ਹੈ ਜਿਨ੍ਹਾਂ ਤੋਂ ਅੱਜ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਉਸ ਦੇ ਕੰਮ ਦਾ ਪਤਾ ਲਗਦਾ ਹੈ।

## ਪਾਠ 12

# ਪਵਿੱਤਰ ਆਤਮਾ ਦੇ ਵਿਰੁੱਧ ਪਾਪ



ਬਾਈਬਲ ਦੱਸਦੀ ਹੈ ਕਿ **''ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ''** (ਰੋਮੀਆਂ 3:23) ਸਨ। ਇਹ ਇਹ ਵੀ ਦੱਸਦੀ ਹੈ ਕਿ ਜਿਹੜੇ ਲੋਕ ਖ਼ੁਦਾ ਵਿਚ ਵਿਸ਼ਵਾਸ ਕਰਕੇ, ਆਪਣੇ ਪਾਪਾਂ ਤੋਂ ਤੌਬਾ ਕਰਕੇ ਅਤੇ ਯਿਸੂ ਦਾ ਇਕਰਾਰ ਕਰਦੇ ਹਨ ਕਿ ਉਹ ਖ਼ੁਦਾ ਦਾ ਬੇਟਾ ਹੈ, ਪਾਣੀ ਵਿਚ ਬਪਤਿਸਮਾ ਲੈਂਦੇ ਹਨ ਉਹ ਬਚਾਏ ਜਾ ਸਕਦੇ ਹਨ (ਮਰਕੁਸ 16:16; ਰਸੂਲਾਂ ਦੇ ਕਰਤੱਬ 2:38)। ਸੁਭਾਵਕ ਹੈ ਕਿ ਜਿਹੜੇ ਲੋਕ ਹੁਕਮ ਨਹੀਂ ਮੰਨਦੇ ਉਨ੍ਹਾਂ ਦੇ ਪਾਪ ਮਾਫ਼ ਨਹੀਂ ਹੋ ਸਕਦੇ। ਬਾਈਬਲ ਪਵਿੱਤਰ ਆਤਮਾ ਦੀ ਸਮਰੱਥਾ ਦੇ ਰਾਹੀਂ ਦਿੱਤੀ ਗਈ ਹੈ, ਇਸ ਕਰਕੇ ਆਤਮਾ ਦੇ ਵਚਨ ਨੂੰ ਵਰਤਣ ਵੇਲੇ ਸਾਨੂੰ ਬੜੀ ਹੁਸ਼ਿਆਰੀ ਵਰਤਣੀ ਚਾਹੀਦੀ ਹੈ ਕਿਉਂ ਜੋ ਇਹ ਮਨੁੱਖ ਦਾ ਜਾਂ ਰਸੂਲਾਂ ਦਾ ਨਹੀਂ ਬਲਕਿ ਮਨੁੱਖ ਨੂੰ ਦਿੱਤਾ ਗਿਆ ਖ਼ੁਦਾ ਦਾ ਆਖ਼ਰੀ ਮੁਕਾਸ਼ਫ਼ਾ ਹੈ।

ਬਾਈਬਲ ''ਪਵਿੱਤਰ ਆਤਮਾ ਦੇ ਵਿਰੁੱਧ ਪਾਪ'' ਦੇ ਸਬੰਧ ਵਿਚ ਦੱਸਦੀ ਹੈ ਅਤੇ ਕਹਿੰਦੀ ਹੈ ਕਿ ਜਿਹੜੇ ਲੋਕ ਇਹ ਪਾਪ ਕਰਦੇ ਹਨ ਉਨ੍ਹਾਂ ਨੂੰ ਨਾ ਇਸ ਜੁਗ ਵਿਚ ਨਾ ਆਉਣ ਵਾਲੇ ਜੁਗ ਵਿਚ ਮਾਫ਼ੀ ਮਿਲੇਗੀ। ਮਸੀਹ ਨੇ ਆਖਿਆ, **''ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਜੋ ਹਰੇਕ ਪਾਪ ਅਤੇ ਕੁਫ਼ਰ ਮਨੁੱਖਾਂ ਨੂੰ ਮਾਫ਼ ਕੀਤਾ ਜਾਵੇਗਾ ਪਰ ਉਹ ਕੁਫ਼ਰ ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ ਨਹੀਂ ਕੀਤਾ ਜਾਵੇਗਾ। ਅਤੇ ਜੋ ਕੋਈ ਮਨੁੱਖ ਦੇ ਪੁੱਤਰ ਦੇ ਵਿਰੁੱਧ ਗੱਲ ਕਰੇ ਉਹ ਨੂੰ ਮਾਫ਼ ਕੀਤਾ ਜਾਵੇਗਾ ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ ਨਾ ਇਸ ਜੁਗ ਵਿਚ ਨਾ ਆਉਣ ਵਾਲੇ ਜੁਗ ਵਿਚ ਮਾਫ਼ ਕੀਤਾ ਜਾਵੇਗਾ''** (ਮੱਤੀ 12:31, 32)। ਮਰਕੁਸ 3:28, 29 ਵਿਚ ਇਹੀ ਦੱਸਦਾ ਹੈ।

ਖ਼ੁਦਾ ਦੇ ਵਚਨ ਵਿਚ ਹੋਰ ਵੀ ਕਈ ਹਵਾਲੇ ਹਨ। ਉਦਾਹਰਣ ਲਈ ਯੂਹੰਨਾ ਇਕ ਪਾਪ ਦੀ ਗੱਲ ਕਰਦਾ ਹੈ ਜਿਸ ਦਾ ਅੰਤ ਮੌਤ ਹੈ। ਉਸ ਨੇ ਲਿਖਿਆ, **''ਜੇ**

**ਕੋਈ ਆਪਣੇ ਭਰਾ ਨੂੰ ਅਜਿਹਾ ਪਾਪ ਕਰਦਾ ਵੇਖੇ ਜੋ ਮੌਤ ਦਾ ਕਾਰਨ ਨਹੀਂ ਤਾਂ ਉਹ ਮੰਗੇ ਅਤੇ ਪਰਮੇਸ਼ੁਰ ਉਹ ਨੂੰ ਜੀਵਨ ਦੇਵੇਗਾ ਅਰਥਾਤ ਉਨ੍ਹਾਂ ਲਈ ਜਿਹੜੇ ਇਹੋ ਜਿਹਾ ਪਾਪ ਕਰਦੇ ਹਨ ਜੋ ਮੌਤ ਦਾ ਕਾਰਨ ਨਹੀਂ। ਇਹੋ ਜਿਹਾ ਇਕ ਪਾਪ ਹੈ ਜਿਹੜਾ ਮੌਤ ਦਾ ਕਾਰਨ ਹੈ। ਉਹ ਦੇ ਵਿਖੇ ਮੈਂ ਨਹੀਂ ਆਖਦਾ ਭਈ ਉਹ ਬੇਨਤੀ ਕਰੇ। ਸਾਰਾ ਕੁਧਰਮ ਪਾਪ ਹੈ ਅਤੇ ਇਹੋ ਜਿਹਾ ਇਕ ਪਾਪ ਹੈ ਜਿਹੜਾ ਮੌਤ ਦਾ ਕਾਰਨ ਨਹੀਂ''** (1 ਯੂਹੰਨਾ 5: 16, 17)।

ਪੌਲੁਸ ਨੇ ਇਸ ਨੂੰ ਇਉਂ ਲਿਖਿਆ ਹੈ, **''ਆਤਮਾ ਨੂੰ ਨਾ ਬੁਝਾਓ''** (1 ਥੱਸਲੁਨੀਕੀਆਂ 5: 19)। ਇਬਰਾਨੀਆਂ ਦੇ ਲੇਖਕ ਨੇ ਐਲਾਨ ਕੀਤਾ, **''ਕਿਉਂਕਿ ਓਹ ਜਿਹੜੇ ਇਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿਚ ਸਾਂਝੀ ਹੋਏ। ਅਤੇ ਪਰਮੇਸ਼ੁਰ ਦੇ ਸ਼ੁਭ ਵਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ ਅਣਹੋਣੀ ਹੈ ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ''** (ਇਬਰਾਨੀਆਂ 6: 4–6)।

ਇਬਰਾਨੀਆਂ ਦਾ ਲੇਖਕ ਫੇਰ ਆਖਦਾ ਹੈ, **''ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ। ਪਰ ਨਿਆਉਂ ਦੀ ਭਿਆਨਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ। ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ। ਤਾਂ ਤੁਹਾਡੇ ਖਿਆਲ ਵਿਚ ਉਹ ਕਿੰਨੀਕੁ ਹੋਰ ਵੀ ਕਰੜੀ ਸਜ਼ਾ ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ ਪਰਮੇਸ਼ੁਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ। ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ ਅਤੇ ਫੇਰ ਇਹ ਕਿ ਪ੍ਰਭੂ ਆਪਣੀ ਪਰਜਾ ਦਾ ਨਿਆਉਂ ਕਰੇਗਾ। ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਨਕ ਗੱਲ ਹੈ!''** (ਇਬਰਾਨੀਆਂ 10:26–31)।

ਪਤਰਸ ਨੇ ਲਿਖਿਆ, **''ਜੇਕਰ ਓਹ ਪ੍ਰਭੂ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ ਸੰਸਾਰ ਦੇ ਗੰਦ ਮੰਦ ਤੋਂ ਬਚ ਕੇ ਓਸ ਵਿਚ ਮੁੜ ਕੇ ਫਸਣ ਅਤੇ ਹਠਾਰੂ ਹੋ ਜਾਣ ਤਾਂ ਉਨ੍ਹਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ। ਕਿਉਂ ਜੋ ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ ਭਈ ਉਹ ਨੂੰ**

**ਜਾਣ ਕੇ ਓਸ ਪਵਿੱਤਰ ਆਗਿਆ ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ ਫਿਰ ਜਾਣ। ਇਹ ਸੱਚੀ ਕਹਾਉਤ ਉਨ੍ਹਾਂ ਉੱਤੇ ਠੀਕ ਬਹਿੰਦੀ ਹੈ ਭਈ ਕੁੱਤਾ ਆਪਣੀ ਉੱਪਰ ਛਲ ਵੱਲ ਮੁੜਿਆ ਅਤੇ ਨੁਲ੍ਹਾਈ ਹੋਈ ਸੂਰਨੀ ਚਿੱਕੜ ਵਿਚ ਲੇਟਣ ਨੂੰ ਮੁੜ ਗਈ'** ' (2 ਪਤਰਸ 2:20–22)।

ਮੈਨੂੰ ਲਗਦਾ ਹੈ ਕਿ ਇਨ੍ਹਾਂ ਸਾਰੀਆਂ ਆਇਤਾਂ ਵਿਚ ਸਾਨੂੰ ਕੁਝ ਸਮਾਨਤਾਵਾਂ ਮਿਲ ਸਕਦੀਆਂ ਹਨ ਅਸੀਂ ''ਪਵਿੱਤਰ ਆਤਮਾ ਦੇ ਵਿਰੁੱਧ ਪਾਪ,'' ''ਪਾਪ ਜਿਹੜਾ ਮੌਤ ਦਾ ਕਾਰਣ ਹੈ,'' ''ਆਤਮਾ ਨੂੰ ਬੁਝਾਉਣ,'' ''ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਵੱਲੋਂ ਸਲੀਬ ਚਾੜ੍ਹਨ,'' ''ਜਾਣ ਬੁਝ ਕੇ ਪਾਪ ਕਰਨ'' ਅਤੇ ''ਸੰਸਾਰ ਵਿਚ ਰਹਿਣ ਲਈ ਫਿਰ ਤੋਂ ਵਾਪਸ ਜਾਣ'' ਬਾਰੇ ਪੜ੍ਹਿਆ ਹੈ। **ਦੂਜੇ ਸ਼ਬਦਾਂ ਵਿਚ, ਪਵਿੱਤਰ ਆਤਮਾ ਦੀ ਨਿੰਦਾ ਕਰਨਾ ਜਾਂ ਪਵਿੱਤਰ ਆਤਮਾ ਦੇ ਵਿਰੁੱਧ ਪਾਪ ਕਰਨਾ, ਪਵਿੱਤਰ ਆਤਮਾ ਦਾ ਪਾਪ ਕਰਨਾ ਅਤੇ ਪਾਪ ਜਿਹੜਾ ਮੌਤ ਦਾ ਕਾਰਣ ਬਣਦਾ ਹੈ,** ਮੋਅਜਜ਼ਿਆਂ ਅਤੇ ਖ਼ੁਦਾ ਦੇ ਪਵਿੱਤਰ ਆਤਮਾ ਦੇ ਇਲਹਾਮ ਨਾਲ ਦਿੱਤੀ ਗਈ ਗਵਾਹੀ ਨੂੰ ਨਕਾਰਨਾ ਹੀ ਹੈ। ਮੇਰੇ ਖ਼ਿਆਲ ਵਿਚ ਇੱਥੇ ਹਨਨਿਯਾਹ ਅਤੇ ਸਫ਼ੀਰਾ ਦੀ ਕਹਾਣੀ ਢੁਕਦੀ ਹੈ। ਪਤਰਸ ਨੇ ਆਖਿਆ ਕਿ ਉਨ੍ਹਾਂ ਨੇ ਪਵਿੱਤਰ ਆਤਮਾ ਨਾਲ ਝੂਠ ਬੋਲਿਆ ਸੀ ਅਤੇ ਉਸ ਪਾਪ ਦੇ ਕਾਰਣ ਉਹ ਥਾਂ ਹੀ ਮਰ ਗਏ (ਰਸੂਲਾਂ ਦੇ ਕਰਤੱਬ 5)।

ਪਵਿੱਤਰ ਆਤਮਾ ਖ਼ੁਦਾ ਦੇ ਵਚਨ ਨੂੰ ਪਰਗਟ ਕਰਨ ਲਈ ਆਇਆ। ਉਸ ਨੇ ਮਸੀਹ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਜਿਸ ਤੋਂ ਇਹ ਸਾਬਿਤ ਹੋਇਆ ਕਿ ਉਹ ਖ਼ੁਦਾ ਦਾ ਬੇਟਾ ਹੈ। ਮੱਤੀ 12 ਵਿਚ ਜਦ ਯਿਸੂ ਨੇ ''ਆਤਮਾ ਦੇ ਵਿਰੁੱਧ ਕੁਫ਼ਰ'' ਦੀ ਗੱਲ ਕੀਤੀ ਤਾਂ ਉਸ ਸਮੇਂ ਦਾ ਨਜ਼ਾਰਾ ਕੀ ਸੀ? ਯਿਸੂ ਨੂੰ ਪਤਾ ਸੀ ਕਿ ਪਹਿਲਾਂ ਹੀ ਝੂਠੇ ਮਸੀਹ ਆ ਚੁਕੇ ਹਨ ਅਤੇ ਉਸ ਨੂੰ ਇਹ ਵੀ ਪਤਾ ਸੀ ਕਿ ਉਹ ਇਕ ਆਮ ਗਲੀਲੀ ਵਾਂਗ ਨਜ਼ਰ ਆਉਂਦਾ ਹੈ। ਉਸ ਨੂੰ ਪਤਾ ਸੀ ਕਿ ਜੋ ਹੋਣ ਦਾ ਉਸ ਨੇ ਦਾਅਵਾ ਕੀਤਾ ਸੀ ਉਸ ਉੱਤੇ ਲੋਕਾਂ ਦੇ ਮਨ ਵਿਚ ਸਵਾਲ ਜਾਂ ਸ਼ੰਕੇ ਹੋ ਸਕਦੇ ਹਨ। ਤਾਂ ਜੋ ਉਨ੍ਹਾਂ ਨੂੰ ਸਚਿਆਈ ਦਾ ਪਤਾ ਲਗ ਸਕੇ ਅਤੇ ਉਨ੍ਹਾਂ ਨੂੰ ਮਾਫ਼ ਕੀਤਾ ਜਾ ਸਕੇ। ਪਰ ਆਪਣੇ ਦਾਅਵਿਆਂ ਦੀ ਸਚਿਆਈ ਦੇ ਸਬੂਤ ਵਜੋਂ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਕੀਤੇ ਗਏ ਉਸ ਦੇ ਮੋਅਜਜ਼ਿਆਂ ਨੂੰ ਨਕਾਰਿਆ ਨਹੀਂ ਜਾ ਸਕਦਾ ਸੀ। ਉਹ ਸਚਮੁਚ ਦੇ ਚਮਤਕਾਰ ਸਨ ਅਤੇ ਉਹ ਪੱਕਾ ਸਬੂਤ ਸਨ। ਪਰ ਜੇ ਵੇਖਣ ਵਾਲੇ ਉਨ੍ਹਾਂ ਮੋਅਜਜ਼ਿਆਂ ਨੂੰ ਵੇਖ ਸਕਦੇ ਸਨ ਅਤੇ ਫਿਰ ਵੀ ਨਿਚੋੜ ਕੱਢ ਸਕਦੇ ਸਨ ਕਿ ਉਹ ਬਆਲਜ਼ਬੂਲ ਭਾਵ ਸ਼ੈਤਾਨ ਦੀ ਸ਼ਕਤੀ ਨਾਲ ਉਹ ਮੋਅਜਜ਼ੇ ਕਰਦਾ ਸੀ ਤਾਂ ਉਨ੍ਹਾਂ ਨੂੰ ਯਕੀਨ ਦੁਆਉਣ ਲਈ ਹੋਰ ਕੋਈ ਸਬੂਤ ਨਹੀਂ ਸੀ। ਉਨ੍ਹਾਂ ਨੇ ਆਤਮਾ ਨੂੰ ਠੁਕਰਾਇਆ ਅਤੇ ਬੇਸ਼ੱਕ ਜਦ

ਕੋਈ ਆਤਮਾ ਦੇ ਵਚਨ ਅਤੇ ਉਸ ਕੁਰਬਾਨੀ ਦੇ ਗਿਆਨ ਨੂੰ ਜਿਹੜੀ ਮਸੀਹ ਨੇ ਦਿੱਤੀ ਕਿ ਕੋਈ ਬਚਾਇਆ ਜਾ ਸਕਦਾ ਹੈ, ਤਾਂ ਫਿਰ ਹੋਰ ਕੋਈ ਤਰੀਕਾ ਨਹੀਂ ਬਚਦਾ ਜਿਹਦੇ ਰਾਹੀਂ ਉਹ ਬਚਾਇਆ ਜਾ ਸਕਦਾ। ਉਹਦੇ ਤਕ ਪਹੁੰਚਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਬਹੁਤ ਸਾਰੇ ਲੋਕ ਇਵੇਂ ਹੀ ਗੁਆਚੇ ਹੋਏ ਹਨ ਅਤੇ ਇਹ ਦੁਨੀਆਂ ਦੀ ਸਭ ਤੋਂ ਅਫ਼ਸੋਸਨਾਕ ਗੱਲ ਹੈ। ਤੁਸੀਂ ਅਤੇ ਮੈਂ ਭਾਵੇਂ ਜੋ ਵੀ ਕਰ ਲਈਏ ਪਰ ਐਨਾਂ ਦੂਰ ਕਦੇ ਨਾ ਜਾਈਏ ਕਿਉਂਕਿ ਪਵਿੱਤਰ ਆਤਮਾ ਅਤੇ ਮਸੀਹ ਅਤੇ ਉਸ ਮੁਕਤੀ ਦੇ ਮੁਕਾਸ਼ਫ਼ੇ ਭਾਵ ਪ੍ਰਕਾਸ਼ ਨੂੰ ਜਿਹੜਾ ਸਾਨੂੰ ਉਹਦੇ ਰਾਹੀਂ ਮਿਲਿਆ ਹੈ, ਨਕਾਰ ਦਈਏ।

ਕੋਈ ਵੀ ਪਾਪ ਜਿਹੜਾ ਮਨੁੱਖ ਕਰਦਾ ਹੈ ਉਹ ਮਾੜਾ ਅਤੇ ਗਲਤ ਹੀ ਹੁੰਦਾ ਹੈ ਅਤੇ ਅਖ਼ੀਰ ਵਿਚ ਨਿਆਂ ਵਿਚ ਉਹ ਉਸਦੇ ਦੋਸ਼ੀ ਠਹਿਰਣ ਦਾ ਕਾਰਣ ਬਣਦਾ ਹੈ। ਹੋ ਸਕਦਾ ਹੈ ਕਿ ਉਸ ਦਾ ਇਰਾਦਾ ਖ਼ੁਦਾ ਦਾ ਹੁਕਮ ਮੰਨੇ ਬਗੈਰ ਇਸ ਸੰਸਾਰ ਨੂੰ ਛੱਡਣ ਦਾ ਨਾ ਹੋਵੇ, ਪਰ ਮੁਕਤੀ ਅਤੇ ਤੌਬਾ ਕਰਕੇ ਮਸੀਹ ਦੀ ਦੇਹ ਵਿਚ ਜਨਮ ਲੈਣ ਦੀ ਗੱਲ ਨੂੰ ਟਾਲਦੇ ਰਹਿਣਾ ਅਜਿਹਾ ਹੋ ਸਕਦਾ ਹੈ। ਹੋਰ ਲੋਕ, ਜਿਹੜੇ ਮਸੀਹੀ ਬਣ ਗਏ ਹਨ, ਪ੍ਰਭੂ ਦਾ ਇਨਕਾਰ ਕਰਕੇ ਪਾਪ ਦੀ ਜ਼ਿੰਦਗੀ ਜੀਣ ਲਈ ਇਸ ਸੰਸਾਰ ਵਿਚ ਵਾਪਸ ਜਾਣਾ ਚੁਣ ਸਕਦੇ ਹਨ। ਕਈ ਮਾਮਲਿਆਂ ਵਿਚ ਉਨ੍ਹਾਂ ਨੇ ਆਪਣੇ ਦਿਲਾਂ ਨੂੰ ਸਖ਼ਤ ਕਰ ਦਿੱਤਾ ਹੈ ਕਿ ਕੋਈ ਉਨ੍ਹਾਂ ਨੂੰ ਖੁਦਾ ਵੱਲ ਮੋੜਨ ਦੀ ਸਮਝਾਉਣ ਦੀ ਲੱਖ ਕੋਸ਼ਿਸ਼ ਕਰੇ ਉਹ ਨਹੀਂ ਮੰਨਣਗੇ। ਉਹ ਇਬਰਾਨੀਆਂ 6:4–6 ਵਿਚ ਦੱਸੀਆਂ ਬੁਝੀਆਂ ਹੋਈਆਂ ਉਹ ਰੂਹਾਂ ਹੋਣਗੀਆਂ, ‘‘**ਕਿਉਂਕਿ ਓਹ ਜਿਹੜੇ ਇਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿਚ ਸਾਂਝੀ ਹੋਏ। ਅਤੇ ਪਰਮੇਸ਼ੁਰ ਦੇ ਸ਼ੁਭ ਵਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ ਅਣਹੋਣੀ ਹੈ ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੁਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।**’’

‘‘ਪਵਿੱਤਰ ਆਤਮਾ ਦੇ ਵਿਰੁੱਧ ਪਾਪ’’ ਦੇ ਸਬੰਧ ਵਿਚ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਸੁਝਾਈਆਂ ਜਾਂਦੀਆਂ ਹਨ। ਕਈਆਂ ਦਾ ਮੰਨਣਾ ਹੈ ਕਿ ਜੇ ਕੋਈ ਇਹ ਪਾਪ ਕਰਦਾ ਹੈ ਤਾਂ ਭਾਵੇਂ ਉਹ ਤੌਬਾ ਵੀ ਕਰ ਲਵੇ ਤਾਂ ਵੀ ਖ਼ੁਦਾ ਉਸ ਨੂੰ ਮਾਫ਼ ਨਹੀਂ ਕਰੇਗਾ। ਬੇਸ਼ੱਕ ਅਜਿਹੀ ਗੱਲ ਨਹੀਂ ਹੈ। ਪੈਂਟੀਕਾਸਟ ਵਾਲੇ ਦਿਨ ਹੁਕਮ ਮੰਨ ਕੇ ਬਚਾਏ ਜਾਣ ਵਾਲੇ ਅਤੇ ਕਲੀਸੀਆ ਵਿਚ ਰਲਾਏ ਜਾਣ ਵਾਲਿਆਂ ਵਿੱਚੋਂ ਕੁਝ ਉਹੀ ਲੋਕ ਸਨ ਜਿਨ੍ਹਾਂ ਨੇ ਮਸੀਹ ਨੂੰ ਸਲੀਬ ਤੇ ਚੜ੍ਹਾਉਣ ਵਿਚ ਯੋਗਦਾਨ ਪਾਇਆ ਸੀ। ਜੇ ਉਹ ਲੋਕ ਬਚਾਏ ਜਾ ਸਕਦੇ ਹਨ ਤਾਂ ਕੋਈ ਵੀ ਬਚਾਇਆ ਜਾ

ਸਕਦਾ ਹੈ। ਸ਼ਰਤ ਇਹ ਹੈ ਕਿ ਹੁਕਮ ਮੰਨ ਕੇ ਤੌਬਾ ਕਰ ਲਵੇ।

ਪੌਲੁਸ ਨੇ ਉਸ ਸਮੇਂ ਨੂੰ ਯਾਦ ਕੀਤਾ ਜਦੋਂ ਉਹ ਕਲੀਸੀਆ ਨੂੰ ਸਤਾਉਂਦਾ ਹੁੰਦਾ ਸੀ। ਇਹ ਗੱਲ ਉਸ ਨੂੰ ਅੰਦਰੇ-ਅੰਦਰ ਖਾਈ ਜਾਂਦੀ ਸੀ ਜਿਸ ਕਰਕੇ ਉਹ ਆਪਣੇ ਆਪ ਨੂੰ ਸਭ ਤੋਂ ਵੱਡਾ ਪਾਪੀ ਦੱਸਦਾ ਸੀ, ਭਾਵੇਂ ਪ੍ਰਭੂ ਦਾ ਹੁਕਮ ਮੰਨਣ ਨਾਲ ਉਸ ਦੇ ਪਾਪ ਧੋ ਦਿੱਤੇ ਗਏ ਸਨ ਅਤੇ ਉਹ ਪ੍ਰਭੂ ਲਈ ਇਕ ਬਹੁਤ ਵੱਡਾ ਕਾਮਾ ਬਣ ਗਿਆ ਸੀ (ਰਸੂਲਾਂ ਦੇ ਕਰਤੱਬ 8, 9, 22; 1 ਤਿਮੋਥਿਉਸ 1:15) । ਯਕੀਨਨ ਹੀ ਜੇ ਮਸੀਹ ਦਾ ਐਨਾਂ ਵਿਰੋਧ ਕਰਨ ਦੇ ਬਾਵਜੂਦ ਪੌਲੁਸ ਦੇ ਪਾਪ ਮਾਫ਼ ਕੀਤੇ ਜਾ ਸਕਦੇ ਸਨ ਤਾਂ ਅੱਜ ਆਪਣੇ ਆਪ ਨੂੰ ਪ੍ਰਭੂ ਨੂੰ ਸੌਂਪ ਦੇਣ ਵਾਲਾ ਕੋਈ ਵੀ ਸ਼ਖ਼ਸ ਬਚਾਇਆ ਜਾ ਸਕਦਾ ਹੈ।

ਜਿਨ੍ਹਾਂ ਦੇ ਪਾਪ ਮਾਫ਼ ਨਹੀਂ ਹੋ ਸਕਦੇ ਸਨ ਅਤੇ ਨਾ ਹੋ ਸਕਦੇ ਹਨ, ਇਹ ਉਹ ਲੋਕ ਹਨ ਜਿਹੜੇ ਸਚਮੁਚ ਵਿਚ ਮੰਨਦੇ ਹਨ ਕਿ ਨਵੇਂ ਨੇਮ ਵਿਚ ਦੱਸੇ ਪਵਿੱਤਰ ਆਤਮਾ ਦੇ ਕੰਮ ਸ਼ੈਤਾਨ ਦੇ ਕੰਮ ਹਨ। ਉਨ੍ਹਾਂ ਨੂੰ ਮਾਫ਼ ਕਿਉਂ ਨਹੀਂ ਕੀਤਾ ਜਾਵੇਗਾ? ਕਿਉਂ ਜੋ ਉਨ੍ਹਾਂ ਨੂੰ ਯਕੀਨ ਦੁਆਉਣ ਦਾ ਕੋਈ ਹੋਰ ਤਰੀਕਾ ਹੀ ਨਹੀਂ ਬਚਿਆ ਹੈ ਜਿਸ ਨਾਲ ਉਹ ਤੌਬਾ ਕਰ ਸਕਣ। ਉਨ੍ਹਾਂ ਦੀ ਸਖ਼ਤ ਬੇਪਰਤੀਤੀ ਦੇ ਕਾਰਣ ਉਨ੍ਹਾਂ ਦਾ ਪਾਪ ''ਨਾਕਾਬਲੇ ਮਾਫੀ'' ਹੈ।

ਅਤੇ ਜਿਨ੍ਹਾਂ ਨੇ ਇੰਜੀਲ ਦਾ ਹੁਕਮ ਮੰਨ ਲਿਆ ਹੈ ਅਤੇ ਉਨ੍ਹਾਂ ਨੂੰ ਬਾਈਬਲ ਦੇ ਸੰਪੂਰਣ/ਮੁਕੰਮਲ ਦੀ ਗੱਲ ਦਾ ਪਤਾ ਸੀ ਪਰ ਉਹ ਨਿਹਚਾ ਤੋਂ ਫਿਰ ਗਏ, ਉਨ੍ਹਾਂ ਦੀ ਹਾਲਤ ਵੀ ਕਰਤੱਬ ਹੈ। ਕਿਉਂ? ਕਿਉਂ ਜੋ ਉਨ੍ਹਾਂ ਨੂੰ ਖ਼ੁਦਾ ਵੱਲ ਵਾਪਸ ਲਿਆਉਣ ਲਈ ਦੱਸਣ ਲਈ ਹੋਰ ਸ਼ਬਦ ਹੀ ਨਹੀਂ ਹਨ। ਜਦ ਤਕ ਉਹ ਆਪ ਮੁੜਨ ਦਾ [ਜਿਸ ਦੀ ਸੰਭਾਵਨਾ ਬੜੀ ਘੱਟ ਹੈ] ਦਾ ਫੈਸਲਾ ਨਹੀਂ ਲੈਂਦੇ ਤਦ ਤਕ ਬਾਹਰੋਂ ਕੋਈ ਆਵਾਜ਼ ਉਨ੍ਹਾਂ ਨੂੰ ਨਵੇਂ ਵਿਸ਼ਵਾਸ ਵਿਚ ਨਹੀਂ ਲਿਆ ਸਕਦੀ।

ਕਿਸੇ ਨੇ ਭਾਵੇਂ ਜੋ ਵੀ ਪਾਪ ਕਿਉਂ ਨਾ ਕੀਤਾ ਹੋਵ, ਜੇ ਉਹ ਆਪਣੇ ਪਾਪਾਂ ਦੇ ਨਾਲ ਹੀ ਮਰ ਜਾਂਦਾ ਹੈ ਤਾਂ ਉਹ ਗੁਆਚਿਆਂ ਹੋਇਆ ਹੋਵੇਗਾ। ਬਾਈਬਲ ਕਿਤੇ ਵੀ ਇਹ ਨਹੀਂ ਦੱਸਦੀ ਕਿ ਦੂਜਾ ਮੌਕਾ ਮਿਲੇਗਾ ਜਾਂ ਪਰਿਵਾਰ ਦੇ ਲੋਕ ਅਤੇ ਸੱਜਣ ਮਿੱਤਰ ਉਸ ਗੁਆਚੇ ਹੋਏ ਨੂੰ ਉਸ ਹਾਲਤ ਵਿੱਚੋਂ ਕੱਢਣ ਲਈ ਉਹਦੇ ਲਈ ਦੁਆ ਕਰ ਸਕਦੇ ਹਨ ਜਿਸ ਨਾਲ ਅਖ਼ੀਰ ਵਿਚ ਉਹ ਬਚਾਇਆ ਜਾਵੇ। ''ਪਰਗੇਟਰੀ'' (ਭਾਵ ਮੁਰਦਿਆਂ ਲਈ ਦੁਆ ਕਰਨੀ) ਦੀ ਰੋਮਨ ਕੈਥੋਲਿਕ ਲੋਕਾਂ ਦੀ ਸਿੱਖਿਆ ਅਤੇ ਗੁਆਚੇ ਹੋਏ ਹੋਣ ਦੀ ਉਸ ਹਾਲਤ ਵਿੱਚੋਂ ਕੱਢਣ ਲਈ ਪੈਸੇ ਲਏ ਜਾ ਸਕਣ ਦੀ ਗੱਲ ਬਾਈਬਲ ਵਿਚ ਕਿਤੇ ਨਹੀਂ ਮਿਲਦੀ। ਇਹਦੇ ਉਲਟ ਬਾਈਬਲ ਦੱਸਦੀ ਹੈ ਕਿ ਖ਼ੁਦਾ ਨੂੰ ਮਿਲਣ ਲਈ ਤਿਆਰ ਹੋਣ ਦਾ ਮੌਕਾ ਸਾਡੇ ਕੋਲ ਹੁਣੇ ਹੈ (2 ਕੁਰਿੰਥੀਆਂ 6:2; ਇਬਰਾਨੀਆਂ 9:27)।

# "ਤੁਸੀਂ ਨਹੀਂ ਜਾਣਦੇ ਜੋ ਕੀ ਮੰਗਦੇ ਹੋ"

''ਜਾਂ ਯਿਸੂ ਯਰੂਸ਼ਲਮ ਨੂੰ ਜਾਂਦਾ ਸੀ ਤਾਂ ਬਾਰਾਂ ਚੇਲਿਆਂ ਨੂੰ ਅਲੱਗ ਕਰ ਕੇ ਰਾਹ ਵਿਚ ਉਨ੍ਹਾਂ ਨੂੰ ਆਖਿਆ। ਵੇਖੋ ਅਸੀਂ ਯਰੂਸ਼ਲਮ ਨੂੰ ਜਾਂਦੇ ਹਾਂ ਅਤੇ ਮਨੁੱਖ ਦਾ ਪੁੱਤਰ ਪਰਧਾਨ ਜਾਜਕਾਂ ਅਰ ਗ੍ਰੰਥੀਆਂ ਦੇ ਹੱਥ ਫੜਵਾਇਆ ਜਾਵੇਗਾ ਅਤੇ ਉਹ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇਣਗੇ। ਅਤੇ ਉਸ ਨੂੰ ਠੱਠਾ ਕਰਨ ਅਰ ਕੋਰੜੇ ਮਾਰਨ ਅਤੇ ਸਲੀਬ ਉੱਤੇ ਚੜ੍ਹਾਉਣ ਲਈ ਪਰਾਈਆਂ ਕੌਮਾਂ ਦੇ ਹੱਥ ਫੜਵਾ ਦੇਣਗੇ ਅਤੇ ਉਹ ਤੀਏ ਦਿਨ ਫੇਰ ਜਿਵਾਇਆ ਜਾਵੇਗਾ। ਤਦ ਜ਼ਬਦੀ ਦੇ ਪੁੱਤਰ ਦੀ ਮਾਤਾ ਆਪਣੇ ਪੁੱਤਰਾਂ ਸਣੇ ਉਸ ਦੇ ਕੋਲ ਆਈ ਅਤੇ ਮੱਥਾ ਟੇਕ ਕੇ ਉਸ ਅੱਗੇ ਇਕ ਅਰਜ ਕਰਨ ਲੱਗੀ। ਸੋ ਉਸਨੇ ਉਹ ਨੂੰ ਆਖਿਆ, ਤੂੰ ਕੀ ਚਾਹੁੰਦੀ ਹੈਂ? ਉਹ ਨੇ ਉਸ ਨੂੰ ਕਿਹਾ, ਆਗਿਆ ਕਰ ਜੋ ਤੇਰੇ ਰਾਜ ਵਿਚ ਮੇਰੇ ਇਹ ਦੋਵੇਂ ਪੁੱਤਰ ਇਕ ਤੇਰੇ ਸੱਜੇ ਅਤੇ ਇਕ ਤੇਰੇ ਖੱਬੇ ਹੱਥ ਬੈਠਣ। ਪਰ ਯਿਸੂ ਨੇ ਉੱਤਰ ਦਿੱਤਾ, ਤੁਸੀਂ ਨਹੀਂ ਜਾਣਦੇ ਜੋ ਕੀ ਮੰਗਦੇ ਹੋ? ਉਹ ਪਿਆਲਾ ਜਿਹੜਾ ਮੈਂ ਪੀਣ ਨੂੰ ਹਾਂ ਕੀ ਤੁਸੀਂ ਪੀ ਸਕਦੇ ਹੋ? ਉਨ੍ਹਾਂ ਉਸ ਨੂੰ ਆਖਿਆ, ਅਸੀਂ ਪੀ ਸਕਦੇ ਹਾਂ। ਉਸ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਤਾਂ ਮੇਰਾ ਪਿਆਲਾ ਜ਼ਰੂਰ ਪੀਓਗੇ ਪਰ ਸੱਜੇ ਖੱਬੇ ਬਿਠਾਲਣਾ ਮੇਰਾ ਕੰਮ ਨਹੀਂ ਪਰ ਉਨ੍ਹਾਂ ਲਈ ਹੈ ਜਿਨ੍ਹਾਂ ਲਈ ਮੇਰੇ ਪਿਤਾ ਨੇ ਉਹ ਨੂੰ ਤਿਆਰ ਕੀਤਾ ਹੈ। ਅਤੇ ਜਾਂ ਦਸਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੋਹਾਂ ਭਰਾਵਾਂ ਉੱਤੇ ਖਿਝ ਗਏ। ਤਦ ਯਿਸੂ ਨੇ ਉਨ੍ਹਾਂ ਨੂੰ ਕੋਲ ਸੱਦ ਕੇ ਆਖਿਆ, ਤੁਸੀਂ ਜਾਣਦੇ ਹੋ ਜੋ ਪਰਾਈਆਂ ਕੌਮਾਂ ਦੇ ਸਰਦਾਰ ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਉਹ ਜਿਹੜੇ ਵੱਡੇ ਹਨ ਉਨ੍ਹਾਂ ਉੱਤੇ ਧੌਂਸ ਜਮਾਉਂਦੇ ਹਨ। ਤੁਹਾਡੇ ਵਿਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਵੇ। ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ ਸੋ ਤੁਹਾਡਾ ਕਾਮਾ ਹੋਵੇ। ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ। ਜਦ ਉਹ ਯਰੀਹੋ ਤੋਂ ਨਿੱਕਲਦੇ ਸਨ ਤਦ ਵੱਡੀ ਭੀੜ ਉਹ ਦੇ ਪਿੱਛੇ ਹੋ ਤੁਰੀ'' (ਮੱਤੀ 20: 17–29)।

ਮਰਕੁਸ 10: 35 ਦੇ ਅਨੁਸਾਰ ਯਾਕੂਬ ਅਤੇ ਯੂਹੰਨਾ ਜ਼ਬਦੀ ਦੇ ਪੁੱਤਰ ਸਨ। ਅਤੇ ਉਨ੍ਹਾਂ ਦੀ ਮਾਤਾ ਨੇ ਬੇਨਤੀ ਕੀਤੀ ਸੀ ਕਿ ਉਸ ਦੇ ਪੁੱਤਰਾਂ ਨੂੰ ਯਿਸੂ ਦੇ ਨਾਲ ਉੱਚੇ ਅਹੁਦੇ ਮਿਲਣ ਅਤੇ ਉਹਦੇ ਰਾਜ ਭਾਵ ਉਸ ਦੀ ਕਲੀਸੀਆ ਵਿਚ ਉਨ੍ਹਾਂ ਦਾ ਖ਼ਾਸ ਦਰਜਾ ਹੋਵੇ। ਯਿਸੂ ਨੇ ਫ਼ੌਰਨ ਉਹਦੀ ਗੱਲ ਦਾ ਜਵਾਬ ਦਿੰਦਿਆਂ ਆਖਿਆ ਕਿ ਉਹ ਨਹੀਂ ਜਾਣਦੀ ਕਿ ਕੀ ਮੰਗਦੀ ਹੈ। ਉਹ ਇਸ ਗੱਲ ਨੂੰ ਸਮਝ ਨਹੀਂ ਸਕੀ ਸੀ ਕਿ ਯਿਸੂ ਮਰੇਗਾ ਅਤੇ ਸਲੀਬ ਉੱਤੇ ਦੁਖਾਂ ਦਾ ਬਪਤਿਸਮਾ ਲਵੇਗਾ। ਪ੍ਰਭੂ ਨੇ ਪੁੱਛਿਆ ਕਿ ਕੀ ਉਹ ਉਹਦੇ ਨਾਲ ਉਹ ਦੁੱਖ ਝੱਲ ਸਕਣਗੇ ਅਤੇ ਫਿਰ ਇਹ

ਆਖਦਿਆਂ ਜਵਾਬ ਦਿੱਤਾ ਕਿ ਭਾਵੇਂ ਉਹ ਝੱਲ ਸਕਣਗੇ ਪਰ ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਕਰਨਾ ਉਹਦੇ ਇਖ਼ਤਿਆਰ ਵਿਚ ਨਹੀਂ ਸੀ। ਅਜਿਹਾ ਲਗਦਾ ਹੈ ਕਿ ਇਨ੍ਹਾਂ ਚੇਲਿਆਂ ਦੀ ਮਾਤਾ ਦੀ ਦਿਲਚਸਪੀ ਆਪਣੇ ਪੁੱਤਰਾਂ ਨੂੰ ਸੁਰੱਖਿਅਤ ਅਹੁਦੇ ਦੁਆਉਣ ਵਿਚ ਸੀ। ਇਹ ਉਸ ਦੀ ਖੁਦਗਰਜ਼ੀ ਸੀ ਜਾਂ ਇਕ ਮਾਂ ਦੀ ਚਿੰਤਾ, ਪਰ ਯਿਸੂ ਨੇ ਸਮਝਾਇਆ ਕਿ ਜੇ ਉਹ ਵੱਡੇ ਬਣਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਦੂਜਿਆਂ ਦੀ ਸੇਵਾ ਕਰਨੀ ਪਵੇਗੀ।

ਇੱਥੇ ਜਿਹੜੀ ਖ਼ਾਸ ਗੱਲ ਮੈਂ ਧਿਆਨ ਦੁਆਉਣਾ ਚਾਹੁੰਦਾ ਹੈ ਉਹ ਇਹ ਹੈ ਕਿ ਸਾਡੇ ਸਮੇਂ ਦੇ ਕਈ ਲੋਕਾਂ ਨੂੰ ਪਤਾ ਨਹੀਂ ਹੁੰਦਾ ਜਦ ਉਹ ਪ੍ਰਭੂ ਤੋਂ ਉਨ੍ਹਾਂ ਚੀਜ਼ਾਂ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਉਸ ਨੇ ਕਦੇ ਵਾਅਦਾ ਨਹੀਂ ਕੀਤਾ ਹੁੰਦਾ। ਮੈਂ ਖ਼ਾਸ ਤੌਰ ਤੇ ਉਨ੍ਹਾਂ ਬੇਨਤੀਆਂ ਬਾਰੇ ਸੋਚ ਰਿਹਾ ਹਾਂ ਜਿਨ੍ਹਾਂ ਦਾ ਸਬੰਧ ਪਵਿੱਤਰ ਆਤਮਾ ਨਾਲ ਹੈ।

ਉਦਾਹਰਣ ਨਈ, ਬਹੁਤ ਸਾਰੇ ਲੋਕ ਪਵਿੱਤਰ ਆਤਮਾ ਦੇ ਬਪਤਿਸਮੇ ਲਈ ਆਖਦੇ ਹਨ। ਪ੍ਰਭੂ ਅਜਿਹੇ ਲੋਕਾਂ ਨੂੰ ਆਖੇਗਾ, '**'ਤੁਸੀਂ ਨਹੀਂ ਜਾਣਦੇ ਕਿ ਕੀ ਮੰਗ ਰਹੇ ਹੋ।'**' ਇਸ ਬਪਤਿਸਮੇ ਦਾ ਵਾਅਦਾ ਕਦੇ ਆਮ ਵਿਸ਼ਵਾਸੀਆਂ ਵੱਲੋਂ ਕੀਤਾ ਹੀ ਨਹੀਂ ਗਿਆ। ਸਹਾਇਕ ਜਾਂ ਪਵਿੱਤਰ ਆਤਮਾ ਦਾ ਵਾਅਦਾ ਮੂਲ ਵਿਚ ਸਿਰਫ਼ ਰਸੂਲਾਂ ਨਾਲ ਕੀਤਾ ਗਿਆ (ਯੂਹੰਨਾ 14:26; ਲੂਕਾ 24:49; ਰਸੂਲਾਂ ਦੇ ਕਰਤੱਬ 1:8)। ਕੁਰਨੇਲਿਉਸ ਅਤੇ ਉਸ ਦੇ ਘਰਾਣੇ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਰਸੂਲਾਂ ਨੂੰ ਯਕੀਨ ਦੁਆਉਣ ਲਈ ਦਿੱਤਾ ਗਿਆ ਸੀ ਕਿ ਖ਼ੁਦਾ ਨੇ ਯਹੂਦੀਆਂ ਦੇ ਨਾਲ ਨਾਲ ਗੈਰਕੌਮਾਂ ਨੂੰ ਵੀ ਕਬੂਲ ਕਰ ਲਿਆ ਹੈ। ਰਸੂਲਾਂ ਦੇ ਕਰਤੱਬ 10 ਅਤੇ 11 ਅਧਿਆਇ ਵਿਚ ਇਸ ਨੂੰ ਬੜੀ ਹੀ ਸਪੱਸ਼ਟਤਾ ਨਾਲ ਵਿਖਾਇਆ ਗਿਆ ਹੈ। ਪਰ ਜੇ ਇਹ ਲੋਕ ਧਿਆਨ ਨਾਲ ਬਾਈਬਲ ਦਾ ਅਧਿਐਨ ਕਰ ਲੈਣ ਤਾਂ ਉਹ ਕਦੇ ਵੀ ਪ੍ਰਭੂ ਤੋਂ ਉਹ ਨਹੀਂ ਮੰਗਣਗੇ ਜੋ ਉਹ ਉਨ੍ਹਾਂ ਨੂੰ ਕਦੇ ਦੇਣ ਵਾਲਾ ਨਹੀਂ ਹੈ।

ਕਈਆਂ ਨੂੰ ਇਹ ਵੀ ਲਗਦਾ ਹੈ ਕਿ ਪ੍ਰਭੂ ਅੱਜ ਸਾਡੇ ਸਮੇਂ ਵਿਚ ਅੱਗ ਦਾ ਬਪਤਿਸਮਾ ਦਿੰਦਾ ਹੈ। ਇਸ ਬਾਰੇ ਵੀ ਉਨ੍ਹਾਂ ਨੂੰ ਗਲਤਫ਼ਹਿਮੀ ਹੈ। ਅੱਗ ਦਾ ਬਪਤਿਸਮਾ ਭਵਿੱਖ ਵਿਚ ਹੋਣ ਵਾਲੀ ਗੱਲ ਹੈ। ਉਸ ਸਮੇਂ ਦੁਸ਼ਟਾਂ ਨੂੰ ਅੱਗ ਅਤੇ ਸਜ਼ਾ ਦੀ ਝੀਲ ਵਿਚ ਸੁੱਟਿਆ ਜਾਵੇਗਾ, ਜੋ ਕਿ ਅੱਗ ਦਾ ਬਪਤਿਸਮਾ ਹੋਵੇਗਾ। ਯਕੀਨਨ ਜੇ ਕਿਸੇ ਨੂੰ ਇਹ ਪਤਾ ਲੱਗ ਜਾਵੇ ਕਿ ਇਹ ਬਪਤਿਸਮਾ ਹੈ ਕੀ, ਤਾਂ ਉਹ ਪ੍ਰਭੂ ਨੂੰ ਉਸ ਨੂੰ ਇਹ ਬਪਤਿਸਮਾ ਦੇਣ ਲਈ ਦੁਬਾਰਾ ਨਹੀਂ ਕਹੇਗਾ। ਮਿਹਰਬਾਨੀ ਕਰਕੇ ਪ੍ਰਕਾਸ਼ ਦੀ ਪੋਥੀ 21:8 ਪੜ੍ਹੋ।

ਪੈਂਟੀਕਾਸਟਲ ਅਤੇ ਕ੍ਰਿਸ਼ਮਾਈ ਲੋਕ ਇਹ ਮੰਗ ਕਰਦੇ ਹਨ ਕਿ ਪ੍ਰਭੂ ਉਨ੍ਹਾਂ

ਦੇ ਰਾਹੀਂ ਚਮਤਕਾਰ ਕਰੇ। ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਉਨ੍ਹਾਂ ਕੋਲ ਪਵਿੱਤਰ ਆਤਮਾ ਦੀ ਸ਼ਕਤੀ ਹੈ ਅਤੇ ਉਹ ਹੁਕਮ ਦਿੰਦੇ ਹਨ, ''ਚੰਗਾਈ ਲਓ! ਚੰਗਾਈ ਲਓ!'' ਨਹੀਂ, ਉਨ੍ਹਾਂ ਕੋਲ ਨਾ ਤਾਂ ਪਵਿੱਤਰ ਆਤਮਾ ਦੀ ਕੋਈ ਸ਼ਕਤੀ ਹੈ ਅਤੇ ਨਾ ਹੀ ਪ੍ਰਭੂ ਉਨ੍ਹਾਂ ਦੀਆਂ ਚੀਕਾਂ ਦਾ ਜਵਾਬ ਦਵੇਗਾ ਕਿ ਉਹ ਚਮਤਕਾਰ ਨਾਲ ਚੰਗਿਆਈ ਦਵੇ ਜਾਂ ਮੁਰਦਿਆਂ ਨੂੰ ਜ਼ਿੰਦਾ ਕਰੇ ਜਾਂ ਉਹ ਜੋ ਕੁਝ ਉਸ ਨੂੰ ਕਰਨ ਲਈ ਆਖਣ ਉਹ ਕਰੇ। ਬਾਈਬਲ ਵਿਚ ਅਸੀਂ ਪੜ੍ਹਦੇ ਹਾਂ ਕਿ ਮੋਅਜਜ਼ੇ ਸਿਰਫ਼ ਰਸੂਲ ਅਤੇ ਜਿਨ੍ਹਾਂ ਉੱਤੇ ਉਨ੍ਹਾਂ ਨੇ ਹੱਥ ਰੱਖੇ ਸਨ, ਉਹੀ ਕਰ ਸਕਦੇ ਸਨ (ਰਸੂਲਾਂ ਦੇ ਕਰਤੱਬ 2:43; 8:6, 7)। ਅੱਜ 19 ਸਦੀਆਂ ਬੀਤ ਜਾਣ ਦੇ ਬਾਅਦ ਜਦ ਨਾ ਤਾਂ ਕੋਈ ਰਸੂਲ ਹੈ ਅਤੇ ਨਾ ਹੀ ਉਹ ਲੋਕ ਜਿਨ੍ਹਾਂ ਨੂੰ ਉਨ੍ਹਾਂ ਨੇ ਮੋਅਜਜ਼ੇ ਦੇ ਰਾਹੀਂ ਆਤਮਿਕ ਦਾਨ ਦਿੱਤੇ ਸਨ, ਇਸ ਕਰਕੇ ਅੱਜ ਕੋਈ ਅਜਿਹਾ ਨਹੀਂ ਹੈ ਜਿਹੜਾਂ ਖ਼ੁਦਾ ਦੇ ਇਖ਼ਤਿਆਰ ਨਾਲ ਚਮਤਕਾਰ ਕਰੇ।

ਦਾਅਵੇ ਬਹੁਤ ਕੀਤੇ ਜਾਂਦੇ ਹਨ, ਪਰ ਇਕ ਦੇ ਬਾਅਦ ਇਕ ''ਚਮਤਕਾਰ ਕਰਨ ਵਾਲੇ'' ਅਖ਼ੀਰ ਫ਼ਰਾਡ ਹੀ ਨਿੱਕਲਦੇ ਹਨ। ਰਸੂਲ ਜਦ ਚਮਤਕਾਰ ਕਰਦੇ ਸਨ ਤਾਂ ਸਭ ਨੂੰ ਪਤਾ ਹੁੰਦਾ ਸੀ ਕਿ ਮੋਅਜਜ਼ਾ ਹੋਇਆ ਹੈ। ਉਹ ਮੁਰਦਿਆਂ ਨੂੰ ਜ਼ਿੰਦਾ ਕਰਦੇ, ਬਦਰੂਹਾਂ ਨੂੰ ਕੱਢ ਦਿੰਦੇ ਅਤੇ ਹੋਰ ਵੀ ਕਈ ਕੰਮ ਕਰਦੇ ਹੁੰਦੇ ਸਨ, ਜਿਨ੍ਹਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਮੋਅਜਜ਼ਾ ਜਾਂ ਚਮਤਕਾਰ ਕਿਹਾ ਜਾਂਦਾ ਹੈ। ਯਾਦ ਰੱਖੋ ਕਿ ਮੋਅਜਜ਼ਿਆਂ ਦਾ ਅਸਲ ਮਕਸਦ ਲੋਕਾਂ ਨੂੰ ਵਿਸ਼ਵਾਸੀ ਬਣਾਉਣਾ ਹੁੰਦਾ ਸੀ ਅਤੇ ਪਹਿਲੀ ਸਦੀ ਵਿਚ ਲੋਕਾਂ ਨੇ ਵਿਸ਼ਵਾਸ ਵੀ ਕੀਤਾ। ਅੱਜ ਸਿਰਫ਼ ਦਾਅਵੇ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਨਜ਼ਰ ਨਾ ਆਉਣ ਵਾਲੀਆਂ ਬੀਮਾਰੀਆਂ ਹੀ ''ਠੀਕ ਹੁੰਦੀਆਂ'' ਹਨ ਪਰ ਕਦੇ ਕੋਈ ਟੁੰਡਾ ਜਾਂ ਲੂਲ੍ਹਾ ਠੀਕ ਨਹੀਂ ਹੋਇਆ, ਕੋਈ ਅੰਨ੍ਹਾ ਸੁਜਾਖਾ ਨਹੀਂ ਹੋਇਆ ਅਤੇ ਨਾ ਹੀ ਕੋਈ ਮੁਰਦਾ ਜ਼ਿੰਦਾ ਹੋਇਆ ਹੈ। ਭੋਲੇ ਭਾਲੇ ਲੋਕਾਂ ਲਈ ਯਿਸੂ ਦੀ ਚਿਤਾਵਨੀ ਨੂੰ ਚੇਤੇ ਰੱਖਣਾ ਠੀਕ ਰਹੇਗਾ ਕਿ **''ਕਿਉਂ ਜੋ ਝੂਠੇ ਮਸੀਹ ਅਤੇ ਝੂਠੇ ਨਬੀ ਉੱਠਣਗੇ ਅਰ ਅਜੇਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ ਕਿ ਜੇ ਹੋ ਸਕਦਾ ਤਾਂ ਉਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿਚ ਪਾ ਦਿੰਦੇ''** (ਮੱਤੀ 24:24)।

ਅੱਜ ਡਿਨੋਮਿਨੇਸ਼ਨਾਂ ਦੇ ਬਹੁਤ ਸਾਰੇ ਪ੍ਰਚਾਰਕ ਪ੍ਰਭੂ ਅੱਗੇ ਦੁਆ ਕਰਕੇ ਇਹ ਸ਼ਬਦ ਮੰਗਦੇ ਹਨ ਕਿ ਉਹ ਭੂਤਾ ਨੂੰ ਕੱਢ ਸਕਣ। ਪਰ ਜਿਵੇਂ ਕਿ ਮਸੀਹ ਨੇ ਕਿਹਾ ਸੀ, ''ਭਲਾ ਸ਼ੈਤਾਨ ਸ਼ੈਤਾਨ ਨੂੰ ਕੱਢ ਸਕਦਾ ਹੈ?'' ਯਕੀਨਨ ਜੇ ਪ੍ਰਭੂ ਨੇ ਅੱਜ ਕਿਸੇ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਹੁੰਦਾ ਜਿਸ ਨਾਲ ਉਹ ਮੋਅਜਜ਼ੇ ਕਰ ਸਕੇ ਜਾਂ ਭੂਤਾਂ ਨੂੰ ਕੱਢ ਸਕੇ ਜਾਂ ਉਸ ਨੇ ਇਹ ਸ਼ਕਤੀ ਉਨ੍ਹਾਂ ਨੂੰ ਦੇਣੀ ਸੀ ਜਿਹੜੇ ਉਹਦੇ ਹੁਕਮ ਨੂੰ ਮੰਨਦੇ, ਜਿਹੜੇ ਉਸ ਦੀ ਕਲੀਸੀਆ ਦੇ ਲੋਕ

ਸਨ ਭਾਵ ਜਿਨ੍ਹਾਂ ਉਹਦੇ ਵਚਨ ਦੇ ਅਨੁਸਾਰ ਚੱਲਦੇ ਹੋਏ ਉਹਦਾ ਨਾਮ ਪਹਿਨਿਆ ਹੋਇਆ ਹੈ। ਬੇਸ਼ੱਕ ਅੱਜ ਇਹ ਸ਼ਕਤੀ ਦੇਣ ਦਾ ਵਾਅਦਾ ਕਿਸੇ ਨੂੰ ਵੀ ਨਹੀਂ ਹੈ। ਭਾਵ ਉਨ੍ਹਾਂ ਲੋਕਾਂ ਨੂੰ ਵੀ ਨਹੀਂ ਜਿਹੜੇ ਉਹਦੀ ਕਲੀਸੀਆ ਵਿਚ ਸਨ। ਜਿਹੜੇ ਲੋਕ ਚਮਤਕਾਰ ਕਰਨ ਦੀ ਸ਼ਕਤੀ ਪਾਉਣ ਦੀ ਮੰਗ ਕਰਦੇ ਹਨ ਉਹ ਨਹੀਂ ਜਾਣਦੇ ਕਿ ਉਹ ਕੀ ਮੰਗ ਰਹੇ ਹਨ।

ਇਨ੍ਹਾਂ ਵਿਚ ਕਈ ਲੋਕ ਹਨ ਜਿਹੜੇ ਪ੍ਰਭੂ ਅੱਗੇ ਪ੍ਰਾਰਥਨਾ ਕਰਕੇ ਉਸ ਨੂੰ ਆਖਦੇ ਹਨ ਕਿ ਉਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪ੍ਰਚਾਰ ਨੂੰ ਮੰਨਣ ਵਾਲਿਆਂ ਨੂੰ ਬਚਾ ਲਵੇ। ਯਕੀਨਨ ਉਹ ਨਹੀਂ ਜਾਣਦੇ ਕਿ ਉਹ ਕੀ ਮੰਗਦੇ ਹਨ। ਖ਼ੁਦਾ ਨੇ ਆਪਣੇ ਵਚਨ ਵਿਚ ਕਿਤੇ ਵੀ ਇਹ ਨਹੀਂ ਕਿਹਾ ਹੈ ਕਿ ਦੁਆ ਕਰਨ ਨਾਲ ਪਾਪਾਂ ਦੀ ਮਾਫ਼ੀ ਹੋ ਸਕਦੀ ਹੈ। ਯਾਕੂਬ 5: 16 ਦੇ ਅਨੁਸਾਰ ਬਪਤਿਸਮਾ ਲੈ ਕੇ ਮਸੀਹੀ ਬਣ ਜਾਣ ਦੇ ਬਾਅਦ ਜੇ ਕੋਈ ਪਾਪ ਕਰਦਾ ਹੈ ਤਾਂ ਉਸ ਨੂੰ ਉਨ੍ਹਾਂ ਪਾਪਾਂ ਦੀ ਮਾਫ਼ੀ ਲਈ ਪ੍ਰਭੂ ਤੋਂ ਪ੍ਰਾਰਥਨਾ ਕਰਨ ਲਈ ਕਿਹਾ ਗਿਆ ਹੈ। ਪਰ ਪਰਮੇਸ਼ੁਰ ਦੀ ਸੰਤਾਨ ਬਣਨ ਲਈ ਯਿਸੂ ਨੇ ਆਖਿਆ, ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16: 15, 16)।

ਭਲਾ ਇਹ ਅਜੀਬ ਗੱਲ ਨਹੀਂ ਹੈ ਕਿ ਜਿਹੜੇ ਲੋਕ ਪਵਿੱਤਰ ਆਤਮਾ ਦੀ ਸ਼ਕਤੀ ਹੋਣ ਦਾ ਦਾਅਵਾ ਕਰਦੇ ਹਨ ਉਨ੍ਹਾਂ ਨੂੰ ਆਪ ਇਹ ਪਤਾ ਨਹੀਂ ਹੁੰਦਾ ਕਿ ਪਵਿੱਤਰ ਆਤਮਾ ਨੇ ਲਿਖਤ ਵਚਨ ਦੇ ਰਾਹੀਂ ਕੀ ਆਖਿਆ ਹੈ? ਉਹ ਪ੍ਰਭੂ ਨੂੰ ਉਨ੍ਹਾਂ ਨਾਲ ਇਵੇਂ ਗੱਲ ਕਰਨ ਲਈ ਆਖਦੇ ਹਨ ਜਿਵੇਂ ਉਸ ਨੇ ਉਨ੍ਹਾਂ ਨਾਲ ਕੋਈ ਖ਼ਾਸ ਗੱਲ ਕਰਨੀ ਹੋਵੇ। ਲਗਦਾ ਹੈ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਖ਼ੁਦਾ ਨੇ ਨਵੇਂ ਨੇਮ ਵਿਚ ਗੱਲ ਕੀਤੀ ਹੈ ਅਤੇ ਜੋ ਕੁਝ ਉਸ ਨੇ ਕਹਿਣਾ ਸੀ ਉਹ ਸਭ ਉਸ ਨੇ ਆਪਣੇ ਵਚਨ ਦੇ ਰਾਹੀਂ ਕਹਿ ਦਿੱਤਾ ਹੈ। ਜੇ ਉਸ ਨੂੰ ਲਗਦਾ ਕਿ ਹੋਰ ਕੁਝ ਕਹਿਣ ਦੀ ਲੋੜ ਹੈ ਤਾਂ ਉਹ ਜ਼ਰੂਰ ਕਹਿ ਦਿੰਦਾ। ਪਰ ਜੇ ਉਸ ਨੇ ਕੁਝ ਹੋਰ ਕਹਿਣਾ ਹੋਵੇ ਤਾਂ ਉਹ ਸਾਰਿਆਂ ਲਈ ਹੋਵੇਗਾ, ਇਹ ਨਹੀਂ ਕਿ ਕਿਸੇ ਖ਼ਾਸ ਆਦਮੀ ਨੂੰ ਚੁਣ ਕੇ ਕਿਸੇ ਨੂੰ ਕੁਝ ਕਹੇ ਅਤੇ ਕਿਸੇ ਨੂੰ ਕੁਝ ਹੋਰ। ਅਸੀਂ ਇਹ ਤਾਂ ਪੱਕਾ ਜਾਣ ਸਕਦੇ ਹਾਂ ਕਿ ਉਹ ਕਿਸੇ ਨੂੰ ਕੁਝ ਅਤੇ ਕਿਸੇ ਹੋਰ ਨੂੰ ਕੁਝ ਹੋਰ ਨਹੀਂ ਦੱਸੇਗਾ, ਜਿਹੜਾ ਉਸ ਦੇ ਲਿਖਤੀ ਵਚਨ ਦੇ ਉਲਟ ਹੋਵੇ।

ਸਾਨੂੰ ਗੁਮਰਾਹ ਨਹੀਂ ਹੋਣਾ ਚਾਹੀਦਾ। ਬੇਸ਼ੱਕ ਖ਼ੁਦਾ ਤੋਂ ਮੰਗਣ ਦਾ ਸਾਨੂੰ ਹੱਕ ਹੈ, ਪਰ ਸਾਨੂੰ ਅਗਿਆਨਤਾ ਵਿਚ ਉਸ ਨੂੰ ਕੁਝ ਅਜਿਹਾ ਕਰਨ ਲਈ ਨਹੀਂ ਕਹਿਣਾ ਚਾਹੀਦਾ ਜਿਹਦਾ ਉਸ ਨੇ ਵਾਅਦਾ ਨਹੀਂ ਕੀਤਾ ਹੈ। ਬਲਕਿ ਸਾਨੂੰ ਚਾਹੀਦਾ

ਹੈ ਕਿ ਜਾਣੀਏ ਕਿ ਪ੍ਰਭੂ ਨੇ ਕੀ ਕਿਹਾ ਹੈ, ਅਤੇ ਫਿਰ ਸਾਨੂੰ ਇਹ ਤਸੱਲੀ ਹੈ ਕਿ ਜੇ ਉਹਦੀ ਇੱਛਾ ਦੇ ਅਨੁਸਾਰ ਹੋਵੇ ਤਾਂ ਉਹ ਸਾਡੀਆਂ ਦੁਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਜਵਾਬ ਦਵੇਗਾ (1 ਯੂਹੰਨਾ 5:14, 15)

## ਵਿਚਾਰ ਕੀਤੇ ਜਾਣ ਲਈ ਸਵਾਲ

1. ਰੋਮੀਆਂ 3:23 ਕਹਿੰਦਾ ਹੈ ਕਿ ਸਭ ਨੇ ਪਾਪ ਕੀਤਾ ਹੈ। ਤਾਂ ਫਿਰ ਪਾਪੀਆਂ ਨੂੰ ਬਚਾਇਆ ਕਿਵੇਂ ਜਾ ਸਕਦਾ ਹੈ? (ਮਰਕੁਸ 16:16)।
2. ਕੀ ਪਾਪੀ ਕਿਸੇ ਵੀ ਹੋਰ ਤਰੀਕੇ ਨਾਲ ਬਚਾਏ ਜਾ ਸਕਦੇ ਹਨ? ਕੀ ਅੱਜ ਡਿਨੋਮਿਨੇਸ਼ਨਾਂ ਵਿਚ ਦੱਸੇ ਜਾਂਦੇ ਬਹੁਤ ਸਾਰੇ ''ਮੁਕਤੀ ਦੇ ਰਾਹ'' ਹਨ?
3. ਯਿਸੂ ਨੇ ਆਖਿਆ ਕਿ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਤੋਂ ਛੁੱਟ, ਹਰ ਤਰ੍ਹਾਂ ਦਾ ਪਾਪ (ਉਹਦੇ ਖਿਲਾਫ਼ ਕਹੀਆਂ ਗਈਆਂ ਗੱਲਾਂ) ਮਾਫ਼ ਹੋ ਸਕਦਾ ਹੈ (ਮੱਤੀ 12:31)। ਕਿਉਂ? ਭਲਾ ਆਤਮਾ ਮਸੀਹ ਨਾਲੋਂ ਵੱਡਾ ਹੈ? *[ਸਮਕਾਲੀ ਲੋਕਾਂ ਨੇ]* ਸਿਰਫ਼ ਇਕ ਆਮ ਯਹੂਦੀ ਨੂੰ ਵੇਖ ਕੇ ਇਕ ਸਰੀਰਕ ਮਨੁੱਖ ਲੱਗਣ ਵਾਲਾ ਆਪਣੀ ਮੁੱਢਲੀ ਬੇਪਰਤੀਤੀ ਤੋਂ ਕਿਵੇਂ ਮਾਫ਼ ਕੀਤੀ ਜਾ ਸਕਦਾ ਹੈ, ਜਦ ਤਕ ਉਨ੍ਹਾਂ ਨੇ ਉਨ੍ਹਾਂ ਚਮਤਕਾਰਾਂ ਨੂੰ ਨਹੀਂ ਵੇਖਿਆ ਜਿਹੜੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਕੀਤੇ ਗਏ ਸਨ। ਉਸ ਸ਼ਕਤੀ ਨੇ ਇਹ ਸਬੂਤ ਦੇ ਦਿੱਤਾ ਕਿ ਯਿਸੂ ਜਿਵੇਂ ਕਿ ਉਸ ਨੇ ਦਾਅਵਾ ਕੀਤਾ ਸੀ, ਸਚਮੁਚ ਵਿਚ ਖ਼ੁਦਾ ਦਾ ਬੇਟਾ ਸੀ। ਪਰ ਜੇ ਵੇਖਣ ਵਾਲਿਆਂ ਨੇ ਇਹ ਕਿਹਾ ਕਿ ਇਹ ਸ਼ਕਤੀ ਬਆਲਜ਼ਬੂਲ ਦੀ ਹੈ ਤਾਂ ਉਨ੍ਹਾਂ ਨੂੰ ਯਕੀਨ ਦੁਆਉਣ ਅਤੇ ਹੁਕਮ ਮਨਵਾਉਣ ਲਈ ਕੋਈ ਹੋਰ ਗੱਲ ਨਹੀਂ ਬਚੀ ਸੀ। ਪਵਿੱਤਰ ਆਤਮਾ ਦੇ ਚਮਤਕਾਰਾਂ ਨੂੰ ਨਕਾਰਨ ਦਾ ਮਤਲਬ ਸੀ ਕਿ ਉਹ ਬਿਨਾਂ ਮਾਫ਼ੀ ਦੇ ਆਪਣੇ ਪਾਪਾਂ ਵਿਚ ਪਹੁੰਚੇ।
4. ਤੁਸੀਂ ''ਅਜਿਹਾ ਪਾਪ ਜੋ ਮੌਤ ਦਾ ਕਾਰਣ ਨਹੀਂ ਹੈ'' ਦੀ ਪਰਿਭਾਸ਼ਾ ਕਿਵੇਂ ਦਿਓਗੇ। ਤੁਸੀਂ ''ਅਜਿਹਾ ਪਾਪ ਜੋ ਮੌਤ ਦਾ ਕਾਰਣ ਹੈ'' ਦੀ ਪਰਿਭਾਸ਼ਾ ਕਿਵੇਂ ਦਿਓ? ''ਜੇ ਕੋਈ ਆਪਣੇ ਪਾਪ ਤੋਂ ਤੌਬਾ ਕਰ ਲੈਂਦਾ ਹੈ ਤਾਂ ਉਸ ਨੂੰ ਪਾਪ ਤੋਂ ਮਾਫ਼ੀ ਮਿਲ ਜਾਵੇਗੀ? ਜੇ ਕੋਈ ਬਿਨਾਂ ਤੌਬਾ ਕੀਤੇ ਮਰ ਜਾਂਦਾ ਹੈ ਤਾਂ ਕੀ ਉਸ ਨੂੰ ਮਾਫ਼ੀ ਮਿਲ ਜਾਵੇਗੀ?''
5. ਜੇ ਕੋਈ ਪੂਰੀ ਤਰ੍ਹਾਂ ਨਾਲ ਸਚਿਆਈ ਨੂੰ ਸਮਝਦਾ ਅਤੇ ਇੰਜੀਲ ਦੀ ਗੱਲ ਨੂੰ ਮੰਨ ਲੈਂਦਾ ਹੈ ਪਰ ਬਾਅਦ ਵਿਚ ਇਸ ਤੋਂ ਫਿਰ ਜਾਂਦਾ ਹੈ ਤਾਂ ਉਹਦੇ ਭਾਈਆਂ ਕੋਲ ਉਹਦੀ ਤੌਬਾ ਲਈ ਵਾਪਸ ਲਿਆਉਣ ਲਈ ਕੋਈ ਵਾਧੂ ਸਚਿਆਈ ਕਿਉਂ ਨਹੀਂ ਹੈ? ਜੇ ਉਹ ਵਾਪਸ ਆ ਜਾਂਦਾ ਹੈ ਤਾਂ ਇਹ

ਦੂਜਿਆਂ ਦੇ ਤਰਕ ਨਾਲ ਨਹੀਂ ਬਲਕਿ ਉਹਦੇ ਆਪਣੇ ਅੰਤਹਕਰਣ ਅਤੇ ਮਨ ਬਦਲਣ ਨਾਲ ਹੋਣਾ ਚਾਹੀਦਾ ਹੈ।

6. ਫੇਰ ਤੋਂ ਸਚਿਆਈ ਨੂੰ ਜਾਣਦਿਆਂ ਹੋਇਆਂ ਉਸ ਤੋਂ ਫਿਰ ਜਾਣ ਵਾਲੇ ਦੀ ਹਾਲਤ ਉਸ ਨਾਲੋਂ ਜਿਸ ਨੂੰ ਗਿਆਨ ਕਦੇ ਮਿਲਿਆ ਹੀ ਨਹੀਂ, ਮਾੜੀ ਕਿਉਂ ਹੈ (2 ਪਤਰਸ 2:20–21)? ਕਿਉਂਕਿ ਉਸ ਨੂੰ ਪਤਾ ਹੈ ਕਿ ਉਹ ਕਿਸ ਨੂੰ ਛੱਡ ਰਿਹਾ ਹੈ ਅਤੇ ਹੁਣ ਉਸ ਨੇ ਉਸ ਨੂੰ ਆਪਣੇ ਕੋਲ ਨਹੀਂ ਰੱਖਿਆ।
7. ''ਹਰੇਕ ............. ਅਤੇ ਕੁਫ਼ਰ ਮਨੁੱਖਾਂ ਨੂੰ ............. ਕੀਤਾ ਜਾਵੇਗਾ ਪਰ ਉਹ .............. ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ ਨਹੀਂ ਕੀਤਾ ਜਾਵੇਗਾ। ਅਤੇ ਜੋ ਕੋਈ ........... ਦੇ .......... ਦੇ ਵਿਰੁੱਧ ਗੱਲ ਕਰੇ ਉਹ ਨੂੰ ਮਾਫ਼ ਕੀਤਾ ਜਾਵੇਗਾ ਪਰ ਜੋ ਕੋਈ ............ ..........ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ ਨਾ ਇਸ ......... ਵਿਚ ਨਾ ਆਉਣ ਵਾਲੇ .......... ਵਿਚ ........... ਕੀਤਾ ਜਾਵੇਗਾ'' (ਮੱਤੀ 12:31, 32)।
8. ਉਹ ਕੌਣ ਹਨ ਜਿਨ੍ਹਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ? *[ਜਿਹੜੇ ਤੌਬਾ ਨਹੀਂ ਕਰਦੇ]*।
9. ਅਜਿਹੇ ਲੋਕਾਂ ਉੱਤੇ ਚਰਚਾ ਕਰੋ ਜਿਹੜੇ ਇਸ ਯੁੱਗ ਵਿਚ ਖ਼ੁਦਾ ਤੋਂ ਗਲਤ ਢੰਗ ਨਾਲ ਮੰਗਦੇ ਹਨ।
10. ਮੱਤੀ 24:24 ਵਿਚ ਸਾਨੂੰ ਕੀ ਚਿਤਾਵਨੀ ਦਿੱਤੀ ਗਈ ਹੈ?

# ਪਾਠ 13

# "ਪਰ ਜਦ ਸੰਪੂਰਣ ਆਵੇ"



ਪਵਿੱਤਰ ਆਤਮਾ ਦੇ ਕੰਮ ਤੇ ਲੜੀ ਦੇ ਇਸ ਆਖ਼ਰੀ ਪਾਠ ਵਿਚ ਇਸ ਨਾਲੋਂ ਬੇਹਤਰ ਹੋਰ ਕਿਹੜੀ ਗੱਲ ਹੋਵੇਗੀ ਕਿ ਰਸੂਲ ਪੌਲੁਸ ਦੇ ਇਨ੍ਹਾਂ ਸ਼ਬਦਾਂ ਵੱਲ ਧਿਆਨ ਲਾਇਆ ਜਾਵੇ ਜਿਹੜੇ ਉਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਆਖੇ ਸਨ, **''ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ''** (1 ਕੁਰਿੰਥੀਆਂ 13: 10)। ਉਸ ਦੇ ਅਨੁਸਾਰ ਸੰਪੂਰਣ ਭਾਵ ਮੁਕੰਮਲ ਆਉਣ ਵਾਲਾ ਸੀ ਅਤੇ ਉਸ ਦੇ ਆਉਣ ਤੇ ਜੋ ਅਧੂਰਾ ਸੀ, ਉਹ ਮੁੱਕ ਜਾਣਾ ਸੀ। ਇੱਥੇ ਜਿਸ ਨੂੰ ਉਹ ''ਸੰਪੂਰਣ'' ਆਖ ਰਿਹਾ ਸੀ ਉਹ ਕੀ ਸੀ? ਅਤੇ ਉਸ ਨੇ ''ਅਧੂਰਾ'' ਕਿਸ ਨੂੰ ਆਖਿਆ?''

ਇਹ ਯਕੀਨੀ ਬਨਾਉਣ ਲਈ ਕਿ ਰਸੂਲ ਸਚਿਆਈ ਦਾ ਪ੍ਰਚਾਰ ਬਿਨਾਂ ਕਿਸੇ ਗਲਤੀ ਦੇ ਕਰ ਸਕਣ ਅਸੀਂ ਬਾਰ-ਬਾਰ ਮਸੀਹ ਦੇ ਚਮਤਕਾਰੀ ਢੰਗ ਨਾਲ ਉਨ੍ਹਾਂ ਦੀ ਅਗਵਾਈ ਲਈ ਸਹਾਇਕ ਜਾਂ ਪਵਿੱਤਰ ਆਤਮਾ ਨੂੰ ਘੱਲਣ ਦੀ ਗੱਲ ਕੀਤੀ ਹੈ। ਇਸ ਤੋਂ ਛੁੱਟ ਕੁਝ ਚੇਲਿਆਂ ਨੂੰ ਇਸੇ ਲਈ ਚੁਣਿਆ ਗਿਆ ਸੀ ਤਾਂ ਜੋ ਰਸੂਲ ਉਨ੍ਹਾਂ ਨੂੰ ਆਤਮਾ ਦੀ ਚੰਗਿਆਂ ਕਰਨ ਦੀ ਸ਼ਕਤੀ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖਣ, ਜਿਸ ਨਾਲ ਉਹ ਇੰਜੀਲ ਦੇ ਪ੍ਰਚਾਰ ਦੇ ਖ਼ੁਦਾ ਦੇ ਵੱਡੇ ਕੰਮ ਵਿਚ ਮਦਦ ਕਰ ਸਕਣ। ਅਖ਼ੀਰ ਜਦ ਨਵਾਂ ਨੇਮ ਪੂਰੀ ਤਰ੍ਹਾਂ ਨਾਲ ਮੁੰਕਮਲ ਹੋਣ ਤੇ ਮਨੁੱਖ ਨੂੰ ਦੇ ਦਿੱਤਾ ਗਿਆ ਤਾਂ ਉਹ ਯੁੱਗ ਖ਼ਤਮ ਹੋ ਗਿਆ ਜਿਸ ਵਿਚ ਮੋਅਜਜ਼ੇ ਹੁੰਦੇ ਸਨ। ਉਸ ਦੇ ਬਾਅਦ ਤੋਂ ਲੈ ਕੇ ਹੁਣ ਤਕ ਖ਼ੁਦਾ ਅਤੇ ਉਸਦੀ ਇੱਛਾ ਨੂੰ ਜਾਣਨ ਵਾਲਿਆਂ ਨੂੰ ਇਸ ਨੂੰ ਜਾਣਨ ਦੇ ਲਈ ਨਵੇਂ ਨੇਮ ਵਿੱਚੋਂ ਹੀ ਵੇਖਣਾ ਪਵੇਗਾ। ਪੌਲੁਸ ਸਾਨੂੰ ਦੱਸਦਾ ਹੈ ਕਿ ਪਰਤੀਤ ਖ਼ੁਦਾ ਦਾ ਵਚਨ ਸੁਣਨ ਨਾਲ ਆਉਂਦੀ ਹੈ (ਰੋਮੀਆਂ 10: 17)।

ਤਾਂ ਆਓ 1 ਕੁਰਿੰਥੀਆਂ 13 ਅਧਿਆਇ ਨੂੰ ਖੋਲ੍ਹਦੇ ਹਾਂ ਅਤੇ ਇਹ ਵੇਖਣ ਲਈ ਕਿ ਪੌਲੁਸ ਪਰਮੇਸ਼ੁਰ ਦੀ ਸੰਪੂਰਣ ਇੱਛਾ ਬਾਰੇ ਕੀ ਦੱਸਦਾ ਹੈ, ਇਸ ਪ੍ਰਸਿੱਧ ਅਧਿਆਇ ਨੂੰ ਪੜ੍ਹਦੇ ਹਾਂ: **''ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ**

**ਬੋਲਾਂ ਪਰ ਜੇ ਮੇਰੇ ਵਿਚ ਪ੍ਰੇਮ ਨਾ ਹੋਵੇ ਤਾਂ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ ਛਣ ਕਰਨ ਵਾਲੇ ਛੈਣੇ ਬਣਿਆ ਹਾਂ। ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰਾ ਭੇਤ ਅਤੇ ਸਾਰਾ ਗਿਆਨ ਜਾਣਾਂ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾ ਦਿਆਂ ਪਰ ਪ੍ਰੇਮ ਨਾ ਰੱਖਾਂ, ਮੈਂ ਕੁਝ ਵੀ ਨਹੀਂ। ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ ਪ੍ਰੇਮ ਨਾ ਰੱਖਾਂ, ਤਾਂ ਕੁਝ ਲਾਭ ਨਹੀਂ।**

**ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ। ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ।**

**ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ। ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ। ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ।**

**ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ ਬੋਲਦਾ, ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਚਦਾ ਸਾਂ। ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ। ਇਸ ਵੇਲੇ ਤਾਂ ਅਸੀਂ ਸ਼ੀਸ਼ੇ ਵਿਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਓਸ ਵੇਲੇ ਰੋਬਰੂ ਵੇਖਾਂਗੇ। ਇਸ ਵੇਲੇ ਮੈਂ ਕੁਝ ਕੁਝ ਜਾਣਦਾ ਹਾਂ ਪਰ ਓਸ ਵੇਲੇ ਉਹੋ ਜਿਹਾ ਜਾਣਾਂਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ। ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ''** (1 ਕੁਰਿੰਥੀਆਂ 13: 1–13)।

ਇਹ ਅਧਿਆਇ ਭਾਵੇਂ ਪ੍ਰੇਮ ਤੇ ਬਹੁਤਾ ਜ਼ੋਰ ਦਿੱਤੇ ਜਾਣ ਅਤੇ ਖ਼ਾਸਕਰ ਇਸ ਦੀ ਇਸ ਖ਼ਾਸ ਟਿੱਪਣੀ ਕਰਕੇ ਮਸ਼ਹੂਰ ਹੈ ਕਿ **''ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ,''** ਪਰ ਇਸ ਵਿਚ ਕੁਝ ਹੋਰ ਵੀ ਗੱਲਾਂ ਹਨ ਜਿਨ੍ਹਾਂ ਉੱਤੇ ਸਾਨੂੰ ਖ਼ਾਸ ਕਰਕੇ ਧਿਆਨ ਦੇਣ ਦੀ ਲੋੜ ਹੈ।

ਮੇਹਰਬਾਨੀ ਕਰਕੇ ਧਿਆਨ ਦਿਓ ਕਿ ਪੌਲੁਸ ਆਖਦਾ ਹੈ, **''ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ।''** ਪੌਲੁਸ ਮੋਅਜਜ਼ਿਆਂ ਦੇ ਯੁੱਗ ਵਿਚ ਰਹਿੰਦਾ ਸੀ। ਉਹ ਇਕ ਰਸੂਲ ਸੀ ਅਤੇ ਇਸ

ਕਰਕੇ ਉਸ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੋਇਆ ਸੀ। ਪਵਿੱਤਰ ਆਤਮਾ ਦਾ ਬਪਤਿਸਮਾ ਪਾਇਆ ਹੋਣ ਕਰਕੇ ਉਹ ਗੈਰ ਭਾਸ਼ਾਵਾਂ ਵਿਚ ਬੋਲਣ ਆਦਿ ਵਰਗੇ ਮੋਅਜਜ਼ੇ ਅਤੇ ਅਚੰਭੇ ਕੰਮ ਕਰ ਸਕਦਾ ਸੀ। ਪਰ ਉਸ ਨੇ ਕਿਹਾ ਕਿ ਪ੍ਰੇਮ ਕਦੇ ਨਹੀਂ ਟਲੇਗਾ ਜਦ ਕਿ ਮੋਅਜਜ਼ੇ ਦੇ ਰਾਹੀਂ ਕੀਤੀਆਂ ਜਾਣ ਵਾਲੀਆਂ ਨਬੂਵਤਾਂ, ਬੋਲੀਆਂ, ਪਰਾਈਆਂ ਭਾਖਿਆਵਾਂ ਵਿਚ ਗੱਲਾਂ ਕਰਨਾ ਅਤੇ ਇਲਹਾਮ ਨਾਲ ਦਿੱਤਾ ਗਿਆ ਗਿਆਨ ਮੁੱਕ ਜਾਣਾ ਸੀ। ਦੂਜੇ ਸ਼ਬਦਾਂ ਵਿਚ ਸੁਭਾਵਿਕ ਤੌਰ ਤੇ ਭਾਵ ਸਿੱਖਣ ਤੇ ਇਨ੍ਹਾਂ ਦਾ ਬੋਲਿਆ ਜਾਣਾ ਰਹਿਣਾ ਸੀ ਪਰ ਚਮਤਕਾਰੀ ਤੌਰ ਤੇ ਜਾਂ ਮੋਅਜਜ਼ੇ ਦੇ ਰਾਹੀਂ ਮਿਲਣਾ ਬੰਦ ਹੋ ਜਾਣਾ ਸੀ।

ਪੌਲੁਸ ਅੱਗੇ ਆਖਦਾ ਹੈ, **''ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ।''** ਉਹ ਮੋਅਜਜ਼ਿਆਂ ਨਾਲ ਮਿਲਣ ਵਾਲੇ ਗਿਆਨ ਅਤੇ ਨਬੂਵਤਾਂ ਦੀ ਗੱਲ ਕਰ ਰਿਹਾ ਸੀ। ਉਹ ਆਖਦਾ ਹੈ ਕਿ ਉਹ ਦਾਨ ਅਧੂਰੇ ਸਨ ਕਿਉਂਕਿ ਇਸ ਵਿਚ ਕਲੀਸੀਆ ਦੇ ਕੁਝ ਚੁਣੇ ਹੋਏ ਲੋਕਾਂ ਨੂੰ ਹੀ ਉਹ ਦਾਨ ਮਿਲੇ ਸਨ ਅਤੇ ਉਹ ਦਾਨ ਇਕ ਸੀਮਤ ਸਮੇਂ ਲਈ ਸਨ। ਉਹ ਦਾਨ ਉਸ ਟੇਕ ਜਾਂ ਆਸਰੇ ਵਾਂਗ ਸਨ ਜਿਹੜਾ ਨਵੀਂ ਬਣਨ ਵਾਲੀ ਇਮਾਰਤੀ ਛੱਤ ਨੂੰ ਟਿਕਾਈ ਰੱਖਣ ਲਈ ਦਿੱਤਾ ਜਾਂਦਾ ਹੈ। ਕਲੀਸੀਆ ਅਜੇ ਥੋੜ੍ਹੀ ਦੇਰ ਪਹਿਲਾਂ ਬਣੀ ਸੀ। ਇਹ ਨਵੀਂ ਨਵੀਂ ਬਣੀ ਸੀ ਅਤੇ ਵਧ ਰਹੀ ਸੀ ਅਤੇ ਇਸ ਕੋਲ ਰਹਿਨੁਮਾਈ ਅਤੇ ਹਦਾਇਤ ਲਈ ਨਵਾਂ ਨੇਮ ਅਜੇ ਸੰਪੂਰਣ ਤੌਰ ਤੇ ਨਹੀਂ ਮਿਲਿਆ ਸੀ। ਇਸ ਕਰਕੇ ਨਵਾਂ ਨੇਮ ਲਿਖਤੀ ਰੂਪ ਵਿਚ ਦਿੱਤੇ ਜਾਣ ਲਈ ਲੋੜੀਂਦੀ ਸਹਾਇਤਾ ਲਈ ਇਹ ਮੋਅਜਜ਼ੇ ਜ਼ਰੂਰੀ ਸਨ।

ਪੌਲੁਸ ਨੇ ਅਖ਼ੀਰ ਵਿਚ ਆਖਿਆ, **''ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ।''** ਜਿਨ੍ਹਾਂ ਗੱਲਾਂ ਨੂੰ ਪੌਲੁਸ ਅਧੂਰਾ ਆਖਦਾ ਹੈ ਇਹ ਉਹ ਚਮਤਕਾਰ ਜਾਂ ਮੋਅਜਜ਼ੇ ਸਨ ਜਿਹੜੇ ਥੋੜੇ ਸਮੇਂ ਲਈ ਉਦੋਂ ਤਕ ਸਨ ਜਦ ਤਕ ਕਿ ''ਸੰਪੂਰਣ ਚੀਜ਼'' ਨਹੀਂ ਆ ਜਾਣੀ ਸੀ। ਕੁਝ ਲੋਕ ਇਸ ਨੂੰ ਇਸ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਮਸੀਹ ਦੇ ਆਉਣ ਦੀ ਗੱਲ ਹੈ, ਪਰ ਅਜਿਹਾ ਨਹੀਂ ਹੈ। ਕਿਉਂ ਭਲਾ? (ਅੰਗ੍ਰੇਜ਼ੀ ਬਾਈਬਲ ਪੜ੍ਹਨ ਤੇ ਤੁਹਾਨੂੰ ਇਸ ਤਰ੍ਹਾਂ ਮਿਲਦਾ ਹੈ, ''But when that which is perfect is come, then that which is in part shall be done away.'' ਇਸ ਵਿਚ ਧਿਆਨ ਦੇਣ ਵਾਲੀ ਗੱਲ ਹੈ ਕਿ ਕਿਸੇ ਚੀਜ਼ ਲਈ which ਅਤੇ ਵਿਅਕਤੀ ਲਈ who ਸ਼ਬਦ ਵਰਤਿਆ ਜਾਂਦਾ ਹੈ– ਅਨੁਵਾਦਕ)। ਇਸ ਤੋਂ ਇਲਾਵਾ ਪੌਲੁਸ ਕਹਿੰਦਾ ਹੈ ਕਿ ਸੰਪੂਰਣ ਦੇ ਆ ਜਾਣ ਦੇ ਬਾਅਦ ਜਿਹੜੀਆਂ ਤਿੰਨ ਚੀਜ਼ਾਂ ਬਣੀਆਂ ਰਹਿਣਗੀਆਂ ਉਹ ਹਨ **ਨਿਹਚਾ, ਆਸ਼ਾ ਅਤੇ ਪ੍ਰੇਮ**। ਇਹਦਾ ਸਾਫ਼ ਮਤਲਬ ਇਹ ਹੋਵੇਗਾ ਕਿ ਉਹ ਮਸੀਹ

ਦੀ ਗੱਲ ਨਹੀਂ ਕਰ ਰਿਹਾ ਸੀ। ਕਿਉਂ ਜੋ ਉਦੋਂ ਤਾਂ ਅਨਾਦੀਕਾਲ ਦੀ ਹਕੀਕਤ ਵਿਚ ਨਿਹਚਾ ਅਤੇ ਆਸ਼ਾ ਜਾਂ ਆਸ ਜਾਂਦੇ ਰਹਿਣਗੇ।

ਪੌਲੁਸ ਕਿਸੇ ''ਚੀਜ਼'' ਦੀ ਨਬੂਵਤ ਕਰ ਰਿਹਾ ਸੀ, ਇਸ ਕਰਕੇ ਸਾਨੂੰ ਇਹ ਨਿਚੋੜ ਕੱਢਣਾ ਪਾਵੇਗਾ ਕਿ ਉਹ ਖ਼ੁਦਾ ਦੀ ਸੰਪੂਰਣ ਅਤੇ ਮੁਕੰਮਲ ਇੱਛਾ ਨਵੇਂ ਨੇਮ ਦੀ ਗੱਲ ਕਰ ਰਿਹਾ ਹੋਵੇਗਾ। ਸਾਨੂੰ ਕਿਵੇਂ ਪਤਾ? ਕਿਉਂ ਜੋ ਸੰਸਾਰ ਵਿਚ ਕੋਈ ਹੋਰ ਚੀਜ਼ ਸੰਪੂਰਣ ਹੈ ਹੀ ਨਹੀਂ! ਇਹ ਕਿੰਨਾਂ ਰੱਬੀ ਇੰਤਜ਼ਾਮ ਦੇ ਮੁਤਾਬਿਕ ਹੈ ਕਿ ਰਸੂਲਾਂ ਦੀ ਮੌਤ, ਜਿਨ੍ਹਾਂ ਨੂੰ ਉਨ੍ਹਾਂ ਨੇ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਸੀ ਉਨ੍ਹਾਂ ਦੀ ਜ਼ਿੰਦਗੀ ਦੇ ਆਮ ਅੰਤ, ਅਤੇ ਨਵੇਂ ਨੇਮ ਦਾ ਮੁਕੰਮਲ ਹੋਣਾ ਪਹਿਲੀ ਸਦੀ ਦੇ ਆਖ਼ਰੀ ਹਿੱਸੇ ਵਿਚ, ਇਹ ਸਭ ਕਿਵੇਂ ਹੋਇਆ! ਮਨੁੱਖ ਜਾਤੀ ਨੂੰ ਖ਼ੁਦਾ ਦਾ ਵਚਨ ਦੇ ਦਿੱਤੇ ਜਾਣ ਦੇ ਬਾਅਦ ਇਨ੍ਹਾਂ ਮੋਅਜਜ਼ਿਆਂ ਦੀ ਕੋਈ ਲੋੜ ਨਹੀਂ ਰਹੀ, ਜਿਸ ਕਰਕੇ ਉਹ ਬੰਦ ਹੋ ਗਏ। ਯਾਕੂਬ ਇਸ ਦੀ ਹਮਾਇਤ ਕਰਦਾ ਹੈ ਜਦ ਉਹ ਆਖਦਾ ਹੈ, **''ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ ਅਜ਼ਾਦੀ ਦੀ ਸ਼ਰਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿਚ ਧੰਨ ਹੋਵੇਗਾ''** (ਯਾਕੂਬ 1:25)

ਪੌਲੁਸ ਇਸ ਨੂੰ ਸਮਝਾਉਂਦੇ ਹੋਏ ਇਵੇਂ ਆਖਦਾ ਹੈ, **''ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ ਬੋਲਦਾ, ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਚਦਾ ਸਾਂ। ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ।''** ਪੌਲੁਸ ਸਿਰਫ਼ ਐਨਾਂ ਵਿਖਾ ਰਿਹਾ ਸੀ ਕਿ ਜਦ ਕਲੀਸੀਆ ਦਾ ਬਚਪਨਾ ਸੀ ਤਾਂ ਇਸ ਨੂੰ ਇਨ੍ਹਾਂ ਚਮਤਕਾਰਾਂ ਭਾਵ ਇਨ੍ਹਾਂ ਬਚਕਾਨਾ ਗੱਲਾਂ ਦੀ ਲੋੜ ਸੀ। ਪਰ ਕਲੀਸੀਆ ਦੇ ਵੱਡਾ ਹੋ ਜਾਣ ਅਤੇ ਸਿਆਣੀ ਹੋ ਜਾਣ ਅਤੇ ਇਸ ਦੀ ਅਗਵਾਈ ਲਈ ਨਵਾਂ ਨੇਮ ਮਿਲ ਜਾਣ ਦੇ ਬਾਅਦ ਇਹ ਮੋਅਜਜ਼ੇ ਬੰਦ ਹੋ ਗਏ।

ਇਸੇ ਗੱਲ ਨੂੰ ਉਹ ਫੇਰ ਤੋਂ ਇਹ ਆਖ ਕੇ ਸਮਝਾਉਂਦਾ ਹੈ, **''ਇਸ ਵੇਲੇ ਤਾਂ ਅਸੀਂ ਸ਼ੀਸ਼ੇ ਵਿਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਓਸ ਵੇਲੇ ਰੋਬਰੂ ਵੇਖਾਂਗੇ। ਇਸ ਵੇਲੇ ਮੈਂ ਕੁਝ ਕੁਝ ਜਾਣਦਾ ਹਾਂ ਪਰ ਓਸ ਵੇਲੇ ਉਹੋ ਜਿਹਾ ਜਾਣਾਂਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ।''** ਉਹ ਸਮਝਾ ਰਿਹਾ ਸੀ ਕਿ ਮੋਅਜਜ਼ਿਆਂ ਦੇ ਯੁੱਗ ਵਿਚ ਮਸੀਹੀ ਲੋਕਾਂ ਨੂੰ ਖ਼ੁਦਾ ਦੇ ਸੰਪੂਰਣ ਵਚਨ ਦਾ ਸਿਰਫ਼ ਇੱਕੋ ਹਿੱਸਾ ਪਤਾ ਸੀ। ਇਹ ਹਨੇਰੇ ਕਮਰੇ ਵਿਚ ਸ਼ੀਸ਼ੇ ਅੱਗੇ ਖਲੋ ਕੇ ਵੇਖਣ ਵਰਗਾ ਸੀ ਜਿਸ ਵਿਚ ਸਾਫ਼ ਸਾਫ਼ ਕੁਝ ਨਜ਼ਰ ਨਹੀਂ ਆਉਂਦਾ। ਪਰ ਵਾਅਦਾ ਇਹ ਸੀ ਕਿ ਉਹ ਸਮਾਂ ਆਵੇਗਾ ਜਦ ਹਰ ਕੋਈ ਨਵੇਂ ਨੇਮ ਵਿਚ ਵੇਖ ਕੇ ਆਪਣੀ ਸ਼ਕਲ ਸਾਫ਼ ਸਾਫ਼ ਵੇਖ ਸਕੇਗਾ ਕਿ ਉਹ ਕਿਹੋ ਜਿਹਾ ਲਗਦਾ ਹੈ। ਯਾਕੂਬ 1:22—25 ਵਿਚ

ਬਿਲਕੁਲ ਇਹੀ ਆਖਦਾ ਹੈ। ਪੌਲੁਸ ਇਸ ਤੱਥ ਦੇ ਨਾਲ ਗੱਲ ਪੂਰੀ ਕਰਦਾ ਹੈ ਕਿ ਉਸ ਨੂੰ ਉਸ ਸਮੇਂ ਸਿਰਫ਼ ਅਧੂਰਾ ਗਿਆਨ ਸੀ ਪਰ ਉਹ ਸਮਾਂ ਆਉਣਾ ਸੀ ਜਦ ਉਨ੍ਹਾਂ ਲੋਕਾਂ ਨੇ ਪਰਮੇਸ਼ੁਰ ਦੀ ਇੱਛਾ ਨੂੰ ਪੂਰੀ ਤਰ੍ਹਾਂ ਨਾਲ ਜਾਣ ਲੈਣਾ ਸੀ।

ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਨਵੇਂ ਨੇਮ ਦੇ ਆਉਣ ਨਾਲ ਚਮਤਕਾਰਾਂ ਦਾ ਯੁੱਗ ਖ਼ਤਮ ਹੋ ਗਿਆ। ਖ਼ੁਦਾ ਨੇ ਆਪਣੀ ਇੱਛਾ ਨੂੰ ਪੂਰੀ ਤਰ੍ਹਾਂ ਨਾਲ ਪਰਗਟ ਕਰ ਦਿੱਤਾ ਹੈ ਕਿ ਜੇ ਕੋਈ ਜਾਣਨਾ ਚਾਹੇ ਕਿ ਪ੍ਰਭੂ ਉਸ ਦੀ ਜ਼ਿੰਦਗੀ ਤੋਂ ਕੀ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਲਈ ਨਵੇਂ ਨੇਮ ਵਿਚ ਜਾਣਾ ਜ਼ਰੂਰੀ ਹੈ। ਖ਼ੁਦਾ ਮਨੁੱਖ ਨਾਲ ਆਪਣੇ ਵਚਨ ਤੋਂ ਅਲਹਿਦਾ ਅਤੇ ਅੱਡ ਗੱਲ ਨਹੀਂ ਕਰ ਰਿਹਾ ਹੈ।

ਅੱਜ ਬਹੁਤ ਸਾਰੇ ਕਥਿਤ ਚਮਤਕਾਰ ਕਰਨ ਵਾਲੇ ਲੋਕ ਹਨ ਜਿਹੜੇ ਕਿਸੇ ਸਭਾ ਵਿਚ ਬਚਾਏ ਜਾਣ ਦੇ ਚਾਹਵਾਨ ਲੋਕਾਂ ਨੂੰ ਅੱਗੇ ਆਣ ਕੇ ਪਾਪਾਂ ਦੀ ਮਾਫ਼ੀ ਲਈ ਦੁਆ ਕਰਨ ਲਈ ਆਖਦੇ ਹਨ ਕਿ ''ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਨੇ ਯਿਸੂ ਮਸੀਹ ਦੇ ਨਾਮ ਨਾਲ ਮੇਰੇ ਪਾਪਾਂ ਨੂੰ ਮਾਫ਼ ਕਰ ਦਿੱਤਾ ਹੈ!'' **ਭਲਾ ਤੁਸੀਂ ਵਚਨ ਵਿੱਚੋਂ ਕਿਤੇ ਦੱਸ ਸਕਦੇ ਹੋ ਕਿ ਪਤਰਸ ਹੋਵੇ ਜਾਂ ਪੌਲੁਸ ਜਾਂ ਇੰਜੀਲ ਦਾ ਕੋਈ ਹੋਰ ਪ੍ਰਚਾਰਕ, ਜਿਸ ਨੇ ਸੁਣਨ ਵਾਲਿਆਂ ਨੂੰ ਅੱਗੇ ਆਣ ਕੇ ਇਹ ਦੁਆ ਕਰਨ ਲਈ ਆਖਿਆ ਹੋਵੇ ਕਿ ਹੇ ਪ੍ਰਭੂ ਯਿਸੂ ਮੈਂ ਪਾਪੀ ਨੂੰ ਮਾਫ਼ ਕਰ ਦੇ? ਖ਼ੁਦਾ ਦੇ ਵਚਨ ਵਿਚ ਅਜਿਹੀ ਕੋਈ ਦੁਆ ਨਹੀਂ ਹੈ !**

ਆਤਮਾ ਅੱਜ ਕੰਮ ਕਰਦਾ ਹੈ ਪਰ ਸਿਰਫ਼ ਆਪਣੇ ਵਚਨ ਦੇ ਰਾਹੀਂ ਅਤੇ ਵਚਨ ਨਾਲ ਮੇਲ ਖਾਂਦੇ ਹੋਏ। ਭਾਵੇਂ ਪਵਿੱਤਰ ਆਤਮਾ ਅੱਜ ਚਮਤਕਾਰੀ ਢੰਗ ਨਾਲ ਲੋਕਾਂ ਵਿਚ ਕੰਮ ਨਹੀਂ ਕਰ ਰਿਹਾ ਹੈ, ਪਰ ਉਹ ਖ਼ੁਦਾ ਦੀ ਇੱਛਾ ਨੂੰ ਦੱਸਣ ਲਈ ਅਤੇ ਮਸੀਹ ਨੂੰ ਪਰਗਟ ਕਰਨ ਲਈ ਜਿਹੜਾ ਮਨੁੱਖ ਨੂੰ ਪਾਪਾਂ ਤੋਂ ਬਚਾ ਸਕਦਾ ਹੈ, ਵਚਨ ਦੇ ਰਾਹੀਂ ਕੰਮ ਕਰਦਾ ਹੈ। ਉਹ ਇਸ ਨਾਲੋਂ ਵਧਕੇ ਹੋਰ ਕੀ ਕਰ ਸਕਦਾ ਸੀ?

# ਕੀ ਖ਼ੁਦਾ ਅੱਜ ਸਾਡੀਆਂ ਜ਼ਿੰਦਗੀਆਂ ਵਿਚ ਕੰਮ ਕਰਦਾ ਹੈ ?

(ਪਾਠ ਦਾ ਇਹ ਭਾਗ ਜੇ. ਸੀ. ਚੋਟ ਦੀ ਪਤਨੀ ਬੈਟੀ ਚੋਟ ਦੇ ਲਿਖੇ ਹੋਏ ਪਾਠਾਂ ਵਿੱਚੋਂ ਲਿਆ ਗਿਆ ਹੈ।)

ਆਪਣੇ ਅਧਿਐਨ ਵਿਚ ਅਸੀਂ ਇੱਥੇ ਇਹ ਨਿਚੋੜ ਕੱਢ ਸਕਦੇ ਹਾਂ ਕਿ ਖ਼ੁਦਾ ਨੇ ਇਸ ਸੰਸਾਰ ਦੇ ਮਾਮਲਿਆਂ ਨਾਲ ਆਪਣੀ ਸਰਗਰਮ ਹਿੱਸੇਦਾਰੀ ਪੂਰੀ ਕਰੀ

ਕਰ ਲਈ ਹੈ। ਉਸ ਨੇ ਸਾਡੇ ਪਾਪਾਂ ਲਈ ਆਪਣੇ ਪੁੱਤਰ ਨੂੰ ਸਲੀਬ ਉੱਤੇ ਮਰਨ ਦਿੱਤਾ, ਜਿਸ ਨਾਲ ਅਸੀਂ ਬਚਾਏ ਜਾਣ ਲਈ ਉਹਦੀ ਇੰਜੀਲ ਦੇ ਹੁਕਮ ਨੂੰ ਮੰਨ ਕੇ ਉਹਦੇ ਪਰਿਵਾਰ ਭਾਵ ਕਲੀਸੀਆ ਦਾ ਹਿੱਸਾ ਬਣ ਸਕਦੇ ਹਾਂ। ਪਵਿੱਤਰ ਆਤਮਾ ਨੇ ਬਾਈਬਲ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ ਤਾਂ ਜੋ ਸਾਡੇ ਕੋਲ ਖ਼ੁਦਾ ਦਾ ਹੁਕਮ ਮੰਨਣ ਅਤੇ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਅਗਵਾਈ ਲਈ ਸਪੱਸ਼ਟ ਵਚਨ ਮਿਲ ਸਕੇ। ਪ੍ਰਕਾਸ਼ ਦੀ ਪੋਥੀ ਇਸ ਵਾਅਦੇ ਨਾਲ ਬੰਦ ਹੁੰਦੀ ਹੈ ਕਿ ਯਿਸੂ ਇਕ ਦਿਨ ਬੱਦਲਾਂ ਉੱਤੇ ਆਵੇਗਾ, ਜਦ ਇਸ ਸੰਸਾਰ ਦਾ ਅੰਤ ਹੋ ਜਾਵੇਗਾ ਅਤੇ ਉਸ ਵਕਤ ਲੋਕਾਂ ਦਾ ਨਿਆਂ ਹੋਵੇਗਾ।

ਇਹ ਸੱਚ ਹੈ ਕਿ ਮੋਅਜਜ਼ਿਆਂ ਦਾ ਯੁੱਗ ਖ਼ਤਮ ਹੋ ਚੁਕਿਆ ਹੈ ਕਿਉਂ ਜੋ ਮੁਕਤੀ ਦਾ ਕੰਮ, ਕਲੀਸੀਆ ਦੀ ਸਥਾਪਨਾ ਅਤੇ ਇਸ ਸਚਿਆਈ ਦੀ ਤਸਦੀਕ ਹੋ ਚੁੱਕੀ ਹੈ ਕਿ ਪਹਿਲੀ ਸਦੀ ਦੌਰਾਨ ਖ਼ੁਦਾ ਦਾ ਸੰਦੇਸ਼ ਬੋਲਣ ਅਤੇ ਲਿਖਣ ਦਾ ਕੰਮ ਪੂਰਾ (ਮੁਕੰਮਲ) ਹੋ ਚੁੱਕਿਆ ਹੈ। ਜੇ ਅਸੀਂ ਧਿਆਨ ਨਾਲ ਵੇਖੀਏ ਤਾਂ ਨਵੇਂ ਦੇ ਨਾਲ ਨਾਲ ਪੁਰਾਣੇ ਨੇਮ ਵਿਚ ਖ਼ੁਦਾ ਦਾ ਜ਼ਿਆਦਾਤਰ ਕੰਮ ਮੋਅਜਜ਼ਿਆਂ ਦੇ ਰਾਹੀਂ ਨਹੀਂ ਹੋਇਆ! ਮੋਅਜਜ਼ੇ ਨਿਯਮ ਨਹੀਂ ਸਨ, ਬਲਕਿ ਕਿਸੇ ਨਬੀ ਨੂੰ ਜਾਂ ਇਲਹਾਮ ਨਾਲ ਦਿੱਤੇ ਗਏ ਸੰਦੇਸ਼ ਨੂੰ ਸਾਬਤ ਕਰਨ ਲਈ ਹੁੰਦੇ ਸਨ। ਅਸੀਂ ਇਸਰਾਏਲੀਆਂ ਦੇ ਮਿਸਰ ਦੀ ਗੁਲਾਮੀ ਵਿੱਚੋਂ ਛੁੱਟਣ ਅਤੇ ਉਜਾੜ ਵਿਚ ਰਹਿਣ ਦੇ ਸਾਲਾਂ ਦੌਰਾਨ (ਕੂਚ) ਉਸ ਕੌਮ ਨੂੰ ਸੰਭਾਲਣ ਦੇ ਮੂਸਾ ਦੇ ਕੰਮ ਨਾਲ ਮੋਅਜਜ਼ਿਆਂ ਨੂੰ ਵੇਖਦੇ ਹਾਂ। ਤਿੰਨ ਇਬਰਾਨੀ ''ਬੱਚਿਆਂ'' ਅਤੇ ਦਾਨੀਏਲ ਨੂੰ ਖ਼ੁਦਾ ਦੇ ਸਪੱਸ਼ਟ ਦਖਲ ਦੇ ਰਾਹੀਂ ਨਬੂਕੱਦਨਜ਼ਰ ਦੇ ਕਹਿਰ ਤੋਂ ਬਚਾਇਆ ਗਿਆ ਸੀ (ਦਾਨੀਏਲ 3 ਅਤੇ 6)। ਮੋਅਜਜ਼ੇ ਅਸੀਂ ਉਦੋਂ ਵੇਖਦੇ ਹਾਂ ਜਦੋਂ ਏਲੀਯਾਹ ਨੇ ਬਆਲ ਦੇ ਨਬੀਆਂ ਨੂੰ ਖ਼ਤਮ ਕਰਨ ਲਈ ਅਸਮਾਨ ਤੋਂ ਅੱਗ ਸੱਦੀ ਸੀ (1 ਰਾਜਿਆਂ 18)।

ਜਦ ਲੋਕ ਖ਼ੁਦਾ ਅਤੇ ਬਾਈਬਲ ਦੀ ਸੁਣਨ ਤੋਂ ਆਪਣੇ ਮਨਾਂ ਨੂੰ ਕਠੋਰ ਕਰ ਲੈਂਦੇ ਹਨ ਤਾਂ ਇਹ ਅਜਿਹਾ ਹੁੰਦਾ ਹੈ ਜਿਵੇਂ ਉਹ ਆਪਣੇ ਮੂੰਹ ਤੇ ਮੁੱਕੀਆਂ ਮਾਰ-ਮਾਰ ਕੇ ਚੀਕ-ਚੀਕ ਕੇ ਕਹਿ ਰਹੇ ਹੋਣ, ''ਰੱਬ ਨਹੀਂ ਹੈ!'' ਪਰ ਰੱਬ ਉਨ੍ਹਾਂ ਨੂੰ ਭਸਮ ਕਰਨ ਲਈ ਅਸਮਾਨ ਤੋਂ ਕੋਈ ਅੱਗ ਨਹੀਂ ਘੱਲਦਾ! ਉਹ ਚਮਤਕਾਰ ਨਾਲ ਸਜ਼ਾ ਵੀ ਨਹੀਂ ਦਿੰਦਾ। ਇਸ ਦੇ ਉਲਟ ਬਾਈਬਲ ਵਿਚ ਉਹ ਹਰ ਕਿਸੇ ਨੂੰ ਚਿਤਾਵਨੀ ਬੇਸ਼ੱਕ ਦਿੰਦਾ ਹੈ ਕਿ ਇਹੀ ਯਿਸੂ ਜਿਹੜਾ ਸਾਨੂੰ ਸਾਡੇ ਪਾਪਾਂ ਤੋਂ ਬਚਾਉਣ ਲਈ ਮਰ ਗਿਆ ਸੀ, ਇਕ ਦਿਨ ਸਾਡਾ ਨਿਆਂ ਕਰਨ ਵਾਲਾ ਬਣ ਕੇ ਵਾਪਸ ਆਏਗਾ। ਯਿਸੂ ਨੇ ਆਪ ਕਿਹਾ ਕਿ ਹੁਕਮ ਮੰਨਣ ਵਾਲੇ ਧਰਮੀਆਂ ਨੂੰ ਹਮੇਸ਼ਾ ਦੀ ਜ਼ਿੰਦਗੀ ਵਿਚ ਘੱਲਿਆ ਜਾਵੇਗਾ ਪਰ ਹੁਕਮ ਨਾ ਮੰਨਣ ਵਾਲਿਆਂ ਨੂੰ ਉਹ ਆਖੇਗਾ, **''ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿਚ**

**ਚੱਲੇ ਜਾਓ ਜਿਹੜੀ ਸ਼ੈਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ''** (ਮੱਤੀ 25:41)।

ਮਨੁੱਖ ਨਾਲ ਖ਼ੁਦਾ ਦੇ ਵਿਹਾਰ ਵਿਚ ਅਸੀਂ ਇਕ ਵੱਡੀ ਵੰਡਣ ਵਾਲੀ ਰੇਖਾ ਨੂੰ ਵੇਖ ਸਕਦੇ ਹਾਂ। ਦੁਨੀਆਂ ਦੇ ਸ਼ੁਰੂ ਤੋਂ ਲੈ ਕੇ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਬਾਈਬਲ ਦੇ ਮੁਕੰਮਲ ਹੋਣ ਤਕ ਖ਼ੁਦਾ ਕੁਝ ਲੋਕਾਂ ਨਾਲ ਸਿੱਧੇ ਗੱਲ ਕਰਦਾ ਸੀ ਅਤੇ ਉਸਦੇ ਦੂਤ ਅਤੇ ਨਬੀ ਇਹ ਸਾਬਤ ਕਰਨ ਲਈ ਕਿ ਉਹ ਖ਼ੁਦਾ ਦੀ ਤਰਫ਼ੋਂ ਹੀ ਬੋਲ ਰਹੇ ਹਨ, ਕਈ ਚਮਤਕਾਰ ਕਰਦੇ ਸਨ। ਪਰ ਬਾਈਬਲ ਦੇ ਮੁਕੰਮਲ ਹੋ ਜਾਣ ਦੇ ਬਾਅਦ ਖ਼ੁਦਾ ਦੇ ਕੰਮ ਕਰਨ ਦਾ ਤਰੀਕਾ ਬਦਲ ਗਿਆ ਹੈ ਅਤੇ ਇਸ ਨੂੰ ''ਖ਼ੁਦਾ ਵੱਲੋਂ ਮੁਹੱਈਆ ਕਰਵਾਉਣਾ'' ਆਖਿਆ ਜਾਂਦਾ ਹੈ। ਆਓ ਬਾਈਬਲ ਵਿਚ ਚੱਲ ਕੇ ਕੁਝ ਵਾਧੂ ਉਦਾਹਰਣਾਂ ਨੂੰ ਵੇਖਦੇ ਹਾਂ।

ਯੋਨਾਥਾਨ ਅਤੇ ਉਸ ਦੇ ਹਥਿਆਰ ਢੋਣ ਵਾਲੇ ਦੀ ਉਸ ਲੜਾਈ ਦੀ ਕਹਾਣੀ ਹੈ ਜਿਸ ਵਿਚ ਉਹ ਫ਼ਲਿਸਤੀਆਂ ਦੇ ਨਾਲ ਲੜੇ ਸਨ। ਅਸੀਂ ਉੱਥੇ ਖ਼ੁਦਾ ਦੀ ਮਦਦ ਦੇ ਰੱਬੀ ਇੰਤਜ਼ਾਮ ਨੂੰ ਵੇਖ ਸਕਦੇ ਹਾਂ:

''ਤਦ ਯੋਨਾਥਾਨ ਨੇ ਉਸ ਜੁਆਨ ਨੂੰ ਜੋ ਉਸ ਦੇ ਸ਼ਸਤ੍ਰ ਚੁੱਕਦਾ ਸੀ ਆਖਿਆ, ਚੱਲ ਅਸੀਂ ਉੱਥੋਂ ਉਨ੍ਹਾਂ ਅਸੁੰਨਤੀਆਂ ਦੀ ਚੌਂਕੀ ਵੱਲ ਚੱਲੀਏ। ਕੀ ਜਾਣੀਏ ਜੋ ਯਹੋਵਾਹ ਸਾਡੇ ਲਈ ਕੰਮ ਸੁਆਰੇ ਕਿਉਂ ਜੋ ਯਹੋਵਾਹ ਅੱਗੇ ਕੁਝ ਔਖ ਨਹੀਂ ਜੋ ਬਹੁਤਿਆਂ ਨਾਲ ਛੁਟਕਾਰਾ ਕਰੇ ਯਾ ਥੋੜਿਆਂ ਨਾਲ। ਉਹ ਦੇ ਸ਼ਸਤ੍ਰ ਚੁੱਕਣ ਵਾਲੇ ਨੇ ਉਸ ਨੂੰ ਆਖਿਆ, ਜੋ ਤੁਹਾਡੇ ਮਨ ਵਿੱਚ ਹੈ ਸੋ ਕਰੋ। ਤੁਰੋ ਅਤੇ ਵੇਖੋ, ਮੈਂ ਤਾਂ ਤੁਹਾਡੇ ਮਨ ਦੇ ਅਨੁਸਾਰ ਤੁਹਾਡੇ ਨਾਲ ਹੀ ਹਾਂ।

ਤਦ ਯੋਨਾਥਾਨ ਬੋਲਿਆ, ਵੇਖੋ ਅਸੀਂ ਉਨ੍ਹਾਂ ਲੋਕਾਂ ਕੋਲ ਪਾਰ ਲੰਘ ਕੇ ਉਨ੍ਹਾਂ ਕੋਲ ਆਪ ਨੂੰ ਪਰਗਟ ਕਰਾਂਗੇ। ਅਤੇ ਜੇ ਓਹ ਸਾਨੂੰ ਇਹ ਆਖਣ, ਜਦ ਤੋੜੀ ਅਸੀਂ ਤੁਹਾਡੇ ਕੋਲ ਨਾ ਆਈਏ ਠਹਿਰ ਜਾਓ ਤਾਂ ਅਸੀਂ ਆਪਣੇ ਥਾਂ ਖਲੋਤੇ ਰਹਾਂਗੇ ਅਰ ਉਨ੍ਹਾਂ ਕੋਲ ਨਾ ਚੜ੍ਹਾਂਗੇ। ਪਰ ਜੇ ਓਹ ਐਉਂ ਆਖਣ, ਸਾਡੇ ਕੋਲ ਚੜ੍ਹ ਆਓ ਤਾਂ ਅਸੀਂ ਚੜ੍ਹਾਂਗੇ ਕਿਉਂ ਜੋ ਯਹੋਵਾਹ ਨੇ ਉਨ੍ਹਾਂ ਨੂੰ ਸਾਡੇ ਹੱਥ ਸੌਂਪ ਦਿੱਤਾ ਅਤੇ ਇਹ ਸਾਡੇ ਲਈ ਇਕ ਨਿਸ਼ਾਨੀ ਹੋਵੇਗੀ।

ਤਦ ਉਨ੍ਹਾਂ ਦੋਹਾਂ ਨੇ ਫਲਿਸਤੀਆਂ ਦੀ ਚੌਂਕੀ ਅੱਗੇ ਆਪਣੇ ਆਪ ਨੂੰ ਪਰਗਟ ਕੀਤਾ ਅਤੇ ਫਲਿਸਤੀ ਬੋਲੇ, ਵੇਖੋ, ਇਬਰਾਨੀ ਉਨ੍ਹਾਂ ਖੁੱਡਾਂ ਵਿੱਚੋਂ ਇੱਕਲੇ ਆਉਂਦੇ ਹਨ ਜਿੱਥੇ ਓਹ ਲੁਕੇ ਸਨ! ਅਤੇ ਚੌਂਕੀ ਦੇ ਮਨੁੱਖਾਂ ਨੇ ਯੋਨਾਥਾਨ ਅਤੇ ਉਹ ਦੇ ਸ਼ਸਤ੍ਰ ਚੁੱਕਣ ਵਾਲੇ ਨੂੰ ਆਖਿਆ, ਸਾਡੇ ਕੋਲ ਚੜ੍ਹ ਆਓ ਤਾਂ ਅਸੀਂ ਤੁਹਾਨੂੰ ਇਕ ਗੱਲ ਦੱਸਾਂਗੇ,

ਸੋ ਯੋਨਾਥਾਨ ਨੇ ਆਪਣੇ ਸ਼ਸਤ੍ਰ ਚੁੱਕਣ ਵਾਲੇ ਨੂੰ ਆਖਿਆ, ਹੁਣ ਮੇਰੇ ਮਗਰ

ਚੜ੍ਹ ਆ ਕਿਉਂਜੋ ਯਹੋਵਾਹ ਨੇ ਉਨ੍ਹਾਂ ਨੂੰ ਇਸਰਾਏਲ ਦੇ ਵੱਸ ਪਾ ਦਿੱਤਾ ਹੈ। ਅਤੇ ਯੋਨਾਥਾਨ ਆਪਣੇ ਹੱਥਾਂ ਅਤੇ ਪੈਰਾਂ ਦੇ ਭਾਰ ਚੜ੍ਹ ਗਿਆ ਅਤੇ ਉਹ ਦਾ ਸ਼ਸਤ੍ਰ ਚੁੱਕਣ ਵਾਲਾ ਭੀ ਉਹ ਦੇ ਮਗਰ ਮਗਰ ਹੋਇਆ ਅਤੇ ਉਹ ਯੋਨਾਥਾਨ ਦੇ ਅੱਗੇ ਅੱਗੇ ਡਿੱਗੀ ਜਾਂਦੇ ਸਨ ਅਤੇ ਉਹ ਦਾ ਸ਼ਸਤ੍ਰ ਚੁੱਕਣ ਵਾਲਾ ਭੀ ਉਹਦੇ ਮਗਰ ਮਗਰ ਵੱਢੀ ਜਾਂਦਾ ਸੀ। ਸੋ ਇਹ ਪਹਿਲੀ ਵਾਢ ਜੋ ਯੋਨਾਥਾਨ ਤੇ ਉਹ ਦੇ ਸ਼ਸਤ੍ਰ ਚੁੱਕਣ ਵਾਲੇ ਨੇ ਕੀਤੀ **ਵੀਹਕੁ ਮਨੁੱਖਾਂ ਦੀ ਸੀ** ਅਤੇ ਅੱਧੀਕ ਬਿਘਾ ਪੈਲੀ ਵਿਚ ਹੋਈ।

**ਤਦ ਡੇਰੇ ਅਤੇ ਰੜੇ ਅਤੇ ਸਾਰਿਆਂ ਲੋਕਾਂ ਵਿਚ ਕੰਬਣੀ ਛਿੜ ਪਈ ਅਤੇ ਉਹ ਚੌਂਕੀ ਅਤੇ ਲੁਟੇਰੇ ਵੀ ਕੰਬੇ ਅਤੇ ਧਰਤੀ ਵਿਚ ਭੁੰਚਾਲ ਆਇਆ ਅਤੇ ਇਹ ਜਾਣੋ ਪਰਮੇਸ਼ੁਰ ਵੱਲੋਂ ਕੰਬਣੀ ਸੀ। ਸ਼ਾਊਲ ਦੇ ਪਾਹਰੂਆਂ ਨੇ ਜੋ ਬਿਨਯਾਮੀਨ ਦੇ ਗਿਬਆਹ ਵਿਚ ਸਨ, ਡਿੱਠਾ ਤਾਂ ਵੇਖੋ, ਉਸ ਦਲ ਦੇ ਲੋਕ ਢਲੇ ਜਾਂਦੇ ਸਨ ਅਤੇ ਉਹ ਐਧਰ ਉੱਧਰ ਤੁਰੇ ਜਾਂਦੇ ਸਨ''** (1 ਸਮੂਏਲ 14:6—16)।

ਹੁਣ ਕੁਝ ਸਵਾਲ: ਭਲਾ ਯੋਨਾਥਾਨ ਨੂੰ ਖ਼ੁਦਾ ਨੇ ਆਖਿਆ ਕਿ ਉਹ ਜਾ ਕੇ ਇਸਰਾਏਲ ਦੇ ਵੈਰੀਆਂ ਨਾਲ ਲੜੇ? ਨਹੀਂ। ਭਲਾ ਖ਼ੁਦਾ ਨੇ ਯੋਨਾਥਾਨ ਨੂੰ ਦੱਸਿਆ ਕਿ ਉਹ ਇਸ ਨਿਸ਼ਾਨੀ ਵਜੋਂ ਕਿ ਖ਼ੁਦਾ ਜੰਗ ਵਿਚ ਉਨ੍ਹਾਂ ਦੀ ਮਦਦ ਕਰੇਗਾ, ਕਿਸ ਨਿਸ਼ਾਨ ਨੂੰ ਵਰਤੇ? ਨਹੀਂ।

ਯੋਨਾਥਾਨ ਨੇ ਜਿਹੜਾ ਨਿਸ਼ਾਨ ਦੱਸਿਆ ਉਹ ਇਹ ਸੀ ਕਿ ਫ਼ਲਿਸਤੀ ਉਸ ਨੂੰ ਪਹਾੜੀ ਦੀ ਢਲਾਣ ਦੇ ਉੱਤੇ ਆਉਣ ਲਈ ਕਹਿਣਗੇ। ਚੜ੍ਹਾਈ ਚੜ੍ਹਦਿਆਂ ਆਪਣੇ ਹੱਥਾਂ ਅਤੇ ਗੋਡਿਆਂ ਭਾਰ ਹੋਣ ਕਰਕੇ ਫ਼ਲਿਸਤੀਆਂ ਲਈ ਉਨ੍ਹਾਂ ਨੂੰ ਮਾਰ ਸੁੱਟਣਾ ਅਸਾਨ ਹੋਣਾ ਸੀ, ਸੋ ਉਹ ਚੜ੍ਹਾਈ ਸ਼ੁਰੂ ਕਰਨ ਲਈ ਯੋਨਾਥਾਨ ਦੇ ਅੰਦਰ ਵਿਸ਼ਵਾਸ ਬਹੁਤ ਵੱਧ ਹੋਣਾ ਜ਼ਰੂਰੀ ਸੀ। ਪਰ ਉਹ ਚੜ੍ਹ ਗਿਆ ਅਤੇ ਉਨ੍ਹਾਂ ਨੂੰ ਵੱਡੀ ਫ਼ਤਹਿ ਮਿਲੀ। ਬਾਈਬਲ ਇਹ ਨਹੀਂ ਦੱਸਦੀ ਕਿ ਉੱਥੇ ਸਿਪਾਹੀਆਂ ਨੂੰ ਮਾਰਦੇ ਹੋਏ ਉਨ੍ਹਾਂ ਨੂੰ ਕੋਈ ਫ਼ਰਿਸ਼ਤਾ ਨਜ਼ਰ ਆਇਆ ਹੋਵੇ! ਭੁਚਾਲ ਦਾ ਆਉਣਾ ਕੁਦਰਤੀ ਤੌਰ ਤੇ ਹੁੰਦਾ ਹੀ ਰਹਿੰਦਾ ਹੈ? ਹਾਂ, ਭੁਚਾਲ ਆਉਂਦੇ ਰਹਿੰਦੇ ਹਨ! ਸੋ ਅਸੀਂ ਕਹਾਂਗੇ ਕਿ ਖ਼ੁਦਾ ਨੇ ਇਸਰਾਏਲ ਦੇ ਵੈਰੀਆਂ ਨੂੰ ਹਰਾਉਣ ਲਈ ਯੋਨਾਥਾਨ ਅਤੇ ਉਸ ਦੇ ਹਥਿਆਰ ਢੋਣ ਵਾਲੇ ਦੀ ਮਦਦ ਰੱਬੀ ਇੰਤਜ਼ਾਮ ਦੇ ਰਾਹੀਂ ਕਰਨ ਲਈ ਕੁਦਰਤ ਨੂੰ ਵਰਤਿਆ।

ਇਕ ਹੋਰ ਵਾਰ ਪਰਦੇ ਦੇ ਪਿੱਛੋਂ ਖ਼ੁਦਾ ਨੇ ਇਸਰਾਏਲੀਆਂ ਲਈ ਲੜਾਈ ਲੜੀ ਤਾਂ ਜੋ ਕਿਸੇ ਨੂੰ ਕੋਈ ਫ਼ਰਿਸ਼ਤਾ ਨਜ਼ਰ ਨਾ ਆਵੇ ਜਾਂ ਇਹ ਨਾ ਲੱਗੇ ਕਿ ਖ਼ੁਦਾ ਕੰਮ ਕਰ ਰਿਹਾ ਹੈ, ਜਦੋਂ ਅੱਸ਼ੂਰ ਦੇ ਰਾਜੇ ਸਨਹੇਰੀਬ ਨੇ ਯਰੂਸ਼ਲਮ ਨੂੰ ਪੂਰੀ ਤਰ੍ਹਾਂ ਨਾਲ ਬਰਬਾਦ ਕਰਨ ਦੀ ਯੋਜਨਾ ਬਣਾ ਕੇ ਸ਼ਹਿਰ ਨੂੰ ਘੇਰਾ ਪਾ ਲਿਆ ਸੀ।

''ਉਸ ਦੇ ਮਗਰੋਂ ਅੱਸ਼ੂਰ ਦੇ ਪਾਤਸ਼ਾਹ ਸਨਹੇਰੀਬ ਨੇ ਜੋ ਆਪਣੇ ਸਾਰੇ

ਮਹੈਣ ਸਣੇ ਲਕੀਸ਼ ਦੇ ਸਾਹਮਣੇ ਡੇਰੇ ਲਾਈ ਪਿਆ ਸੀ ਆਪਣੇ ਨੌਕਰ ਯਰੂਸ਼ਲਮ ਵੱਲ ਯਹੂਦਾਹ ਦੇ ਪਾਤਸ਼ਾਹ ਹਿਜ਼ਕੀਯਾਹ ਦੇ ਕੋਲ ਅਤੇ ਸਾਰੇ ਯਹੂਦਾਹ ਕੋਲ ਜੋ ਯਰੂਸ਼ਲਮ ਵਿੱਚ ਸਨ ਏਹ ਆਖਣ ਲਈ ਘੱਲੇ ਕਿ ਸਨਹੇਰੀਬ ਅੱਸ਼ੂਰ ਦਾ ਪਾਤਸ਼ਾਹ ਐਉਂ ਫ਼ਰਮਾਉਂਦਾ ਹੈ, ਤੁਹਾਡਾ ਕਿਸ ਉੱਤੇ ਭਰੋਸਾ ਹੈ ਤੁਸੀਂ ਜੋ ਯਰੂਸ਼ਲਮ ਵਿੱਚ ਬੱਝੇ ਬੈਠੇ ਹੋ?

ਤਾਂ ਹਿਜ਼ਕੀਯਾਹ ਪਾਤਸ਼ਾਹ ਅਤੇ ਆਮੋਸ ਦੇ ਪੁੱਤਰ ਯਸਾਯਾਹ ਨਬੀ ਨੇ ਪ੍ਰਾਰਥਨਾ ਕੀਤੀ ਅਤੇ ਅਕਾਸ਼ ਵੱਲ ਦੁਹਾਈ ਦਿੱਤੀ। ਤਾਂ ਯਹੋਵਾਹ ਨੇ ਇਕ ਦੂਤ ਨੂੰ ਘੱਲਿਆ ਜਿਸ ਨੇ ਅੱਸ਼ੂਰ ਦੇ ਪਾਤਸ਼ਾਹ ਦੇ ਲਸ਼ਕਰ ਵਿੱਚੋਂ ਸਾਰੇ ਸੂਰਬੀਰਾਂ ਨੂੰ ਅਤੇ ਅਫ਼ਸਰਾਂ ਨੂੰ ਅਤੇ ਸਰਦਾਰਾਂ ਨੂੰ ਮਾਰ ਸੁੱਟਿਆ! ਸੋ ਉਹ ਸ਼ਰਮਿੰਦਾ ਹੋ ਕੇ ਆਪਣੇ ਦੇਸ ਨੂੰ ਮੁੜ ਗਿਆ ਅਤੇ ਜਦ ਉਹ ਆਪਣੇ ਦੇਵਤੇ ਦੇ ਮੰਦਰ ਵਿਚ ਗਿਆ ਤਾਂ ਉਹ ਦੀ ਅੰਸ ਵਿੱਚੋਂ ਹੀ ਕਿਸੇ ਉਹ ਨੂੰ ਉੱਥੇ ਹੀ ਤਲਵਾਰ ਨਾਲ ਵੱਢ ਸੁੱਟਿਆ'' (2 ਇਤਿਹਾਸ 32:9, 10, 19–21)।

ਵਚਨ ਸਾਨੂੰ ਦੱਸਦਾ ਹੈ ਕਿ ਖ਼ੁਦਾ ਨੇ ਇਕ ਫ਼ਰਿਸ਼ਤੇ ਨੂੰ ਘੱਲਿਆ, ਪਰ ਇਤਿਹਾਸ ਦੱਸਦਾ ਹੈ ਕਿ ਪੂਰੀ ਫੌਜ ਉਸ ਖ਼ਤਰਨਾਕ ਬਿਮਾਰੀ ਨਾਲ ਮਰ ਗਈ ਜਿਹੜੀ ਉਨ੍ਹਾਂ ਉੱਤੇ ਪਈ ਸੀ! ਅਸਲ ਵਿਚ ਕਿਸੇ ਨੇ ਕੋਈ ਫ਼ਰਿਸ਼ਤਾ ਨਹੀਂ ਵੇਖਿਆ ਸੀ!

ਇਬਰਾਨੀਆਂ 1:14 ਦੇ ਅਨੁਸਾਰ, ''**ਭਲਾ** [ਫ਼ਰਿਸ਼ਤੇ] **ਸੱਭੇ ਸੇਵਾ ਕਰਨ ਵਾਲੇ ਆਤਮੇ ਨਹੀਂ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਘੱਲੇ ਜਾਂਦੇ ਹਨ?**''

ਇਕ ਵਾਰ ਸੀਰੀਆ ਦਾ ਰਾਜਾ ਅਲੀਸ਼ਾ ਨਬੀ ਦੇ ਖ਼ਿਲਾਫ਼ ਹੋ ਗਿਆ। ਜੋ ਕੁਝ ਹੋਇਆ ਉਸਦਾ ਵੇਰਵਾ ਬਾਈਬਲ ਵਿਚ ਇਓਂ ਲਿਖਿਆ ਹੈ: ''**ਸੋ** [**ਰਾਜੇ**] **ਨੇ ਘੋੜਿਆਂ, ਰਥਾਂ ਤੇ ਇਕ ਤਕੜੀ ਫੌਜ ਨੂੰ ਓਧਰ ਘੱਲਿਆ ਅਤੇ ਉਨਾਂ ਨੇ ਰਾਤੋ ਰਾਤ ਆ ਕੇ ਸ਼ਹਿਰ ਨੂੰ ਘੇਰ ਲਿਆ। ਜਦ ਪਰਮੇਸ਼ੁਰ ਦੇ ਜਨ ਦਾ ਟਹਿਲੂਆਂ ਸਵੇਰੇ ਉੱਠ ਕੇ ਬਾਹਰ ਗਿਆ ਤਾਂ ਵੇਖਿਆ ਭਈ ਇਕ ਫੌਜ ਨੇ ਘੋੜਿਆਂ ਤੇ ਰਥਾਂ ਨਾਲ ਸ਼ਹਿਰ ਨੂੰ ਘੇਰਿਆ ਹੋਇਆ ਹੈ। ਤਦ ਉਸ ਦੇ ਟਹਿਲੂਏ ਨੇ ਉਸ ਨੂੰ ਆਖਿਆ, ਹਾਏ ਮੇਰੇ ਸੁਆਮੀ ਜੀ, ਅਸੀਂ ਕੀ ਕਰੀਏ? ਉਸ ਨੇ ਆਖਿਆ, ਨਾ ਡਰ ਕਿਉਂ ਜੋ ਸਾਡੇ ਨਾਲ ਦੇ ਉਨ੍ਹਾਂ ਦੇ ਨਾਲ ਦਿਆਂ ਨਾਲੋਂ ਬਾਹਲੇ ਹਨ। ਤਦ ਅਲੀਸ਼ਾ ਨੇ ਬੇਨਤੀ ਕੀਤੀ ਤੇ ਆਖਿਆ, ਹੇ ਯਹੋਵਾਹ, ਤੂੰ ਉਹ ਦੀਆਂ ਅੱਖਾਂ ਖੋਲ੍ਹ ਭਈ ਉਹ ਵੇਖੇ ਅਤੇ ਯਹੋਵਾਹ ਨੇ ਉਸ ਜਵਾਨ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਅਤੇ ਉਹ ਨੇ ਨਿਗਾਹ ਕਰਕੇ ਵੇਖਿਆ ਭਈ ਅਲੀਸ਼ਾ ਦੇ ਦੁਆਲੇ ਦਾ ਪਹਾੜ ਅਗਨ ਦੇ ਘੋੜਿਆਂ ਅਤੇ ਰੱਥਾਂ ਨਾਲ ਭਰਿਆ ਹੋਇਆ ਹੈ**'' (2 ਰਾਜਿਆਂ 6:14–16)।

ਸੋ ਅਲੀਸ਼ਾ ਦੀ ਰਖਵਾਲੀ ਲਈ ਉਹ ਪੂਰੀ ਥਾਂ ਫਰਿਸ਼ਤਿਆਂ ਨਾਲ ਭਰ ਗਈ, ਭਾਵੇਂ ਕਿਸੇ ਨੂੰ ਕੋਈ ਫ਼ਰਿਸ਼ਤਾ ਨਜ਼ਰ ਨਹੀਂ ਆਇਆ! ਖ਼ੁਦਾ ਦਾ ਰੱਬੀ ਇੰਤਜ਼ਾਮ ਕੰਮ ਕਰਦਾ ਹੈ!

ਅੱਜ ਅਕਸਰ ਲੋਕ ਆਪਣੀਆਂ ਜ਼ਿੰਦਗੀਆਂ ਵਿਚ ਕੁਝ ਅਜਿਹਾ ਹੋਣ ਤੇ ਜਿਸ ਦੀ ਉਮੀਦ ਨਾ ਹੋਵੇ, ਪੁਕਾਰ ਉੱਠਦੇ ਹਨ, **ਚਮਤਕਾਰ ਹੋ ਗਿਆ !** **ਪਰ ਅਸਲ ਚਮਤਕਾਰ ਕੀ ਹੈ? ਇਹ ਮੁਰਦਿਆਂ ਨੂੰ ਜ਼ਿੰਦਾ ਕਰਨ, ਲੰਗੜਿਆਂ ਨੂੰ ਲੱਤਾਂ ਦੇਣ, ਟੁੱਟੇ ਹੱਥ ਵਾਲੇ ਦਾ ਹੱਥ ਲਾਉਣ ਜਾਂ ਅੰਨ੍ਹਿਆਂ ਨੂੰ ਸੁਜਾਖੇ ਕਰਨ ਵਰਗਾ ਕੁਦਰਤ ਦੇ ਨਿਯਮ ਉਲਟ ਕੰਮ ਹੈ।**

ਇਸ ਦੇ ਉਲਟ ਆਓ ''ਰੱਬੀ ਇੰਤਜਾਮ'' ਦੇ ਰਾਹੀਂ ਖ਼ੁਦਾ ਦੇ ਕੰਮ ਕਰਨ ਦੀ ਬਾਈਬਲ ਦੀ ਇਕ ਹੋਰ ਬੇਹਤਰੀਨ ਉਦਾਹਰਣ ਵੇਖਦੇ ਹਾਂ। **ਰੱਬੀ ਇੰਤਜ਼ਾਮ ਕੀ ਹੈ? ਇਹ ਖ਼ੁਦਾ ਦੇ ਕੁਦਰਤ ਦੇ ਨਿਯਮਾਂ ਨੂੰ ਤੋੜੇ ਬਗੈਰ ਜਿਹੜੇ ਉਸ ਨੇ ਆਦਮ ਅਤੇ ਹੱਵ੍ਵਾ ਦੇ ਪਾਪ ਕਰਨ ਕਰਕੇ ਤੈਅ ਕੀਤੇ ਸਨ, ''ਆਪਣੇ ਇਖ਼ਤਿਆਰ ਨਾਲ, ਪਰਦੇ ਦੇ ਮਗਰ'' ਕਿਸੇ ਵੀ ਚੀਜ਼ ਦੀ ਵਰਤੋਂ ਕਰਨਾ ਹੈ।** ਰੋਮੀਆਂ 15:30–32 ਵਿਚ ਪੌਲੁਸ ਨੇ ਰੋਮ ਦੀ ਕਲੀਸੀਆ ਅੱਗੇ ਇਹ ਬੇਨਤੀ ਕੀਤੀ **''ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਮਿੱਤ ਅਰ ਆਤਮਾ ਦੇ ਪ੍ਰੇਮ ਦੇ ਨਮਿੱਤ ਮੈਂ ਤੁਹਾਡੀ ਮਿੰਨਤ ਕਰਦਾ ਹਾਂ ਜੋ ਤੁਸੀਂ ਪਰਮੇਸ਼ੁਰ ਦੇ ਅੱਗੇ ਮਰੇ ਲਈ ਪ੍ਰਾਰਥਨਾ ਕਰਨ ਵਿਚ ਮੇਰੇ ਨਾਲ ਜਤਨ ਕਰੋ। (1) ਭਈ ਉਨ੍ਹਾਂ ਤੋਂ ਜਿਹੜੇ ਯਹੂਦੀਆ ਵਿਚ ਬੇਪਰਤੀਤੇ ਹਨ ਮੈਂ ਬਚਾਇਆ ਜਾਵਾਂ, ਨਾਲੇ (2) ਮੇਰੀ ਉਹ ਸੇਵਾ ਜੋ ਯਰੂਸ਼ਲਮ ਦੇ ਲਈ ਹੋਣ ਵਾਲੀ ਹੈ ਸੋ ਸੰਤਾਂ ਨੂੰ ਪਰਵਾਨ ਹੋਵੇ। (3) ਤਾਂ ਜੋ ਮੈਂ ਪਰਮੇਸ਼ੁਰ ਦੀ ਇੱਛਿਆ ਨਾਲ ਤੁਹਾਡੇ ਕੋਲ ਅਨੰਦ ਨਾਲ ਆਵਾਂ ਅਤੇ ਤੁਹਾਡੇ ਨਾਲ ਸੁਖ ਪਾਵਾਂ।''** ਖ਼ੁਦਾ ਨੇ ਉਨ੍ਹਾਂ ਦੁਆਵਾਂ ਦਾ ਜਵਾਬ ਦਿੱਤਾ, ਪਰ ਚਮਤਕਾਰਾਂ ਦੇ ਰਾਹੀਂ ਨਹੀਂ!

ਦੂਜੀ ਗੱਲ ਜਿਹਦੇ ਲਈ ਰੋਮ ਦੇ ਮਸੀਹੀਆਂ ਨੂੰ ਦੁਆ ਕਰਨ ਲਈ ਆਖਿਆ ਗਿਆ ਸੀ, ਇਹ ਸੀ ਕਿ ਪੌਲੁਸ ਨੂੰ ਯਰੂਸ਼ਲਮ ਦੀ ਕਲੀਸੀਆ ਵੱਲੋਂ ਗ੍ਰਹਿਣ ਕੀਤਾ ਜਾਵੇ। **ਰਸੂਲਾਂ ਦੇ ਕਰਤੱਬ 21: 15–20** ਵਿਚ ਲਿਖਿਆ ਹੈ ਕਿ ਕੈਸਰੀਆ ਅਤੇ ਕੁਪਰੁਸ ਤੋਂ ਭਾਈ ਪੌਲੁਸ ਦੇ ਨਾਲ ਗਏ, **''ਜਾਂ ਅਸੀਂ ਯਰੂਸ਼ਲਮ ਵਿਚ ਆ ਪਹੁੰਦੇ ਤਾਂ ਭਾਈਆਂ ਨੇ ਖੁਸ਼ੀ ਨਾਲ ਸਾਡੀ ਆਗਤ ਭਾਗਤ ਕੀਤੀ। ਦੂਜੇ ਦਿਨ ਪੌਲੁਸ ਸਾਡੇ ਨਾਲ ਯਾਕੂਬ ਦੇ ਘਰ ਗਿਆ ਅਤੇ ਸਾਰੇ ਬਜ਼ੁਰਗ ਉੱਥੇ ਹਾਜ਼ਰ ਸਨ। ਅਤੇ ਉਸ ਨੇ ਉਨ੍ਹਾਂ ਨੂੰ ਪਰਨਾਮ ਕਰ ਕੇ ਜੋ ਜੋ ਕੰਮ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਵਿਚ ਉਹ ਦੀ ਟਹਿਲ ਦੇ ਵਸੀਲੇ ਨਾਲ ਕੀਤੇ ਸਨ ਇਕ ਇਕ ਕਰਕੇ ਸੁਣਾ ਦਿੱਤੇ। ਸੋ ਉਨ੍ਹਾਂ ਸੁਣ ਕੇ ਪਰਮੇਸ਼ੁਰ ਦੀ ਵਡਿਆਈ ਕੀਤੀ।''**

ਖ਼ੁਦਾ ਨੇ ਪੌਲੁਸ ਨੂੰ ਉਨ੍ਹਾਂ ਦੇ ਹੱਥੋਂ ਜਿਹੜੇ ਪੌਲੁਸ ਦੀ ਜਾਨ ਦੇ ਪਿੱਛੇ ਪਏ ਸਨ

ਕਿਉਂ ਛੁਡਾਇਆ ਜਿਹਦੇ ਲਈ ਉਹ ਨੇ ਦੁਆ ਵਿਚ ਪਹਿਲੀ ਬੇਨਤੀ ਕੀਤੀ? **ਰਸੂਲਾਂ ਦੇ ਕਰਤੱਬ 22:22–25:** ਜਦ ਯਹੂਦੀਆਂ ਦੀ ਭੀੜ ਡੰਡ ਪਾਉਣ ਲੱਗੀ ਕਿ ਪੌਲੁਸ ਜ਼ਿੰਦਾ ਰਹਿਣ ਦੇ ਕਾਬਿਲ ਨਹੀਂ ਹੈ ਤਾਂ **ਖ਼ੁਦਾ ਨੇ ਉਸ ਨੂੰ ਬਚਾਉਣ ਲਈ ਰੋਮੀ ਫੌਜ ਦੇ ਜਰਨੈਲ ਨੂੰ ਵਰਤਿਆ। ਰਸੂਲਾਂ ਦੇ ਕਰਤੱਬ 23:11–22:** ਉਹਦੀ ਗਿਰਫ਼ਤਾਰੀ ਦੇ ਬਾਅਦ ਜਰਨੈਲ ਨੂੰ ਇਹ ਸੰਦੇਸ਼ ਭੇਜਣ ਲਈ ਕਿ ਉਸ ਨੂੰ ਆਪਣੇ ਬਚਾਅ ਲਈ ਸਭਾ ਦੇ ਸਾਹਮਣੇ ਲਿਜਾਏ ਜਾਣ ਵੇਲੇ ਯਹੂਦੀ ਆਗੂ ਦੇ ਕਤਲ ਕਰਨ ਦੀਆਂ ਯੋਜਨਾ ਬਣਾ ਰਹੇ ਹਨ, ਉਸ ਦੇ ਭਾਣਜੇ ਨੂੰ ਵਰਤਿਆ। **ਰਸੂਲਾਂ ਦੇ ਕਰਤੱਬ 23:23–31: ਜਵਾਬ ਵਿਚ ਜਰਨੈਲ ਨੇ ਸੂਬੇਦਾਰਾਂ ਨੂੰ ਸੱਦ ਕੇ 200 ਸਿਪਾਹੀ, 70 ਸਵਾਰ ਅਤੇ 200 ਭਾਲੇਬਰਦਾਰ (ਤਿਆਰ ਰੱਖਣ ਲਈ) ਪਹਿਰ ਰਾਤ ਬੀਤਣ ਤੇ ਕੈਦੀ ਨੂੰ ਸੁਰੱਖਿਅਤ ਲਿਆਉਣ ਲਈ ਇਕੱਠੇ ਕਰਨ ਲਈ ਆਖਿਆ। ਰਸੂਲਾਂ ਦੇ ਕਰਤੱਬ 25:12:** ਫੇਰ ਜਦ ਯਹੂਦੀ ਆਗੂਆਂ ਨੇ ਬਗਾਵਤ ਦਾ ਇਲਜ਼ਾਮ ਲਾਇਆ, ਤਾਂ ਰੋਮੀ ਨਾਗਰਿਕ ਦੇ ਰੂਪ ਵਿਚ ਉਸ ਨੇ ਆਪਣੇ ਬਚਾਅ ਲਈ **ਰੋਮੀ ਕਾਨੂੰਨ ਦੀ ਵਰਤੋਂ ਕਰਦਿਆਂ ਕੈਸਰ ਦੀ ਦੁਹਾਈ ਦਿੱਤੀ।**

ਪੌਲੁਸ ਦੀ **ਤੀਜੀ ਬੇਨਤੀ** ਰੋਮ ਦੀ ਕਲੀਸੀਆ ਨੂੰ ਮਜ਼ਬੂਤ ਕਰਨ ਦੀ ਰੋਮ ਵਿਚ ਉਸ ਇੱਛਾ ਨਾਲ ਜੁੜੀ ਸੀ। ਯਰੂਸ਼ਲਮ ਦੀ ਉਸ ਦੀ ਗਿਰਫ਼ਤਾਰੀ ਤੋਂ ਬਾਅਦ, **ਰਸੂਲਾਂ ਦੇ ਕਰਤੱਬ 27 ਅਤੇ 28:** ਜਦ ਪੌਲੁਸ ਨੂੰ ਕੈਦੀ ਬਣਾ ਕੇ ਸਮੁੰਦਰੀ ਜਹਾਜ਼ ਅਤੇ ਰੋਮ ਵਿਚ ਲਿਜਾਇਆ ਜਾ ਰਿਹਾ ਸੀ ਤਾਂ ਇਕ ਬਹੁਤ ਵੱਡਾ ਤੁਫ਼ਾਨ ਆਇਆ। ਬਹੁਤ ਦਿਨਾਂ ਦੇ ਬਾਅਦ ਪੌਲੁਸ ਨੇ ਮਲਾਹਾਂ ਨੂੰ ਇਹ ਯਕੀਨ ਦੁਆਉਂਦਿਆਂ ਕਿ ਕੋਈ ਨਹੀਂ ਮਰੇਗਾ, ਸਭ ਬਚ ਜਾਣਗੇ, ਖਾਣਾ ਖਾਣ ਲਈ ਆਖਿਆ। **''ਇਹ ਕਹਿ ਕੇ ਉਹ ਨੇ ਰੋਟੀ ਲਈ ਅਤੇ ਸਭਨਾਂ ਦੇ ਸਾਹਮਣੇ ਪਰਮੇਸ਼ੁਰ ਦਾ ਸ਼ੁਕਰ ਕੀਤਾ ਅਤੇ ਭੰਨ ਕੇ ਖਾਣ ਲੱਗਾ। ਤਾਂ ਉਨ੍ਹਾਂ ਸਭਨਾਂ ਨੂੰ ਹੌਸਲਾ ਹੋਇਆ ਅਤੇ ਉਨ੍ਹਾਂ ਆਪ ਵੀ ਅੰਨ ਪਾਣੀ ਖਾਧਾ। ਅਸੀਂ ਸਰਬੱਤ ਦੋ ਸੌ ਛਿਹੱਤਰ ਪ੍ਰਾਣੀ ਉਸ ਜਹਾਜ਼ ਉੱਤੇ ਸਾਂ।**

**ਤਦ ਸਿਪਾਹੀਆਂ ਦੀ ਇਹ ਸਲਾਹ ਹੋਈ ਜੋ ਕੈਦੀਆਂ ਨੂੰ ਮਾਰ ਸੁੱਟੀਏ ਕਿ ਕਿਤੇ ਐਉਂ ਨਾ ਹੋਵੇ ਕਿ ਕੋਈ ਤਰ ਕੇ ਨੱਠ ਜਾਵੇ। ਪਰ ਸੂਬੇਦਾਰ ਨੇ ਜੋ ਇਹ ਚਾਹੁੰਦਾ ਸੀ ਕਿ ਪੌਲੁਸ ਨੂੰ ਬਚਾਵੇ ਉਨ੍ਹਾਂ ਨੂੰ ਇਸ ਇਰਾਦੇ ਤੋਂ ਹਟਾ ਦਿੱਤਾ ਅਤੇ ਹੁਕਮ ਕੀਤਾ ਕਿ ਜਿਨ੍ਹਾਂ ਨੂੰ ਤਰਨਾ ਆਉਂਦਾ ਹੋਵੇ ਸੋ ਛਾਲ ਮਾਰ ਕੇ ਪਹਿਲਾਂ ਧਰਤੀ ਤੇ ਜਾ ਨਿੱਕਲਣ''** (ਰਸੂਲਾਂ ਦੇ ਕਰਤੱਬ 27:35–37, 41, 42)।

ਸੋ ਇੱਥੇ ਖ਼ੁਦਾ ਨੇ ਰੋਮ ਵਿਚ ਆਪਣੀ ਗਵਾਹੀ ਲਈ ਪੌਲੁਸ ਨੂੰ ਲਿਜਾਣ ਲਈ **ਰੋਮੀ ਜਹਾਜ਼, ਮਲਾਹਾਂ ਅਤੇ ਸਿਪਾਹੀਆਂ** ਨੂੰ ਵਰਤਿਆ! **ਜਿਹੜੀਆਂ ਚੀਜ਼ਾਂ ਸਰਕਾਰ ਦੀਆਂ ਵੀ ਹੁੰਦੀਆਂ ਹਨ ਉਹ ਵੀ ਅਸਲ ਵਿਚ ਖ਼ੁਦਾ ਦੀਆਂ ਹੀ ਹਨ! ਸੋ ਪੌਲੁਸ**

**ਦੇ ਸਫ਼ਰ ਦਾ ਖਰਚਾ ਰੋਮ ਦੀ ਸਰਕਾਰ ਨੇ ਅਦਾ ਕਿਤਾ।** ਹੁਣ ਇੱਥੇ ਵੇਖਦੇ ਹਾਂ ਕਿ ਫੇਰ ਤੋਂ ਬਿਨਾਂ ਚਮਤਕਾਰ ਦੀ ਵਰਤੋਂ ਦੇ ਖ਼ੁਦਾ ਨੇ ਜੋ ਕੁਝ ਕੀਤੇ ਜਾਣਾ ਜ਼ਰੂਰੀ ਸੀ, ਆਪਣੇ ਰੱਬੀ ਇੰਤਜ਼ਾਮ ਨਾਲ ਕੀਤਾ। ਤਾਂ ਜੋ ਪੌਲੁਸ ਰੋਮ ਵਿਚ ਸੁਰੱਖਿਅਤ ਪੁੱਜ ਕੇ ਕੈਸਰ ਅੱਗੇ ਅਪੀਲ ਕਰ ਸਕੇ? ਬੇਸ਼ੱਕ ਉੱਥੇ ਰਹਿੰਦਿਆਂ ਉਸ ਨੂੰ ਕਿਰਾਏ ਦੇ ਮਕਾਨ 'ਚ ਰਹਿਣ ਦੀ ਇਜਾਜ਼ਤ ਦਿੱਤੀ ਗਈ, ਤਾਂ ਜੋ ਉਹ ਕਲੀਸੀਆ ਦੇ ਨਾਲ ਮਿਲ ਸਕੇ, ਮਸੀਹੀ ਲੋਕਾਂ ਨੂੰ ਆਤਮਿਕ ਦਾਨ ਦੇ ਸਕੇ ਅਤੇ ਮਸੀਹ ਦੀ ਦੇਹ ਨੂੰ ਮਜ਼ਬੂਤ ਕਰ ਸਕੇ। ਦੁਆਵਾਂ ਦਾ ਜਵਾਬ ਦਿੱਤਾ ਗਿਆ!

# ਰੱਬੀ ਇੰਤਜ਼ਾਮ ਅੱਜ ਕੰਮ ਕਰਦਾ ਹੈ

ਅਜਿਹੇ ਹੀ ਹਾਲਾਤ ਵਿਚ ਅੱਜ ਕਮਿਉਨਿਸਟ ਚੀਨੀ ਸਰਕਾਰ ਮਸੀਹੀਅਤ ਦੀ ਸਿੱਖਿਆ ਦੀ ''ਇਜਾਜ਼ਤ'' ਨਹੀਂ ਦਿੰਦੀ। ਪਰ ਅੰਗ੍ਰੇਜ਼ੀ ਦੇ ਅੰਤਰਰਾਸ਼ਟਰੀ ਭਾਸ਼ਾ ਹੋਣ ਕਰਕੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਕਾਲਜਾਂ ਵਿਚ ਅੰਗ੍ਰੇਜ਼ੀ ਪੜ੍ਹਾਈ ਜਾਵੇ। ਤਾਂ ਉਹ ਕੀ ਕਰਦੇ ਹਨ? ਉਹ ਪੜ੍ਹਾਉਣ ਲਈ ਬਾਹਰੋਂ ਟੀਚਰ ਮੰਗਾਉਂਦੇ ਹਨ। ਸਾਲਾਂ ਤੋਂ ਬਹੁਤ ਸਾਰੇ **ਅਮਰੀਕੀ ਮਸੀਹੀ** ਚੀਨ ਵਿਚ ਰਹਿੰਦਿਆਂ ਈਮਾਨਦਾਰੀ ਨਾਲ ਅੰਗ੍ਰੇਜ਼ੀ ਸਿਖਾ ਰਹੇ ਹਨ। **ਚੀਨ ਵਿਚ ਆਉਣ ਦਾ ਉਨ੍ਹਾਂ ਦਾ ਭਾੜਾ ਸਰਕਾਰ ਦਿੰਦੀ ਹੈ, ਉਨ੍ਹਾਂ ਨੂੰ ਰਹਿਣ ਲਈ ਮਕਾਨ ਦਿੱਤੇ ਜਾਂਦੇ ਹਨ ਅਤੇ ਤਨਖਾਹ ਵੀ ਦਿੱਤੀ ਜਾਂਦੀ ਹੈ।** ਉੱਥੇ ਰਹਿੰਦਿਆਂ ਉਹ ਆਮ ਲੋਕਾਂ ਨੂੰ ਇੰਜੀਲ ਸੁਣਾਉਂਦੇ ਹਨ ਜਿਹਦਾ ਸਰਕਾਰੀ ਅਧਿਕਾਰੀਆਂ ਨੂੰ ਪਤਾ ਤਾਂ ਹੈ ਪਰ ਉਹ ਅਧਿਕਾਰੀ ਉਦੋਂ ਤਕ ਕੋਈ ਦਖ਼ਲ ਨਹੀਂ ਦਿੰਦੇ ਜਦੋਂ ਤਕ ਕੋਈ ਗੜਬੜ ਨਾ ਹੋਵੇ। **ਕਿੰਨੇ ਹਾਸੇ ਵਾਲੀ ਗੱਲ ਹੈ ਕਿ ਚੀਨ ਦੀ ਨਾਸਤਿਕ ਕਮਿਉਨਿਸਟ ਸਰਕਾਰ ਆਪਣੇ ਦੇਸ਼ ਲਈ ਇੰਜੀਲ ਦੇ ਪ੍ਰਚਾਰ ਲਈ ਪੈਸੇ ਦੇ ਰਹੀ ਹੈ ਜਿਸ ਉੱਤੇ ਅਸਲ ਵਿਚ ਇਹ ਰੋਕ ਲਾਉਂਦੀ ਹੈ!**

ਇਸ ਯੁੱਗ ਵਿਚ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਕੰਮ ਕਰਨ ਦੀ ਇਕ ਹੋਰ ਉਦਾਹਰਣ ਮਿਲਦੀ ਹੈ। ਪ੍ਰਚਾਰਕ ਇਕ ਨਵੇਂ ਦੇਸ਼ ਵਿਚ ਜਾਣ ਵਾਲੇ ਹਨ। ਕਈ ਸਾਲਾਂ ਤੋਂ ਉਹ ਭਾਰਤ ਵਿਚ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਹੁਣ ਛੋਟੇ ਜਿਹੇ ਦੇਸ਼ ਸ੍ਰੀ ਲੰਕਾ ਵਿਚ ਹੁਣ ਕੰਮ ਕਰ ਰਹੇ ਅਮਰੀਕੀ ਮਸੀਹੀਆਂ ਦਾ ਇਕ ਪਰਿਵਾਰ ਕਿਸੇ ਨੂੰ ਉੱਥੇ ਆਣ ਕੇ ਪ੍ਰਭੂ ਦੀ ਕਲੀਸੀਆ ਸ਼ੁਰੂ ਕਰਨ ਲਈ ਮਦਦ ਕਰਨ ਲਈ ਆਖ ਰਿਹਾ ਸੀ। ਕੀ ਕਰਨ ਨੂੰ? ਕੀ ਕਰਨ ਨੂੰ? ਪ੍ਰਚਾਰਕ ਖ਼ੁਦਾ ਦੇ ਅੱਗੇ ਸਹੀ ਦਰਵਾਜ਼ੇ ਖੁੱਲ੍ਹਣ ਅਤੇ ਗਲਤ ਦਰਵਾਜ਼ੇ ਬੰਦ ਹੋਣ ਦੀ ਦੁਆ ਕਰ ਰਹੇ ਸਨ। ਉਨ੍ਹਾਂ ਦੇ ਹਿੱਸੇ ਦਾ ਕੰਮ ਵੀਜ਼ਾ [ਦੇਸ਼ ਵਿਚ ਰਹਿਣ ਦੀ ਇਜਾਜ਼ਤ ਲਈ] ਲਈ ਅਪਲਾਈ ਕਰਨਾ ਸੀ। ਪਤੀ ਕੋਲ ਭਾਰਤੀ ਵੀਜ਼ਾ ਹੈ ਸੀ, ਜਿਹਦਾ ਮਤਲਬ ਇਹ ਸੀ ਕਿ ਪਰਿਵਾਰ ਲਈ ਵੀਜ਼ਾ ਹਾਸਿਲ ਕਰਨਾ ਮੁਸ਼ਕਿਲ ਨਹੀਂ

ਹੋਣਾ ਚਾਹੀਦਾ। ਪਰ ਉਨ੍ਹਾਂ ਨੇ ਆਖਿਆ ਕਿ ਜੇ ਪਰਿਵਾਰ ਨੂੰ ਵੀਜ਼ਾ ਮਿਲ ਜਾਵੇ ਤਾਂ ਅਸੀਂ ਇਹ ਮੰਨ ਲਵਾਂਗੇ ਕਿ ਖ਼ੁਦਾ ਚਾਹੁੰਦਾ ਹੈ ਕਿ ਅਸੀਂ ਭਾਰਤ ਵਿਚ ਜਾਈਏ। ਜੇ ਨਾ ਮਿਲਿਆ ਤਾਂ ਅਸੀਂ ਮੰਨ ਲਵਾਂਗੇ ਕਿ ਉਹ ਚਾਹੁੰਦਾ ਹੈ ਕਿ ਅਸੀਂ ਸ੍ਰੀ ਲੰਕਾ ਵਿਚ ਹੀ ਰਹੀਏ।

ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸ ਕਰਕੇ ਉਹ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਚਲੇ ਗਏ ਅਤੇ ਉੱਥੇ ਜਿਹੜਾ ਵੀ ਇੰਜੀਲ ਸੁਣਨ ਨੂੰ ਤਿਆਰ ਹੋਇਆ ਉਹਨੂੰ ਸੁਣਾਉਣ ਲੱਗ ਪਏ। ਪ੍ਰਚਾਰਕਾਂ ਨੇ ਬਾਈਬਲ ਸਟੱਡੀ ਦੇ ਚਾਹਵਾਨ ਲੋਕਾਂ ਲਈ ਹਫ਼ਤਾਵਾਰੀ ਸਕੂਲ ਲਈ ਇਸ਼ਤਿਹਾਰ ਦਿੱਤਾ। ਕਿ ਜੇ ਕੋਈ ਬਾਈਬਲ ਸਟੱਡੀ ਕਰਨ ਦਾ ਚਾਹਵਾਨ ਹੈ ਤਾਂ ਉਨ੍ਹਾਂ ਤੋਂ ਸਟੱਡੀ ਲੈ ਸਕਦਾ ਹੈ। ਇਕ ਪੜ੍ਹਿਆ ਲਿਖਿਆ ਬੰਦਾ ਜਿਹੜਾ ਹੁਣੇ ਹੁਣੇ ਆਪਣੇ ਸਹੁਰੇ ਨਾਲੋਂ ਕਾਰੋਬਾਰ ਨੂੰ ਛੱਡਿਆ ਸੀ ਅਤੇ ਇਸ ਵਕਤ ਉਹਦੇ ਕੋਲ ਕੋਈ ਕੰਮ ਧੰਦਾ ਨਹੀਂ ਸੀ, ਉਸ ਨੇ ਉਸ ਇਸ਼ਤਿਹਾਰ ਨੂੰ ਵੇਖਿਆ। ਉਸ ਨੇ ਮਨ ਵਿਚ ਆਖਿਆ, ''ਮੈਂ ਕੰਮ ਤਾਂ ਕੋਈ ਕਰ ਨਹੀਂ ਰਿਹਾ, ਚਲੋ ਬਾਈਬਲ ਸਕੂਲ ਹੀ ਚਲੇ ਜਾਨੇ ਆਂ।'' ਦੋ ਹਫ਼ਤੇ ਖ਼ਤਮ ਹੋਣ ਤੋਂ ਪਹਿਲਾਂ ਪਹਿਲਾਂ ਉਹਨੇ ਬਪਤਿਸਮਾ ਲੈ ਲਿਆ ਅਤੇ ਉੱਥੇ ਹੋਮ ਬਾਈਬਲ ਸਟੱਡੀ ਵਿਚ ਇਕ ਵੱਡਾ ਮਦਦਗਾਰ ਬਣ ਗਿਆ। ਕੁਝ ਹੀ ਮਹੀਨਿਆਂ ਦੇ ਅੰਦਰ ਅੰਦਰ ਉਹ ਮਿਸ਼ਨਰੀ ਪਰਿਵਾਰ ਭਾਰਤ ਚਲਿਆ ਗਿਆ। ਉਨ੍ਹਾਂ ਦੇ ਰਹਿੰਦਿਆਂ ਲੋਕਾਂ ਨਾਲ ਬਾਈਬਲ ਸਟੱਡੀ ਕਰਨ ਦੇ ਬਾਅਦ ਨਵੀਂ ਦਿੱਲੀ ਵਿਚ ਕਲੀਸੀਆ ਸ਼ੁਰੂ ਹੋ ਗਈ ਅਤੇ ਉਹ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਰੇਡੀਓ ਸਟੇਸ਼ਨਾਂ ਉੱਤੇ ਪ੍ਰੋਗਰਾਮ ਦੇਣ ਦੀ ਸੰਭਾਵਨਾ ਨੂੰ ਤਲਾਸ਼ਣ ਲੱਗ ਪਏ, ਪਰ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਸ ਹਿੰਦੂ ਦੇਸ਼ ਵਿਚ ਮਸੀਹੀ ਧਾਰਮਿਕ ਪ੍ਰਸਾਰਣ ਦੀ ਇਜਾਜ਼ਤ ਨਹੀਂ ਹੈ। ਫਿਰ ਉਨ੍ਹਾਂ ਨੇ ਇਕ ਰੋਮਾਂਚਕਾਰੀ ਖ਼ਬਰ ਸੁਣੀ ਕਿ ਸ੍ਰੀ ਲੰਕਾ ਵਿਚ ''ਦ ਜਾਂਇੰਟ ਇਨ ਏਸ਼ੀਆ'' ਅਖਵਾਉਣ ਵਾਲਾ ਰੇਡੀਓ ਸਟੇਸ਼ਨ ਮਸੀਹੀ ਲੋਕਾਂ ਨੂੰ ਪ੍ਰਸਾਰਣ ਲਈ ਆਪਣੇ ਟਾਵਰਾਂ ਦੀ ਵਰਤੋਂ ਕਰਨ ਦੇ ਰਿਹਾ ਹੈ! ਉਸ ਦੀ ਕਵਰੇਜ ਦੁਨੀਆਂ ਦੇ ਜ਼ਿਆਦਾਤਰ ਪੂਰਵੀ ਹਿੱਸੇ ਤਕ ਹੈ। ਖ਼ੁਦਾ ਦੀ ਕਿੰਨੀ ਵੱਡੀ ਬਰਕਤ ਸੀ! ਉਹ ਮਿਸ਼ਨਰੀ ਭਾਰਤ ਦੇ ਕੁਝ ਪ੍ਰਚਾਰਕਾਂ ਨੂੰ ਜਾਣਦਾ ਸੀ, ਜਿਹੜੇ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਬੋਲ ਸਕਦੇ ਸਨ, ਸੋ ਉਸ ਨੂੰ ਯਕੀਨ ਸੀ ਕਿ ਸਾਰਾ ਇੰਤਜ਼ਾਮ ਹੋ ਸਕਦਾ ਹੈ ਪਰ ਰੇਡੀਓ ਸਟੇਸ਼ਨ ਨਾਲ ਸੰਪਰਕ ਕਰ ਸਕਣ ਵਾਲਾ ਭਰੋਸੇਮੰਦ ਆਦਮੀ ਕਿੱਥੋਂ ਮਿਲੇ? ਪਰ ਹਾਂ! **ਖ਼ੁਦਾ ਸਮੇਂ ਤੋਂ ਅੱਗੇ ਵੇਖ ਰਿਹਾ ਸੀ ਅਤੇ ਇਕ ਜੋਸ਼ੀਲਾ ਭਰੋਸੇਮੰਦ ਮਸੀਹੀ ਕੋਲੰਬੋ ਵਿਚ ਪਹਿਲਾਂ ਹੀ ਤਿਆਰ ਸੀ !**

ਉਹਦੇ ਬਾਅਦ ਕੀ ਹੋਇਆ? ''ਟੀਮ'' ਦੇ ਸਾਲਾਂ ਤੋਂ ਇਕੱਠੇ ਕੰਮ ਕਰਦਿਆਂ

ਭਾਰਤ ਦੇ ਕਰੋੜਾਂ ਲੋਕ ਇਹ ਜਾਣ ਗਏ ਹਨ ਕਿ ਯਿਸੂ ਉਨ੍ਹਾਂ ਦੇ ਲਈ ਮਰਿਆ ਸੀ, ਬਹੁਤਿਆਂ ਨੇ ਉਹਦਾ ਹੁਕਮ ਮੰਨ ਕੇ ਬਪਤਿਸਮਾ ਲੈ ਲਿਆ ਹੈ। ਖ਼ੁਦਾ ਸਭ ਗੱਲਾਂ ਨੂੰ ਮਿਲਾ ਕੇ ਭਲਿਆਈ ਲਈ ਹੀ ਵਰਤਦਾ ਹੈ!

ਮੈਂ ਤੁਹਾਨੂੰ ਇਕ ਹੋਰ ਕਹਾਣੀ ਦੱਸਦੀ ਹਾਂ, ਜਿਸ ਵਿਚ ਖ਼ੁਦਾ ਦੇ ਇੰਤਜਾਮ ਦਾ ਪਤਾ ਲਗਦਾ ਹੈ ਕਿ ਉਹ ਕਿਵੇਂ ਕੰਮ ਕਰਦਾ ਹੈ। ਸਾਨੂੰ ਪਤਾ ਹੈ ਕਿ ਯਿਸੂ ਨੂੰ ਮਸੀਹੀ ਲੋਕਾਂ ਨੂੰ ਸਾਰੀ ਦੁਨੀਆਂ ਵਿਚ ਜਾ ਕੇ ਖੁਸ਼ਖ਼ਬਰੀ ਸੁਣਾਉਣ ਲਈ ਆਖਿਆ ਸੀ ਅਤੇ ਸਾਡਾ ਕੰਮ ਸਚਮੁਚ ਵਿਚ ਜਾ ਕੇ ਹੋਣਾ ਹੈ ਤਾਂ ਜੋ ਲੋਕ ਖ਼ੁਦਾ ਦੇ ਬਾਰੇ ਹੋਰ ਜਾਣਨ ਅਤੇ ਉਸ ਦੇ ਹੁਕਮ ਨੂੰ ਮੰਨਣ। ਪਰ ਖ਼ੁਦਾ ਚਾਹੁੰਦਾ ਹੈ ਕਿ ਅਜਿਹੇ ਲੋਕ ਹੋਣ ਜਿਹੜੇ ਪਹਿਲਾਂ ਤੋਂ ਹੀ ਉਸ ਦੀ ਤਲਾਸ਼ ਵਿਚ ਹੋਣ, ਭਾਵੇਂ ਉਨ੍ਹਾਂ ਨੂੰ ਸਿਖਾਉਣ ਲਈ ਕੋਈ ਅਜੇ ਤਕ ਪਹੁੰਚਿਆ ਨਾ ਹੋਵੇ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਉਹ ਬਹੁਤ ਸਾਰੀਆਂ ਚੀਜ਼ਾਂ ਨੂੰ ਇਕੱਠਾ ਕਰਕੇ ਰੱਬੀ ਇੰਤਜ਼ਾਮ ਦੇ ਰਾਹੀਂ ਇਸਤੇਮਾਲ ਕਰਦਾ ਹੈ!

ਬਰਮਾ ਵਿਚ ਇਕ ਆਦਮੀ **ਰੰਗੂਨ** ਦੇ ਏਅਰਪੋਰਟ ਤੇ ਏਅਰਕੰਟ੍ਰੋਲਰ ਵਜੋਂ ਕੰਮ ਕਰਦਾ ਸੀ। ਇਕ ਦਿਨ ਉਸ ਦੀ ਮੁਲਾਕਾਤ **ਭਾਰਤ** ਦੇ ਇਕ ਆਦਮੀ ਨਾਲ ਹੋਈ ਜਿਹੜਾ ਉਹਦੇ ਵਾਂਗ ਹੀ ਇਕ ਏਅਰਕੰਟ੍ਰੋਲਰ ਸੀ। ਉਹ ਆਪੋ ਵਿਚ ਗੱਲਾਂ ਕਰਨ ਲੱਗ ਪਏ ਅਤੇ ਭਾਰਤੀ ਆਦਮੀ ਨੇ ਕਿਹਾ ਕਿ ਉਹ ਅਮਰੀਕੀ ਲੋਕਾਂ ਦੀ ਮਦਦ ਨਾਲ **ਥਾਈਲੈਂਡ** ਵਿਚ ਇਕ **ਅਮਰੀਕੀ ਮਿਸ਼ਨਰੀ** ਤੋਂ ਬਾਈਬਲ ਕੋਰਸ ਸਿੱਖ ਰਿਹਾ ਹੈ। ਉਸ ਨੇ ਉਹ ਪਤਾ ਉਸ ਬਰਮੀ ਆਦਮੀ ਨੂੰ ਦਿੱਤਾ ਜਿਸ ਨੇ ਕੋਰਸ ਵਾਸਤੇ ਲਿਖਿਆ ਸੀ। ਫਿਰ ਉਸ ਨੇ ਅਤੇ ਉਸ ਦੇ ਪਰਿਵਾਰ ਨੇ ਹਰ ਪਾਠ ਦਾ ਬੜੇ ਧਿਆਨ ਨਾਲ ਅਧਿਐਨ ਕੀਤਾ। ਉਹ ਨੂੰ ਯਕੀਨ ਹੋ ਗਿਆ ਕਿ ਉਹਦੇ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ। ਸੋ **ਥਾਈਲੈਂਡ** ਦੇ ਮਿਸ਼ਨਰੀ ਨੇ ਆਣ ਕੇ ਅੱਗੇ ਅਧਿਐਨ ਕਰਵਾਇਆ ਅਤੇ ਉਨ੍ਹਾਂ ਨੂੰ ਮਸੀਹ ਦੇ ਦੇਹ ਵਿਚ ਬਪਤਿਸਮਾ ਦਿੱਤਾ! ਇਸ ਤਰ੍ਹਾਂ ਨਾਲ ਬਰਮਾ ਵਿਚ ਮਸੀਹ ਦੀ ਕਲੀਸੀਆ ਸ਼ੁਰੂ ਹੋਈ। ਹੁਣ ਉੱਥੇ ਉਸ ਦੇਸ਼ ਵਿਚ ਬਹੁਤ ਸਾਰੇ ਮਸੀਹੀ ਹਨ ਬਲਕਿ ਬਾਈਬਲ ਟ੍ਰੇਨਿੰਗ ਸਕੂਲ ਵੀ ਹਨ। ਪਰ ਇਸ ਵਿਚ ਖ਼ੁਦਾ ਦੀ ਪਹੁੰਚ ਕਿਵੇਂ **ਭਾਰਤ ਤੋਂ ਬਰਮਾ ਤੋਂ ਅਮਰੀਕਾ ਤੋਂ ਥਾਈਲੈਂਡ ਅਤੇ ਫੇਰ ਬਰਮਾ** ਕਈ ਸਾਲਾਂ ਤਕ ਕੰਮ ਕਰਨਾ। ਖ਼ੁਦਾ ਦਾ ਹੱਥ ਛੋਟਾ ਨਹੀਂ ਹੈ ਕਿ ਉਹ ਉਹ ਨਾ ਕਰ ਸਕੇ ਜਿਸ ਦੀ ਲੋੜ ਹੈ, ਅਤੇ ਉਹ ਆਪਣੀਆਂ ਤਿਆਰੀਆਂ ਵਿਚ ਸਮੇਂ ਤੋਂ ਅੱਗੇ ਵੇਖ ਲੈਂਦਾ ਹੈ ਅਤੇ ਇਸ ਗੱਲ ਨੂੰ ਕਦੇ ਨਹੀਂ ਭੁੱਲਦਾ ਕਿ ਉਹ ਸਭ ਗੱਲਾਂ ਨੂੰ ਸੁਣ ਰਿਹਾ ਹੁੰਦਾ ਹੈ!

ਬਾਅਦ ਵਿਚ ਇਹ ਪਾਇਆ ਗਿਆ ਕਿ **ਉੱਤਰ ਪੂਰਬ ਭਾਰਤ** ਵਿਚ **ਛਪਿਆ ਸਾਹਿਤ ਪੱਛਮੀ** ਬਰਮਾ ਦੀ ਹੱਦ ਤੇ ਲੋਕਾਂ ਵਿਚ ਵੰਡਿਆ ਗਿਆ ਅਤੇ ਉੱਥੇ ਕਈ

ਕਲੀਸੀਆਵਾਂ ਬਣ ਗਈਆਂ। ਉਨ੍ਹਾਂ ਵਿਸ਼ਵਾਸੀਆਂ ਵਿੱਚੋਂ ਇਕ ਦੱਖਣ ਭਾਰਤ ਦੇ ਇਕ **ਬਾਈਬਲ ਸਕੂਲ** ਵਿਚ ਚਲਿਆ ਗਿਆ ਅਤੇ ਉੱਥੋਂ ਬਰਮਾ ਵਿਚ ਮੁੜ ਗਿਆ। ਜਦ ਉਸ ਨੂੰ **ਰੰਗੂਨ** [ਹੁਣ ਯੰਗੋਨ] ਕਲੀਸੀਆ ਦੇ ਹੋਣ ਦਾ ਪਤਾ ਲੱਗਾ ਤਾਂ ਉਹ **ਸਥਾਨਕ ਬਾਈਬਲ ਵਿਚ ਦੇਸ਼ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਖੁਸ਼ਖ਼ਬਰੀ ਸੁਣਾਉਂਦੇ ਹੋਏ ਕਲੀਸੀਆ ਦੇ ਨਾਲ ਉੱਥੇ ਹੀ ਵੱਸ ਗਿਆ।**

ਹੋਰ ਅਨੋਖੀ ਗੱਲ **ਪਾਕਿਸਤਾਨ** ਵਿਚ ਇਕ ਮਿਸ਼ਨਰੀ ਦੇ ਨਾਲ ਹੋਈ। ਇਕ ਦਿਨ ਇਕ ਆਦਮੀ ਗੇਟ ਤੇ ਖੜ੍ਹਾ ਉੱਥੇ ਲੱਗੇ ਬੋਰਡ ਨੂੰ ਪੜ੍ਹ ਰਿਹਾ ਸੀ ਜਿਸ ਉੱਤੇ ਲਿਖਿਆ ਸੀ, ''ਮਸੀਹ ਦੀ ਕਲੀਸੀਆ ਇੱਥੇ ਇਕੱਠੀ ਹੁੰਦੀ ਹੈ।'' ਉਹ ਕਲੀਸੀਆ ਬਾਰੇ ਹੋਣ ਜਾਣਨ ਲਈ ਅੰਦਰ ਚਲਿਆ ਗਿਆ। ਅਸਲ ਵਿਚ ਉਹ ਇਹ ਜਾਣਨਾ ਚਾਹ ਰਿਹਾ ਸੀ ਕਿ ਉਹ ਸਾਫ਼ ਨੀਅਤ ਨਾਲ ਲੋਕਾਂ ਨਾਲ ਬੰਦਗੀ ਕਰ ਸਕਦਾ ਹੈ। ਕਈ ਘੰਟਿਆਂ ਤਕ ਚੱਲੀ ਗੱਲਬਾਤ ਤੋਂ ਬਾਅਦ ਮਿਸ਼ਨਰੀ ਨੂੰ ਲੱਗਾ ਕਿ ਉਹ ਆਦਮੀ ਜੋ ਇਕ ਡਾਕਟਰ ਸੀ, ਰੂਸ ਦੀ ਹੱਦ ਦੇ ਨੇੜੇ ਈਰਾਨ ਦੇ ਪਹਾੜੀ ਇਲਾਕੇ ਤੋਂ ਆਇਆ ਸੀ। ਉਸ ਨੇ ਕਿਹਾ ਕਿ ਉਹ ਉੱਥੇ ਮਸੀਹੀ ਲੋਕਾਂ ਦੀ ਮੰਡਲੀ ਦਾ ਇਕ ਭਾਗ ਸੀ ਅਤੇ ਜਿਸ ਕਲੀਸੀਆ ਦੇ ਨਾਲ ਉਹ ਉੱਥੇ ਬੰਦਗੀ ਕਰਦਾ ਸੀ ਉਸ ਵਿਚ 5000 ਦੇ ਕਰੀਬ ਲੋਕ ਸਨ।

ਉਨ੍ਹਾਂ ਦਾ ਇਤਿਹਾਸ? ਉਸ ਨੇ ਦੱਸਿਆ ਕਿ **ਉਨ੍ਹਾਂ ਵਿੱਚੋਂ ਕੁਝ ਲੋਕ ਜਿਨ੍ਹਾਂ ਨੇ ਪੂਰਬ ਵਿਚ ਯਿਸੂ ਦਾ ਤਾਰਾ ਵੇਖਿਆ ਸੀ** ਉਸੇ ਦੇ ਗੋਤਰ ਦੇ ਅਤੇ ਉਸ ਤਾਰੇ ਦਾ ਪਿੱਛਾ ਕਰਦੇ ਕਰਦੇ ਬੈਤਲਹਮ ਤਕ ਚਲੇ ਗਏ ਸਨ। ਉਨ੍ਹਾਂ ਦੇ ਘਰ ਪਰਤਣ ਦੇ ਬਾਅਦ ਉਨ੍ਹਾਂ ਨੇ ਬਾਲਕ ਦੇ ਵੱਡਾ ਹੋ ਕੇ ਉਸਦੇ ਕੰਮ ਕਰਨ ਦੇ ਯੋਗ ਹੋਣ ਤਕ ਜਿਹਦੇ ਲਈ ਉਹ ਨੇ ਜਨਮ ਲਿਆ ਸੀ, ਰਾਹ ਵੇਖੀ। ਉਹ ਇਸਰਾਏਲ ਵਿਚ ਵਾਪਸ ਚਲੇ ਗਏ ਅਤੇ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਵਿਚ ਉਨ੍ਹਾਂ ਲੋਕਾਂ ਦੀ ਭੀੜ ਵਿਚ ਸ਼ਾਮਿਲ ਸਨ ਜਿਨ੍ਹਾਂ ਨੇ ਪਤਰਸ ਅਤੇ ਹੋਰਨਾਂ ਰਸੂਲਾਂ ਨੂੰ ਇਹ ਪ੍ਰਚਾਰ ਕਰਦਿਆਂ ਸੁਣਿਆ ਸੀ ਕਿ ਅਖ਼ੀਰ ਪਰਮੇਸ਼ੁਰ ਦਾ ਰਾਜ ਆ ਗਿਆ ਹੈ! ਉਨ੍ਹਾਂ ਨੇ ਬਪਤਿਸਮਾ ਲਿਆ ਸੀ ਅਤੇ ਉੱਥੇ ਕੁਝ ਸਮਾਂ ਰੁਕੇ ਸਨ, ਰਸੂਲਾਂ ਤੋਂ ਸਿੱਖ ਕੇ ਉਨ੍ਹਾਂ ਗੱਲਾਂ ਨੂੰ ਲਿਖਣ ਲਈ ਜਿਨ੍ਹਾਂ ਨੂੰ ਉਹ ''ਮਸੀਹ ਦੇ ਬਚਨ'' ਆਖਦੇ ਹਨ। ਜਦ ਉਹ ਦੋਬਾਰਾ ਘਰ ਵਾਪਸ ਆਏ ਤਾਂ ਉਨ੍ਹਾਂ ਨੇ ਆਪਣੇ ਪਰਿਵਾਰਾਂ ਅਤੇ ਆਪਣੇ ਕਬੀਲੇ ਦੇ ਲੋਕਾਂ ਨੂੰ ਵੀ ਉਹ ਗੱਲਾਂ ਦੱਸੀਆਂ ਜਿਹੜੀਆਂ ਉਨ੍ਹਾਂ ਨੇ ਸਿੱਖੀਆਂ ਸਨ, ਤਾਂ ਜੋ ਉਹ ਵੀ ਮਸੀਹੀ ਬਣ ਜਾਣ।

ਉਸ ਡਾਕਟਰ ਨੂੰ ਇੰਜੀਲ ਦੀ ਬੜੀ ਸਹੀ ਸਮਝ ਸੀ ਅਤੇ ਮਸੀਹੀ ਬਣਨ ਦਾ ਅਤੇ ਖ਼ੁਦਾ ਦੀ ਬੰਦਗੀ ਕਰਨ ਦਾ ਤਰੀਕਾ ਵੀ ਪਤਾ ਸੀ। ਉਸ ਨੇ ਆਖਿਆ ਕਿ ਉਸ ਦੇ ਲੋਕਾਂ ਨੂੰ ਇੱਥੋਂ ਤਕ ਸਤਾਇਆ ਗਿਆ ਕਿ ਉਨ੍ਹਾਂ ਨੇ ਆਪਣੇ ਆਪ ਨੂੰ

ਪਹਾੜੀ ਇਲਾਕਿਆਂ ਤੋਂ ਅੱਡ ਕਰ ਲਿਆ। ਬਾਅਦ ਵਿਚ ਜਦ ਫੇਰ ਤੋਂ ਈਰਾਨ ਵਿਚ ਮਿਸ਼ਨਰੀ ਆਇਆ ਤਾਂ ਉਹ ਉਸ ਇਲਾਕੇ ਵਿਚ ਗਿਆ ਜਿੱਥੇ ਡਾਕਟਰ ਨੇ ਉਸ ਨੂੰ ਦੱਸਿਆ ਸੀ, ਪਹਾੜੀ ਹੱਦਾਂ ਤਕ। ਉੱਥੇ ਜਾਣ ਦਾ ਇੱਕੋ ਇਕ ਤਰੀਕਾ ਘੋੜੇ ਤੇ ਬਹਿ ਕੇ ਅਤੇ ਨਾਲ ਇਕ ਅਨੁਵਾਦ ਕਰਨ ਵਾਲਾ ਲੈ ਕੇ ਹੋ ਸਕਦਾ ਹੈ। ਜਿਸ ਕਰਕੇ ਸਫ਼ਰ ਉੱਥੇ ਹੀ ਰੋਕਣਾ ਪਿਆ। ਬੇਸ਼ੱਕ ਇਲਾਕੇ ਦੇ ਲੋਕਾਂ ਨੇ ਉਸ ਨੂੰ ਦੱਸਿਆ ਕਿ ਉੱਥੇ ਬਹੁਤ ਸਾਰੇ ਮਸੀਹੀ ਰਹਿੰਦੇ ਹੁੰਦੇ ਸਨ ਪਰ ਉਹ ਪਹਾੜਾਂ ਵਿਚ ਚਲੇ ਗਏ ਸਨ। ਇਸ ਤਰ੍ਹਾਂ ਤੁਸੀਂ ਦੇਖਦੇ ਹੋ ਕਿ ਖ਼ੁਦਾ ਕਿਸੇ ਦੀ ਮਦਦ ਲਈ ਜੋ ਪਹਿਲਾਂ ਤੋਂ ਸਚਿਆਈ ਦੀ ਤਲਾਸ਼ ਵਿਚ ਹੋਵੇ, ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾਉਣ ਲਈ ਲੋਕਾਂ ਨੂੰ ਕਿਵੇਂ ਇਕੱਠਿਆ ਕਰ ਸਕਦਾ ਹੈ।

## ਸਾਰ

ਚੇਲਿਆਂ ਨੂੰ ਅਤੇ ਸਾਨੂੰ ਯਿਸੂ ਦਾ ਵਾਅਦਾ ਹੈ ਕਿ **' 'ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ' '** (ਯੂਹੰਨਾ 14: 18), ਉਹ ਯਕੀਨ ਹੈ ਜਿਸ ਤੇ ਸਾਡੀਆਂ ਜ਼ਿੰਦਗੀਆਂ ਨਿਰਭਰ ਹਨ। ਉਸ ਨੇ ਇਹ ਵਾਅਦਾ ਕਦੇ ਨਹੀਂ ਕੀਤਾ ਕਿ ਉਹ ਸਾਨੂੰ ਹਰ ਪਾਬੰਦੀ ਤੋਂ ਬਚਾਵੇਗਾ; ਅਸਲ ਵਿਚ ਉਸ ਨੇ ਚਿਤਾਵਨੀ ਦਿੱਤੀ ਕਿ ਸਤਾਅ ਤਾਂ ਹੋਵੇਗਾ। ਪਰ ਉਹ ਸਾਡੇ ਨਾਲ ਹੈ ਅਤੇ ਮਸੀਹੀ ਜੀਵਨ ਜੀਣ ਵਿਚ ਮਦਦ ਲਈ ਸਾਡੇ ਬਪਤਿਸਮਾ ਲੈਣ ਵੇਲੇ ਉਸ ਨੇ ਸਾਨੂੰ ਪਵਿੱਤਰ ਆਤਮਾ ਦੀ ਸ਼ਕਤੀ ਦਿੱਤੀ ਹੈ:

**ਰੋਮੀਆਂ 8: ' 'ਸੋ ਹੁਣ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿਚ ਹਨ ਸਜ਼ਾ ਦਾ ਹੁਕਮ ਨਹੀਂ ਹੈ। ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।**

**ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿਚ ਘੱਲ ਕੇ ਸਰੀਰ ਵਿਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ।**

**ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੋਵੇ ਪਰੰਤੂ ਜਿਹ ਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ। ਪਰ ਜੇ ਮਸੀਹ ਤੁਹਾਡੇ ਵਿਚ ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ। ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ ਵਿਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿਚ ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ**

ਨੂੰ ਵੀ ਜਿਵਾਏਗਾ।

ਸੋ ਹੇ ਭਰਾਵੋ, ਅਸੀਂ ਕਰਜ਼ਦਾਰ ਹਾਂ ਪਰ ਸਰੀਰ ਦੇ ਨਹੀਂ ਜੋ ਸਰੀਰ ਦੇ ਅਨੁਸਾਰ ਉਮਰ ਕੱਟੀਏ। ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ। ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ। ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ ''ਅੱਬਾ'', ਹੇ ਪਿਤਾ, ਪੁਕਾਰਦੇ ਹਾਂ। ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ। ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ।

ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤੁ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਹੁਕੇ ਭਰ ਕੇ ਸਾਡੇ ਲਈ ਸਫ਼ਾਰਸ਼ ਕਰਦਾ ਹੈ। ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਫ਼ਾਰਸ਼ ਕਰਦਾ ਹੈ।''

ਖ਼ੁਦਾ ਸਾਡੇ ਲਈ ਅਤੇ ਸਾਡੀ ਜ਼ਿੰਦਗੀ ਦੀ ਚੁਣੌਤੀ ਲਈ ਜੋ ਬੇਹਤਰੀਨ ਹੋਵੇ ਉਹੀ ਕਰਦਾ ਹੈ। ਜੇ ਅਸੀਂ ਉਸ ਵਿਚ ਭਰੋਸਾ ਰੱਖਦਿਆਂ ਆਪਣੀ ਕਾਬਲੀਅਤ ਤੋਂ ਪਰੇ ਜੋ ਕਰ ਸਕਦੇ ਹਾਂ, ਉਹ ਕਰਦੇ ਹਾਂ ਤਾਂ ਉਹ ਸਾਨੂੰ ਨਾਕਾਮ ਨਹੀਂ ਹੋਣ ਦਵੇਗਾ।

## ਵਿਚਾਰ ਕੀਤੇ ਜਾਣ ਲਈ ਸਵਾਲ

1. ਪਵਿੱਤਰ ਆਤਮਾ ਦੇ ਚਮਤਕਾਰੀ ਕੰਮ ਬੰਦ ਹੋ ਜਾਣੇ ਸਨ ਜਦੋਂ ''................ ......... .........'' (1 ਕੁਰਿੰਥੀਆਂ 13: 10)।
2. ਚਰਚਾ ਲਈ: ਬਹੁਤ ਸਾਰੇ ਲੋਕ ਹੈਰਾਨ ਹੁੰਦੇ ਹਨ ਕਿ ਖ਼ੁਦਾ ਅੱਜ ਚਮਤਕਾਰ ਕਿਉਂ ਨਹੀਂ ਕਰਦਾ, ਉਨ੍ਹਾਂ ਨੂੰ ਲਗਦਾ ਹੈ ਕਿ ਇਕ ਜ਼ਬਰਦਸਤ ਸ਼ਕਤੀਸ਼ਾਲੀ ਤਰੀਕੇ ਨੂੰ ਛੱਡ ਦਿੱਤਾ ਗਿਆ ਹੈ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਮਤਕਾਰਾਂ ਦੇ ਯੁੱਗ ਵਿਚ ਵੀ ਜਾਦੂਗਰ ਹੁੰਦੇ ਸਨ। ਜੋ ਆਪਣੇ ਦਾਅਵਿਆਂ ਨਾਲ ਲੋਕਾਂ ਨੂੰ ਭਰਮਾਉਂਦੇ ਸਨ। ਸਚਿਆਈ ਨੂੰ ਝੂਠ ਨਾਲੋਂ ਅੱਡ ਕਰਨਾ, ਖ਼ਾਸਕਰ ਜੇ ਕਿਸੇ ਨੇ ਸੁਣਿਆ ਹੋਵੇ ਕਿ ''ਚਮਤਕਾਰ'' ਹੋਇਆ ਹੈ ਅਤੇ ਉਸ ਨੂੰ ਵੇਖਿਆ ਨਾ ਹੋਵੇ,

ਔਖਾ ਹੁੰਦਾ ਹੈ। ਅੱਜ ਜਾਦੂਗਰ ਜ਼ਬਰਦਸਤ ਕੰਮ ਕਰਦੇ ਹਨ। ਜਿਨ੍ਹਾਂ ਨੂੰ ਅਸਾਨੀ ਨਾਲ ''ਚਮਤਕਾਰ'' ਦੱਸਿਆ ਜਾ ਸਕਦਾ ਹੈ, ਜੇ ਉਹ ''ਮਨੋਰੰਜਨ ਦੇ ਕਾਰੋਬਾਰ'' ਵਿਚ ਨਾ ਹੋ ਕੇ ''ਧਾਰਮਿਕ ਕਾਰੋਬਾਰ'' ਵਿਚ ਹੁੰਦੇ। ਬਹੁਤ ਸਾਰੇ ਕਰੋੜਪਤੀ ਹਨ ਜਿਹੜੇ ਇਹ ਮੰਗ ਕਰਦੇ ਹਨ ਕਿ ''ਚੰਗਿਆਈ, ਚੰਗਿਆਈ'' ਅਤੇ ਲੋਕ ਉਨ੍ਹਾਂ ਵੱਲੋਂ ਦੱਸੀਆਂ ਜਾਣ ਵਾਲੀਆਂ ਝੂਠੀਆਂ ਸਿੱਖਿਆਵਾਂ ਦੇ ਬਾਵਜੂਦ ਇਹ ਮੰਨ ਲੈਂਦੇ ਹਨ ਕਿ ਉਹ ਅਸਲੀ ਹਨ।

3. ਲੋਕਾਂ ਨੂੰ ਵਿਸ਼ਵਾਸੀ ਬਣਾਉਣ ਅਤੇ ਨਵੇਂ ਮਸੀਹੀਆਂ ਦੇ ਪਾਲਨ–ਪੋਸ਼ਣ ਲਈ ਕਿਸ ਸਾਧਨ ਦੀ ਵਰਤੋਂ ਕੀਤੀ ਜਾਂਦੀ ਹੈ?
4. ਭਲਾ ਖ਼ੁਦਾ ਦਾ ਵਚਨ ਜੋ ਕਿ ਨਵਾਂ ਨੇਮ ਹੈ, ਆਖਰੀ, ਪੂਰੀ ਦੁਨੀਆਂ ਲਈ, ਅਖ਼ੀਰ ਤਕ ਇਖ਼ਤਿਆਰ ਪ੍ਰਾਪਤ ਹੈ। ਜਿਹੜਾ ਸਾਨੂੰ ਖ਼ੁਦਾ ਦੀ ਲਾਤਬਦੀਲ ਇੱਛਾਂ ਨੂੰ ਦੱਸਦਾ ਹੈ?
5. ਜੇ ਸਾਡੇ ਕੋਲ ਉਹ ਵਚਨ ਨਾ ਹੁੰਦਾ ਜਿਸ ਦੀ ਤਸਦੀਕ ਲੇਖਕਾਂ ਦੇ ਚਮਤਕਾਰਾਂ ਦੇ ਰਾਹੀਂ ਹੋਈ ਹੈ, ਅਤੇ ਜੇ ਅਸੀਂ ਦੁਨੀਆਂ ਭਰ ਦੇ ਇੱਧਰ ਉੱਧਰ ਦੇ ਲੋਕਾਂ ਦੇ ਰਹਿਮ ਦੇ ਆਸਰੇ ਹੁੰਦੇ ਜਿਹੜੇ ਖ਼ੁਦਾ ਦੀ ਤਰਫ਼ੋ ਬੋਲਣ ਦਾ ਦਾਅਵਾ ਕਰਦੇ ਹਨ, ਚਮਤਕਾਰ ਕਰਨ ਦਾ ਦਾਅਵਾ ਕਰਦੇ ਸਨ ਤਾਂ ਸਾਨੂੰ ਕਿਵੇਂ ਪਤਾ ਲਗ ਸਕਦਾ ਕਿ ਸਹੀ ਕੀ ਹੈ ਅਤੇ ਗਲਤ ਕੀ? ਅੱਜ ਦੇ ਸੰਚਾਰ ਮਾਧਿਅਮਾਂ ਨਾਲ ਇਕ ਦੇਸ਼ ਵਿਚ ਰਹਿੰਦਿਆਂ ਕਿਤੇ ''ਸਾਧੂ'' ਜਾਂ ''ਸਿਆਣੇ'' ਜਾਂ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ''ਫੇਥ ਹੀਲਰ'' ਭਾਵ ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲੇ ਦੇ ਦਾਅਵਿਆਂ ਨੂੰ ਸੁਣਿਆ ਹੋਵੇਗਾ। ਜੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਾਬਤ ਕਰਨ ਜਾਂ ਝੂਠਲਾਉਣ ਲਈ ਸਾਡੇ ਕੋਲ ਖ਼ੁਦਾ ਦਾ ਵਚਨ ਨਾ ਹੁੰਦਾ ਤਾਂ ਅਸੀਂ ਉਸ ''ਚਮਤਕਾਰ'' ਦੀ ਹਕੀਕਤ ਨੂੰ ਕਿਵੇਂ ਪਰਖ ਸਕਦੇ ਹਾਂ ਜਿਸ ਦਾ ਉਹ ਦਾਅਵਾ ਕਰਦੇ ਹਨ? ਖ਼ੁਦਾ ਦਾ ਸ਼ੁਕਰ ਹੈ ਕਿ ਅਸੀਂ ''........................'' ਦੇ ਯੁੱਗ ਵਿਚ ਰਹਿੰਦੇ ਹਾਂ।
6. ਖ਼ੁਦਾ ਨੇ ਚਮਤਕਾਰਾਂ ਦੀ ਥਾਂ ਖ਼ੁਦਾਈ ਇੰਤਜ਼ਾਮ ਦੇ ਰਾਹੀਂ ਯੋਨਾਥਾਨ ਅਤੇ ਉਸ ਦੇ ਹਥਿਆਰ ਢੋਣ ਵਾਲੇ ਨੂੰ ਕਿਵੇਂ ਬਚਾਇਆ ਸੀ?
7. ਖ਼ੁਦਾ ਦੇ ਮੁਕਾਸ਼ਫ਼ੇ ਦੇ ਅਨੁਸਾਰ, ਸਨਹੇਰੀਬ ਦੀ ਫੌਜ ਦਾ ਕੀ ਬਣਿਆ? ਫੌਜ ਦੇ ਮਰਨ ਦਾ ਕਾਰਣ ਇਤਿਹਾਸਕਾਰਾਂ ਨੇ ਕੀ ਦੱਸਿਆ?
8. ਉਨ੍ਹਾਂ ਤਿੰਨ ਗੱਲਾਂ ਉੱਤੇ ਚਰਚਾ ਕਰੋ ਜਿਨ੍ਹਾਂ ਲਈ ਰੋਮੀਆਂ ਲਈ ਪੌਲੁਸ ਨੇ ਰੋਮੀਆਂ 15:30–32 ਵਿਚ ਰੋਮ ਦੇ ਮਸੀਹੀਆਂ ਨੂੰ ਦੁਆ ਕਰਨ ਲਈ ਆਖਿਆ।
9. ਪੂਰੀ ਗੱਲਬਾਤ ਸੁਣਨ ਤੋਂ ਬਾਅਦ ਭਲਾ ਯਰੂਸ਼ਲਮ ਦੇ ਭਾਈਆਂ ਨੇ ਗੈਰ ਕੌਮਾਂ ਨਾਲ ਪੌਲੁਸ ਦੇ ਕੰਮ ਨੂੰ ਪ੍ਰਵਾਨਗੀ ਦੇ ਦਿੱਤੀ?

10. ਪੌਲੁਸ ਨੂੰ ਉਨ੍ਹਾਂ ਯਹੂਦੀਆਂ ਤੋਂ ਜਿਹੜੇ ਉਸ ਨੂੰ ਮਾਰ ਸੁੱਟਣਾ ਚਾਹੁੰਦੇ ਸਨ, ਬਚਾਉਣ ਲਈ ਰੱਬੀ ਇੰਤਜਾਮ ਦੇ ਮੁਤਾਬਿਕ ਖ਼ੁਦਾ ਨੇ ਕਿਨਾਂ ਵਸੀਲਿਆਂ ਦੀ ਮਦਦ ਕੀਤੀ। ਭਲਾ ਇਨ੍ਹਾਂ ਵਿਚ ਕੋਈ ਚਮਤਕਾਰੀ ਸੀ?
11. ਪੌਲੁਸ ਲਈ ਰੋਮ ਵਿਚ ਰਹਿ ਕੇ ਉੱਥੋਂ ਦੇ ਮਸੀਹੀਆਂ ਦੀ ਮਦਦ ਕਰਨਾ ਕਿਵੇਂ ਸੰਭਵ ਹੋਇਆ?
12. ਰੰਗੂਨ (ਹੁਣ ਯੰਗੋਨ), ਬਰਮਾ ਵਿਚ ਇੰਜੀਲ ਪਹੁੰਚਾਉਣ ਲਈ ਕਿਨੇ ਦੇਸ਼ਾਂ ਦੇ ਲੋਕ ਸ਼ਾਮਿਲ ਸਨ?
13. ਭਲਾ ਇਹ ਗੱਲ ਅਹਿਮ ਸੀ ਕਿ ਰੇਡੀਓ ਸਟੇਸ਼ਨਾਂ ਉੱਤੇ ਇੰਜੀਲ ਦੇ ਪ੍ਰਚਾਰ ਕਾ ਮੌਕਾ ਮਿਲਣ ਤੋਂ ਪਹਿਲਾਂ ਸ੍ਰੀਲੰਕਾ ਵਿਚ ਲੋਕ ਵਿਸ਼ਵਾਸੀ ਬਣ ਗਏ ਸਨ?
14. ਪਾਕਿਸਤਾਨ ਵਿਚ ਉਸ ਆਦਮੀ ਨੇ ਇਰਾਨ ਵਿਚ ਆਪਣੇ ਲੋਕਾਂ ਬਾਰੇ ਕੀ ਦੱਸਿਆ?
15. ਰੋਮੀਆਂ 8 ਦੇ ਅਨੁਸਾਰ ਮਸੀਹੀ ਆਦਮੀ ਦੀ ਜ਼ਿੰਦਗੀ ਵਿਚ ਪਵਿੱਤਰ ਆਤਮਾ ਦੇ ਦਖਲ ਦੀ ਚਰਚਾ ਕਰੋ।

# ''ਜ਼ਿੰਦਗੀ ਭਰ ਦੀ ਗਾਰੰਟੀ''



ਬਜ਼ਾਰੋਂ ਲਏ ਸਮਾਨ ਲਈ ਸਾਡੀ ਇੱਛਾ ਰਹਿੰਦੀ ਹੈ ਕਿ ਉਸ ਦੀ ''ਜ਼ਿੰਦਗੀ ਭਰ ਦੀ ਗਾਰੰਟੀ'' ਹੋਵੇ। ਗਾਰੰਟੀ ਕਾਰਡ ਤੋਂ ਸਾਨੂੰ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ, ਸ਼ਰਤ ਇਹ ਹੈ ਕਿ ਜਿਸ ਕੰਪਨੀ ਤੋਂ ਖਰੀਦੀ ਗਈ ਹੋਵੇ ਉਹ ਆਪਣੇ ਸਮਾਨ ਦੀ ਗਾਰੰਟੀ ਦੇਣ ਲਈ ਜਾਣੀ ਜਾਂਦੀ ਹੋਵੇ। ਜੇ ਨਵਾਂ ਕੌਫੀਮੇਕਰ ਕੰਮ ਕਰਨਾ ਬੰਦ ਕਰ ਦਵੇ ਤਾਂ ਜ਼ਿੰਦਗੀ ਦੀ ਵਿਸ਼ਾਲ ਸਕੀਮ ਵਿਚ ਇਹ ਕੋਈ ਵੱਡਾ ਮਸਲਾ ਨਹੀਂ ਹੁੰਦਾ। ਜੇ ਡਿਸ਼ਵਾਸ਼ਰ ਵਾਰੰਟੀ ਲੰਘ ਜਾਣ ਦੇ ਬਾਅਦ ਕੰਮ ਨਾ ਕਰੇ ਤਾਂ ਥੋੜ੍ਹਾ ਦੁਖਦਾ ਹੈ। ਫਿਰ ਵੀ ਆਪਣੇ ਮਹੀਨੇ ਦੇ ਬਜਟ ਨੂੰ ਕੋਈ ਵੱਡੀ ਚੁਣੌਤੀ ਦਿੱਤੇ ਬਗੈਰ ਅਸੀਂ ਉਸ ਨੂੰ ਬਦਲ ਸਕਦੇ ਹਾਂ। ਜੇ ਕਾਰ ਅਚਾਨਕ ਬਦਲਣੀ ਪਵੇ ਤਾਂ ਇਹ ਇਕ ਵੱਡਾ ਕੰਮ ਹੁੰਦਾ ਹੈ। ਜਿਹਦੇ ਲਈ ਦੇਰ ਤਕ ਕਿਸ਼ਤਾਂ ਭਰਨੀਆਂ ਪੈਂਦੀਆਂ ਹਨ ਅਤੇ ਇਹ ਬੜਾ ਤਕਲੀਫ਼ਦੇਹ ਹੁੰਦਾ ਹੈ। ਪਰ ਦੁਨਿਆਵੀ ਸੰਸਾਰ ਵਿਚ ਜ਼ਿੰਦਗੀ ਦੀਆਂ ਚੁਣੌਤੀਆਂ ਵੱਲ ਪਿੱਛੇ ਨੂੰ ਵੇਖ ਕੇ ਅਸੀਂ ਜੀਉਂਦੇ ਹਾਂ, ਅਸੀਂ ਮੁਸੀਬਤਾਂ ਦਾ ਸਾਹਮਣਾ ਕੀਤਾ ਹੈ ਅਤੇ ਉਨ੍ਹਾਂ ਨੂੰ ਪਾਰ ਕਰ ਲਿਆ ਹੈ।

ਪਰ ਦੁਨਿਆਵੀ ਚੀਜ਼ਾਂ ਦੇ ਸੰਸਾਰ ਵਿਚ ਸਾਨੂੰ ਸਭ ਤੋਂ ਵੱਡੀ ਅਸੁਰੱਖਿਆ ਅਤੇ ਸਭ ਤੋਂ ਡਰਾਉਣੀਆਂ ਚੁਣੌਤੀਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਇਹ ਸਭ ਤਾਂ ਜ਼ਿੰਦਗੀ ਵਿਚ ਉਨ੍ਹਾਂ ਸਭ ਅਦਿੱਖ ਖ਼ਤਰਿਆਂ ਅਤੇ ਪਰੀਖਿਆਵਾਂ ਨਾਲ ਹੁੰਦਾ ਹੈ ਜਿਹੜੇ ਉਸ ਰਾਹ ਤੇ ਲੁਕੇ ਹੋਏ ਹੁੰਦੇ ਹਨ ਜਿੱਥੋਂ ਦੀ ਅਸੀਂ ਲੰਘਣਾ ਹੁੰਦਾ ਹੈ। ''ਗਾਰੰਟੀ'' ਕਿੱਥੇ ਹੈ, ਜਿਹੜੀ ਸਾਨੂੰ ਇਹ ਭਰੋਸਾ ਦਵੇ ਅਤੇ ਯਕੀਨ ਦੁਆਏ ਕਿ ਅਸੀਂ ਦੂਜੇ ਪਾਸੇ ਸੁਰੱਖਿਅਤ ਨਿੱਕਲ ਜਾਵਾਂਗੇ। ਭਾਵ ਭਲਾ ਖ਼ੁਦਾ ਦੇ ਸਾਹਮਣੇ ਸਾਡੀਆਂ ਰੂਹਾਂ ਬਿਨਾਂ ਵਿਗਾੜ ਅਤੇ ਸਬੂਤੀਆਂ ਜਾਣਗੀਆਂ?

ਖ਼ੁਦਾ ਆਪਣੇ ਹਰ ਬਾਲਕ ਨੂੰ ''ਜ਼ਿੰਦਗੀ ਭਰ ਦੀ ਗਾਰੰਟੀ'' ਦੇਣ ਦੀ ਪੇਸ਼ਕਸ਼ ਕਰਦਾ ਹੈ। ਇਹ ਸੱਚ ਹੈ ਕਿ ਸਾਨੂੰ ਇਸ ਨੂੰ ਕਬੂਲਣਾ, ਫ਼ਾਰਮ ਭਰਨਾ ਅਤੇ ਇਸ ਨੂੰ ਭਰ ਕੇ ਘੱਲਣਾ ਪਵੇਗਾ। ਪਰ ਉਸ ਨੇ ਆਪਣੇ ਹਿੱਸੇ ਦਾ ਕੰਮ

ਮੁਕਾ ਲਿਆ ਹੈ। ਭਲਾ ਗਾਰੰਟੀ ਕੋਈ ਚੰਗੀ ਚੀਜ਼ ਹੈ? ਤੀਤੁਸ 1:2 ਸਾਫ਼ ਸਾਫ਼ ਦੱਸਦਾ ਹੈ, ''ਉਸ ਸਦੀਪਕ ਜੀਵਨ ਦੀ ਆਸ ਉੱਤੇ ਜਿਹ ਦਾ ਪਰਮੇਸ਼ੁਰ ਨੇ ਜੋ ਝੂਠ ਬੋਲ ਨਹੀਂ ਸਕਦਾ ਸਨਾਤਨ ਸਮਿਆਂ ਤੋਂ ਵਾਇਦਾ ਕੀਤਾ ਸੀ।'' ਸੋ ਇਹ ਗਾਰੰਟੀ ਤਾਂ ਬਖ਼ਤਰਬੰਦ ਹੈ।

ਇਸ ਸਮਝੌਤੇ ਵਿਚ ਸਾਨੂੰ ਕੀ ਕਰਨਾ ਪਵੇਗਾ?

ਪਹਿਲਾ: ਇਕਰਾਰਨਾਮਾ ਸਿਰਫ਼ ਖ਼ੁਦਾ ਅਤੇ ਉਸ ਦੀ ਸੰਤਾਨ ਵਿਚਕਾਰ ਹੈ। ਇਸ ਦਾ ਮਤਲਬ ਇਹ ਹੋਇਆ ਕਿ ਬਪਤਿਸਮਾ ਪਾਇਆ ਹੋਇਆ ਵਿਸ਼ਵਾਸੀ ਭਾਵ ਉਹਦੇ ਪੁੱਤਰ ਦੇ ਲਹੂ ਨਾਲ ਧੋ ਕੇ ਖ਼ਰੀਦਿਆ ਹੋਇਆ ਅਤੇ ਪ੍ਰਭੂ ਦੀ ਕਲੀਸੀਆ ਦਾ ਮੈਂਬਰ ਹੋਣਾ ਜ਼ਰੂਰੀ ਹੈ।

ਦੂਜਾ: ਵਾਰੰਟੀ ਵਿਚ ਦਿੱਤੀ ਜਾਣ ਵਾਲੀ ਚੀਜ਼ ਤੁਸੀਂ ਆਪ ਹੋ, ਇਸ ਕਰਕੇ ਤੁਹਾਨੂੰ ਆਪਣਾ ਜੀਵਨ, ਆਪਣਾ ਮਨ, ਆਪਣਾ ਸਰੀਰ, ਆਪਣੀ ਜਾਇਦਾਦ ਅਤੇ ਆਪਣਾ ਸਭ ਕੁਝ ਉਸ ਨੂੰ ਦੇਣਾ ਜ਼ਰੂਰੀ ਹੈ। ਉਹ ਉਹਦੀ ਦੇਖਭਾਲ ਨਹੀਂ ਕਰ ਸਕਦਾ ਜੋ ਤੁਸਾਂ ਉਸ ਦੇ ਸਪੁਰਦ ਨਹੀਂ ਕੀਤਾ ਹੈ। ਅਜਿਹਾ ਸਮਰਪਣ ਬਾਰ ਬਾਰ ਕੀਤੀ ਜਾਣ ਵਾਲੀ ਦੁਆ ਵਿਚ ਵਿਖਾਇਆ ਜਾ ਸਕਦਾ ਹੈ ਕਿ ''ਹੇ ਪਿਤਾ, ਜੋ ਕੁਝ ਮੈਂ ਹਾਂ ਅਤੇ ਜੋ ਕੁਝ ਮੇਰੇ ਕੋਲ ਹੈ, ਉਹ ਸਭ ਤੇਰਾ ਹੈ। ਮੇਰੇ ਵਿਚਾਰਾਂ ਨੂੰ, ਮੇਰੀ ਸ਼ਕਤੀ ਨੂੰ ਅਤੇ ਮੇਰੇ ਸਮੇਂ ਨੂੰ ਅੱਜ ਲੈ ਲੈ, ਅਤੇ ਇਸ ਨੂੰ ਉਵੇਂ ਹੀ ਵਰਤ ਜਿਵੇਂ ਤੈਨੂੰ ਚੰਗਾ ਲੱਗੇ। ਮੈਨੂੰ ਆਪਣੇ ਰਾਹ ਵਿਚ ਨਾ ਆਉਣ ਦਈਂ।''

ਹੁਣ ਤੁਸੀਂ ਆਪਣੇ ਆਪ ਨੂੰ ਖ਼ੁਦਾ ਦੇ ਖ਼ਰੀਦੇ ਹੋਏ ਦਰਜ ਕਰਵਾ ਲਿਆ ਹੈ ਅਤੇ ਤੁਸੀਂ ਉਸ ਦੀ ਜ਼ਿੰਮੇਵਾਰੀ ਹੋ। ਵਾਰੰਟੀ ਵਿਚ ਤੁਸੀਂ ਇਨ੍ਹਾਂ ਸ਼ਬਦਾਂ ਵਿਚ ਆਪਣਾ ਭਰੋਸਾ ਜਤਾ ਸਕਦੇ ਹੋ: ''ਅਤੇ ਇਸੇ ਕਰਕੇ ਮੈਂ ਇਹ ਦੁੱਖ ਵੀ ਝੱਲਦਾ ਹਾਂ ਪਰ ਮੈਂ ਸ਼ਰਮਾਉਂਦਾ ਨਹੀਂ ਕਿਉਂ ਜੋ ਮੈਂ ਉਹ ਨੂੰ ਜਾਣਦਾ ਹਾਂ ਜਿਹ ਦੀ ਮੈਂ ਪਰਤੀਤ ਕੀਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਭਈ ਉਹ ਮੇਰੀ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ ਸੱਕਦਾ ਹੈ'' (2 ਤਿਮੋਥਿਉਸ 1:12)।

## ਉਸ ਦੀ ਵਾਰੰਟੀ ਵਿਚ ਕੀ ਹੈ ?

**''... ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:20)।**

**''ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ...'' (ਯੂਹੰਨਾ 14:13)**

**''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ'' (ਯੂਹੰਨਾ 14:15)**

**''ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ। ... ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਵਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ''** (ਯੂਹੰਨਾ 14: 18, 23)।

**''ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ [ਮਿਲ ਚੁੱਕੀਆਂ] ਹਨ''** (1 ਯੂਹੰਨਾ 5: 14, 15)।

**''ਅਤੇ ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸਭ ਕੁਝ ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ''** (2 ਕੁਰਿੰਥੀਆਂ 9:8)।

ਇਹ ਗੱਲ ਲੋਹੇ ਦੀ ਮੇਖ ਹੈ ਕਿ ਉਹ ਵਾਅਦਾ ਕਰਦਾ ਹੈ:

**ਸਦਾ:** ਉਹ ਅਜਿਹਾ ਕੋਈ ਹਾਲਾਤ ਜਾਂ ਮੌਕਾ ਨਾ ਹੋਵੇਗਾ ਜਿਸ ਵਿਚ ਉਹ ਨਾਕਾਮ ਹੋ ਜਾਵੇ।

**ਕੋਲ ਹੋਵੇ:** ਉਹ ਗਾਰੰਟੀ ਦਿੰਦਾ ਹੈ ਕਿ ਜੋ ਕੁਝ ਉਹ ਤੁਹਾਥੋਂ ਕਰਵਾਉਣਾ ਚਾਹੁਦਾ ਹੈ ਉਹਦੇ ਲਈ ਜੋ ਕੁਝ ਤੁਹਾਨੂੰ ਚਾਹੀਦਾ ਹੈ ਉਹ ਕਾਫ਼ੀ ਹੋਵੇ। ਇਸ ਚੁਣੌਤੀ ਦਾ ਸਾਹਮਣਾ ਕਰਨ ਵੇਲੇ ਕਾਫ਼ੀ ਸਮਾਂ ਜਾਂ ਕਾਫ਼ੀ ਧਨ ਜਾਂ ਤੁਸੀਂ ਆਪਣੇ ਆਪ ਕਾਫ਼ੀ ਨਾ ਹੋਵੇ ਪਰ ਵਿਸ਼ਵਾਸ ਨਾਲ ਚੱਲਦੇ ਰਹੋ। ਉਸ ਨੇ ਵਾਅਦਾ ਕੀਤਾ ਹੈ ਕਿ ਬਾਕੀ ਕੰਮ ਉਸ ਦੀ ਜ਼ਿੰਮੇਵਾਰੀ ਹੈ। [ਕਈ ਵਾਰ ਖ਼ੁਦਾ ਦਾ ਤਰੀਕਾ ਹੀ ਸਾਨੂੰ ਇਸ ਤੱਥ ਤੋਂ ਚੌਕਸ ਕਰ ਸਕਦਾ ਹੈ ਕਿ ਅਸੀਂ ਅਜਿਹੇ ਰਾਹ ਜਾਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਹੜਾ ਉਸ ਨੇ ਬੰਦ ਕੀਤਾ ਹੋਇਆ ਹੈ, ਸਾਨੂੰ ''ਸਭ ਕੁਝ'' ਦੇਣ ਤੋਂ ਇਨਕਾਰ ਕਰਨਾ ਹੁੰਦਾ ਹੈ ਜਿਸ ਦੀ ਅਸੀਂ ਆਪਣੇ ਆਪ ਵਿਚ ਉਮੀਦ ਕਰ ਰਹੇ ਹੁੰਦੇ ਹਾਂ। ਜੇ ਉਹ ਇਸ ਨੂੰ ਕਰਨਾ ਚਾਹੁੰਦਾ ਹੈ, ਤਾਂ ਰਾਹ ਖੁੱਲ੍ਹ ਜਾਵੇਗਾ ਅਤੇ ਸਭ ਕੁਝ ਮਿਲ ਜਾਵੇਗਾ।]

**ਸਭ ਕੁਝ:** ਆਮ ਤੌਰ ਤੇ ਸਾਨੂੰ ਪਤਾ ਨਹੀਂ ਹੁੰਦਾ ਕਿ ਸਾਨੂੰ ਕੀ ਚਾਹੀਦਾ ਹੈ, ਪਰ ਖ਼ੁਦਾ ਰਸਤੇ ਦੇ ਅਖ਼ੀਰ ਤਕ ਵੇਖ ਸਕਦਾ ਹੈ ਅਤੇ ਉਹ ਗਾਰੰਟੀ ਦਿੰਦਾ ਹੈ ਕਿ ਤੁਹਾਨੂੰ ਕਿਸੇ ਚੀਜ਼ ਦੀ ਕਮੀ ਨਹੀਂ ਆਵੇਗੀ।

**ਵਾਫਰ:** ਉਹ ਆਪਣਾ ਵਾਅਦਾ ਦੁਹਰਾਉਂਦਾ ਹੈ, ਸਾਡੇ ਸੰਘਰਸ਼ ਭਰੇ ਵਿਸ਼ਵਾਸ ਦੀ ਖਾਤਰ।

ਹਰ ਸੁੱਭ ਕਰਮ ਲਈ: ਸਾਡੇ ਅੱਗੇ ਇਕ ਹੋਰ ਚੁਣੌਤੀ ਇਹ ਹੈ ਕਿ ਸਾਡਾ

ਫੋਕਸ ਅਤੇ ਟੀਚਾ ਭਲੇ ਕੰਮ ਵਿਚ ਹੋਵੇ, ਜਿਹੜਾ ਮਸੀਹੀ ਜ਼ਿੰਦਗੀ ਨੂੰ ਬਣਾਉਂਦਾ ਹੈ। ਉਸ ਨੇ ਸਾਡੀਆਂ ਦੇਹਾਂ ਨੂੰ ਬਣਾਇਆ ਹੈ ਇਸ ਕਰਕੇ ਸਾਨੂੰ ਪਤਾ ਹੈ ਕਿ ਸਾਨੂੰ ਭੋਜਨ, ਕਸਰਤ, ਅਰਾਮ ਅਤੇ ਸੰਗਤੀ ਦੀ ਲੋੜ ਹੁੰਦੀ ਹੈ, ਪਰ ਇਹ ਸਭ ਜ਼ਿੰਦਗੀ ਦੇ ਭਾਵ ਉਹਦੇ ਨਾਲ ਸਾਡੇ ਕੰਮ ਕਰਨ ਵਿਚ ਸਹਾਇਕ ਗੱਲਾਂ ਹਨ। ਫਿਰ ਤਸੱਲੀ ਦੇਣ ਵਾਲੇ ਅਤੇ ਯਕੀਨ ਦੁਆਉਣ ਪਿਤਾ ਦੇ ਰੂਪ ਵਿਚ ਉਹ ਸਾਨੂੰ ਆਪਣੀ ਗੋਦ ਵਿਚ ਲੈ ਕੇ ਬੜੇ ਪਿਆਰ ਨਾਲ ਕਹਿੰਦਾ ਹੈ: 'ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾਂ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ। ਅਤੇ ਪਰਮੇਸ਼ੁਰ ਦੀ ਸ਼ਾਂਤ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ। ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ'' (ਫ਼ਿਲਿੱਪੀਆਂ 4:6–8)।

ਫਿਰ ਖ਼ੁਦਾ ਸਾਡੀਆਂ ਅੱਖਾਂ ਵਿਚ ਝਾਕਦਾ ਹੈ ਅਤੇ ਆਖਦਾ ਹੈ, ਉਨ੍ਹਾਂ ਮੁਸ਼ਕਿਲਾਂ ਲਈ ਜਿਹੜੀਆਂ ਸਾਡੇ ਅੱਗੇ ਆਉਣਗੀਆਂ: ''ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ [ਤੇਰੀ] ਨਿਰਬਲਤਾਈ ਵਿਚ ਪੂਰੀ ਹੁੰਦੀ ਹੈ।''

ਸੋ ਅਸੀਂ ਸ਼ੁਕਰਗੁਜ਼ਾਰੀ ਅਤੇ ਭਰੋਸੇ ਨਾਲ ਜਵਾਬ ਦਿੰਦੇ ਹਾਂ ਕਿ ਅਸੀਂ ਉਨ੍ਹਾਂ ਚੁਣੌਤੀਆਂ ਲਈ ਸ਼ੁਕਰਗੁਜ਼ਾਰ ਹੋਵਾਂਗੇ ਕਿਉਂ ਜੋ ਉਹ ਅਜਿਹੇ ਮੌਕੇ ਹਨ ਜਿਨ੍ਹਾਂ ਨਾਲ ਸਾਨੂੰ ਮਸੀਹ, ਜੋ ਸਾਡਾ ਭਰਾ ਹੈ, ਸਾਨੂੰ ਸ਼ਕਤੀ ਦਿੰਦਾ ਹੈ। **''ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਇਆ ਕਰੇ। ਇਸ ਕਾਰਨ ਮੈਂ ਮਸੀਹ ਦੇ ਲਈ ਨਿਰਬਲਤਾਈਆਂ ਉੱਤੇ, ਮਿਹਣਿਆਂ ਉੱਤੇ, ਤੰਗੀਆਂ ਉੱਤੇ, ਸਤਾਏ ਜਾਣ ਉੱਤੇ, ਸੰਕਟਾਂ ਉੱਤੇ ਪਰਸੰਨ ਹਾਂ ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ''** (2 ਕੁਰਿੰਥੀਆਂ 12:9, 10)।

ਅਤੇ ਉਨ੍ਹਾਂ ਮੌਕਿਆਂ ਤੇ ਜਦ ਸ਼ੈਤਾਨ ਸਾਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦਾ ਹੈ, ਖ਼ੁਦਾ ਸਾਨੂੰ ਆਪਣੇ ਸੀਨੇ ਨਾਲ ਲਾ ਕੇ ਆਖਦਾ ਹੈ, **''ਭਲਾ, ਤੀਵੀਂ ਆਪਣੇ ਦੁੱਧ ਚੁੰਘਦੇ ਬੱਚੇ ਨੂੰ ਭੁਲਾ ਸਕਦੀ ਹੈ, ਭਈ ਉਹ ਆਪਣੇ ਢਿੱਡ ਦੇ ਬਾਲ ਉੱਤੇ ਰਹਿਮ ਨਾ ਕਰੇ? ਇਹ ਭਾਵੇਂ ਭੁੱਲ ਜਾਣ, ਪਰ ਮੈਂ ਨਹੀਂ ਭੁਲਾਂਗਾ। ਵੇਖ** [ਅਤੇ ਉਹ ਆਪਣੀ ਹਥੇਲੀ ਨੂੰ ਵਿਖਾਉਂਦਾ ਹੈ], **ਮੈਂ ਤੈਨੂੰ ਆਪਣੀਆਂ ਹਥੇਲੀਆਂ ਉੱਤੇ ਉੱਕਰ ਲਿਆ''** (ਯਸਾਯਾਹ 49:15, 16)।

ਫਿਰ ਉਹ ਮੈਨੂੰ ਹੇਠਾਂ ਉਤਾਰ ਕੇ ਆਪਣੇ ਕੰਮ ਤੇ ਭੇਜ ਦਿੰਦਾ ਹੈ ਕਿ ਜਦ ਮੈਂ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਸਭ ਤੋਂ ਖੂਬਸੂਰਤ ਗੀਤ ਸੁਣਨ ਨੂੰ ਮਿਲਦਾ ਹੈ! **‘‘ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿਚ ਹੈ, ਉਹ ਸਮਰੱਥੀ ਬਚਾਉਣ ਵਾਲਾ ਹੈ; ਉਹ ਅਨੰਦ ਨਾਲ ਤੇਰੇ ਉੱਤੇ ਖੁਸ਼ੀ ਕਰੇਗਾ, ਉਹ ਆਪਣਾ ਪ੍ਰੇਮ ਤਾਜ਼ਾ ਕਰੇਗਾ, ਉਹ ਤੇਰੇ ਕਾਰਣ ਜੈਕਾਰਿਆਂ ਨਾਲ ਨਿਹਾਲ ਹੋਵੇਗਾ’’** (ਸਫ਼ਨਯਾਹ 3: 17)।